Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 866, 7th to 13 Aug., 2025, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਦਾਖਲੇ ਲਈ ਵਿਦੇਸ਼ੀਆਂ ਨੂੰ ਭਰਨਾ ਹੋਵੇਗਾ 15000 ਡਾਲਰ ਦਾ ਬਾਂਡ!

■ ਸੈਲਾਨੀ ਜਾਂ ਕਾਰੋਬਾਰੀ ਵੀਜ਼ਾ 'ਤੇ ਅਮਰੀਕਾ ਆਉਣ ਵਾਲੇ ਵਿਦੇਸ਼ੀਆਂ 'ਤੇ ਲਾਗੂ ਹੋਵੇਗਾ ਨਵਾਂ ਨਿਯਮ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ 'ਚ ਰਾਸ਼ਟਰਪਤੀ ਡੋਨਲਡ ਟਰੰਪ ਦਾ ਪ੍ਰਸ਼ਾਸਨ ਪਾਇਲਟ ਪ੍ਰੋਗਰਾਮ ਲਾਗੂ ਕਰ ਰਿਹਾ ਹੈ, ਜਿਸ ਤਹਿਤ ਸੈਲਾਨੀ ਜਾਂ ਕਾਰੋਬਾਰੀ ਵੀਜ਼ਾ 'ਤੇ ਅਮਰੀਕਾ ਆਉਣ ਵਾਲੇ ਵਿਦੇਸ਼ੀ ਵਿਅਕਤੀਆਂ ਨੂੰ 15,000 ਅਮਰੀਕੀ ਡਾਲਰ ਤੱਕ ਦਾ ਬਾਂਡ ਭਰਨਾ ਪਵੇਗਾ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਆਪਣੇ ਵੀਜ਼ੇ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਦੇਸ਼ ਵਿਚ ਨਾ ਰੁਕਣ।

ਅਮਰੀਕੀ ਵਿਦੇਸ਼ ਵਿਭਾਗ ਨੇ ਅਸਥਾਈ ਅੰਤਿਮ ਨਿਯਮ ਜਾਰੀ ਕੀਤਾ ਹੈ, ਜਿਸ ਤਹਿਤ 12 ਮਹੀਨਿਆਂ ਦਾ ਵੀਜ਼ਾ ਬਾਂਡ ਪਾਇਲਟ ਪ੍ਰੋਗਰਾਮ ਸ਼ੁਰੂ ਕੀਤਾ ਜਾਵੇਗਾ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਸ ਪਾਇਲਟ ਪ੍ਰੋਗਰਾਮ ਤਹਿਤ ਕਾਰੋਬਾਰ ਜਾਂ ਸੈਰ-ਸਪਾਟੇ ਵਾਸਤੇ ਅਮਰੀਕਾ ਜਾਣ ਲਈ ਬੀ-1/ਬੀ-2 ਵੀਜ਼ਾ ਲਈ ਬਿਨੈ ਕਰਨ ਵਾਲੇ ਵਿਦੇਸ਼ੀਆਂ ਨੂੰ 15,000 ਅਮਰੀਕੀ ਡਾਲਰ ਤੱਕ ਦਾ ਬਾਂਡ ਭਰਨਾ ਪੈ ਸਕਦਾ ਹੈ। ਮੰਤਰਾਲੇ ਨੇ ਕਿਹਾ ਕਿ ਇਸ ਨਿਯਮ ਨੂੰ 'ਵੀਜ਼ੇ ਦੀ ਮਿਆਦ ਤੋਂ ਵੱਧ ਸਮੇਂ ਤੱਕ ਰੁਕਣ ਅਤੇ ਨਾਕਾਫੀ ਜਾਂਚ-ਪੜਤਾਲ ਤੋਂ ਪੈਦਾ ਹੋਣ ਵਾਲੇ ਸਪੱਸ਼ਟ ਕੌਮੀ ਖ਼ਤਰੇ ਕਾਰਨ ਅਮਰੀਕਾ ਦੀ ਰੱਖਿਆ ਲਈ ਟਰੰਪ ਪ੍ਰਸ਼ਾਸਨ ਦੀ ਵਿਦੇਸ਼ ਨੀਤੀ ਦਾ ਇਕ ਪ੍ਰਮੁੱਖ ਥੰਮ੍ਹ ਦੱਸਿਆ ਗਿਆ ਹੈ।

ਮੰਤਰਾਲੇ ਨੇ ਜਨਤਕ ਸੂਚਨਾ ਵਿਚ ਕਿਹਾ, "ਕਾਰੋਬਾਰ ਜਾਂ ਮੌਜ ਮਸਤੀ ਲਈ ਅਸਥਾਈ ਸੈਲਾਨੀ (ਬੀ-1/ਬੀ-2) ਵਜੋਂ ਵੀਜ਼ਾ ਲਈ ਬਿਨੈ ਕਰਨ ਵਾਲੇ ਵਿਅਕਤੀ ਅਤੇ ਮੰਤਰਾਲੇ ਵੱਲੋਂ ਪਛਾਣੇ ਗਏ ਅਜਿਹੇ ਵਿਦੇਸ਼ੀ ਨਾਗਰਿਕ, ਜਿਨ੍ਹਾਂ ਦਾ ਵੀਜ਼ਾ ਮਿਆਦ ਨਾਲੋਂ ਵਧੇਰੇ ਦਿਨਾਂ ਤੱਕ ਠਹਿਰਨ ਦਾ ਇਤਿਹਾਸ ਰਿਹਾ ਹੈ, ਜਾਂ ਨਿਵੇਸ਼ ਰਾਹੀਂ ਨਾਗਰਿਕਤਾ ਦੀ ਪੇਸ਼ਕਸ਼ ਕਰਨ ਵਾਲੇ ਵਿਅਕਤੀ ਅਤੇ ਅਜਿਹੇ ਵਿਦੇਸ਼ੀ, ਜਿਨ੍ਹਾਂ ਨੇ ਬਿਨਾ ਕਿਸੇ ਰਿਹਾਇਸ਼ੀ ਲੋੜ ਤੋਂ ਨਾਗਰਿਕਤਾ ਪ੍ਰਾਪਤ ਕੀਤੀ ਹੋਵੇ, ਉਹ ਇਸ ਪਾਇਲਟ ਪ੍ਰੋਗਰਾਮ ਅਧੀਨ ਹੋ ਸਕਦੇ ਹਨ।"

■ ਬਾਕੀ ਖਬਰ ਸਫਾ 18 'ਤੇ

### ਸ਼ਹੀਦੀ ਸਮਾਗਮ 'ਚ ਮਰਿਆਦਾ ਦੀ ਉਲੰਘਣਾ ਦਾ ਮਾਮਲਾ

## ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਹਰਜੋਤ ਬੈਂਸ ਤਨਖਾਹੀਆ ਕਰਾਰ




ਸਿੰਘ ਸਾਹਿਬਾਨ ਅਕਾਲ ਤਖ਼ਤ ਸਕੱਤਰੇਤ ਵਿਚ ਪੇਸ਼ ਹੋਏ ਕੈਬਨਿਟ ਮੰਤਰੀ ਹਰਜੋਤ ਬੈਂਸ ਨੂੰ ਸਵਾਲ ਕਰਦੇ ਹੋਏ।

ਅੰਮ੍ਰਿਤਸਰ, (ਪੰਜਾਬ ਮੇਲ)- ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਕੈਬਨਿਟ ਦੇ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਸ੍ਰੀਨਗਰ ਵਿਖੇ ਸ਼ਹੀਦੀ ਸਮਾਗਮ ਦੌਰਾਨ ਮਰਿਆਦਾ ਦੀ ਉਲੰਘਣਾ ਦੇ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਗਿਆ ਸੀ। ਇਸ ਮੌਕੇ ਹਰਜੋਤ ਬੈਂਸ ਤੋਂ ਸਪੱਸ਼ਟੀਕਰਨ ਲੈਣ ਤੋਂ ਬਾਅਦ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਾਹਮਣੇ ਆਏ ਤੱਥਾਂ ਤੋਂ ਸਪੱਸ਼ਟ ਹੋਇਆ ਹੈ ਕਿ ਉਕਤ ਸਮਾਗਮ ਦੌਰਾਨ ਸਿੱਖ ਮਰਿਆਦਾਂ ਦੀ ਉਲੰਘਣਾ ਹੋਈ ਹੈ। ਹਰਜੋਤ ਸਿੰਘ ਨੇ ਗਲਤੀ ਮੰਨ ਲਈ ਤੇ ਫ਼ਿਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਨ੍ਹਾਂ ਨੂੰ ਧਾਰਮਿਕ ਸਜ਼ਾ ਲਗਾਈ ਗਈ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੁਣਾਈ ਗਈ ਧਾਰਮਿਕ ਸਜ਼ਾ ਮੁਤਾਬਕ ਹਰਜੋਤ ਸਿੰਘ ਬੈਂਸ ਨੌਂਵੇਂ ਪਾਤਸ਼ਾਹ ਦੇ ਜਨਮ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਤੁਰ ਕੇ ਜਾਣਗੇ। ਇਸ ਅਸਥਾਨ ਨੂੰ ਜਾਂਦੇ ਰਸਤਿਆਂ ਤੇ ਗਲੀਆਂ ਨੂੰ ਆਉਣ ਵਾਲੇ ਸਮੇਂ ਵਿਚ ਠੀਕ ਕਰਵਾਉਣਗੇ। ਇਸ ਤੋਂ ਬਾਅਦ ਗੁਰਦੁਆਰਾ ਕੋਠਾ ਸਾਹਿਬ ਵਿਖੇ 100 ਮੀਟਰ ਤੁਰ ਕੇ ਜਾਣਗੇ। ਇਸ ਗੁਰੂ ਘਰ ਨੂੰ ਜਾਣ ਵਾਲੇ ਰਸਤੇ ਦੀ ਹਾਲਤ ਨੂੰ ਸੁਧਾਰਨ ਲਈ ਕਾਰਜ ਕਰਨਗੇ। ਇਸ ਉਪਰੰਤ ਉਹ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਜਾਣਗੇ।

■ ਬਾਕੀ ਖਬਰ ਸਫਾ 18 'ਤੇ

## ਡਾ. ਐੱਸ.ਪੀ. ਸਿੰਘ ਓਬਰਾਏ ਨੌਰਥ ਅਮਰੀਕਾ ਦੌਰੇ ਦੌਰਾਨ ਕੈਲੀਫੋਰਨੀਆ ਪਹੁੰਚੇ

■ ਸੈਕਰਾਮੈਂਟੋ ਤੇ ਫੇਅਰਫੀਲਡ ਵਿਖੇ ਹੋਏ ਪ੍ਰਭਾਵਸ਼ਾਲੀ ਸਮਾਗਮ



ਸੈਕਰਾਮੈਂਟੋ, (ਪੰਜਾਬ ਮੇਲ)- ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ.ਪੀ. ਸਿੰਘ ਓਬਰਾਏ ਆਪਣੇ ਨੌਰਥ ਅਮਰੀਕਾ ਦੇ ਦੌਰੇ ਦੌਰਾਨ ਕੈਲੀਫੋਰਨੀਆ ਪਹੁੰਚੇ। ਕੈਲੀਫੋਰਨੀਆ ਦੇ ਸੈਕਰਾਮੈਂਟੋ ਅਤੇ ਫੇਅਰਫੀਲਡ ਵਿਖੇ ਵੱਖ-ਵੱਖ ਪ੍ਰਭਾਵਸ਼ਾਲੀ ਸਮਾਗਮ ਹੋਏ, ਜਿਥੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਸਮਾਗਮ ਦੌਰਾਨ ਸਥਾਨਕ ਆਗੂਆਂ ਅਤੇ ਲੋਕਾਂ ਨੇ ਡਾ. ਓਬਰਾਏ ਦੇ ਸਮਾਜ ਪ੍ਰਤੀ ਕੰਮਾਂ ਦੀ ਸ਼ਲਾਘਾ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਵੱਖ-ਵੱਖ ਸ਼ਖਸੀਅਤਾਂ ਨਾਲ ਵੀ ਮੁਲਾਕਾਤਾਂ ਕੀਤੀਆਂ।

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਕੈਲੀਫੋਰਨੀਆ ਦੇ ਪ੍ਰਧਾਨ ਗੁਰਜਤਿੰਦਰ ਸਿੰਘ ਰੰਧਾਵਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਨ੍ਹਾਂ ਸਮਾਗਮਾਂ ਵਿਚ ਡਾ. ਓਬਰਾਏ ਨੂੰ ਮਿਲਣ ਲਈ ਕੈਲੀਫੋਰਨੀਆ ਦੀਆਂ ਉੱਚ ਸ਼ਖਸੀਅਤਾਂ ਪਹੁੰਚੀਆਂ ਹੋਈਆਂ ਸਨ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾ ਡਾ. ਐੱਸ.ਪੀ. ਸਿੰਘ ਓਬਰਾਏ ਸ਼ਿਕਾਗੋ ਅਤੇ ਐਡਮਿੰਟਨ ਵਿਖੇ ਪਹੁੰਚੇ ਸਨ, ਜਿੱਥੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਕੈਲੀਫੋਰਨੀਆ ਤੋਂ ਬਾਅਦ ਉਹ ਸਿਆਟਲ, ਵੈਨਕੂਵਰ, ਨਿਊਯਾਰਕ, ਨਿਊਜਰਸੀ, ਵਾਸ਼ਿੰਗਟਨ ਡੀ.ਸੀ. ਆਦਿ ਥਾਂਵਾਂ 'ਤੇ ਵੀ ਪਹੁੰਚਣਗੇ।

## ਅਮਰੀਕਾ ਵੱਲੋਂ ਭਾਰਤੀ ਵਿਦਿਆਰਥੀਆਂ ਲਈ ਨਵੀਂ ਚੇਤਾਵਨੀ ਜਾਰੀ

■ ਬਿਨਾਂ ਦੱਸੇ ਕਲਾਸਾਂ ਛੱਡਣ ਜਾਂ ਅਕਾਦਮਿਕ ਪ੍ਰੋਗਰਾਮ ਛੱਡਣ 'ਤੇ ਰੱਦ ਕੀਤਾ ਜਾ ਸਕਦੈ ਵੀਜ਼ਾ



ਵਾਸ਼ਿੰਗਟਨ, (ਪੰਜਾਬ ਮੇਲ)-ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਇਮੀਗ੍ਰੇਸ਼ਨ ਨੀਤੀ ਨੂੰ ਸਖ਼ਤ ਕਰਦੇ ਜਾ ਰਹੇ ਹਨ। ਹਾਲ ਹੀ ਵਿਚ ਅਮਰੀਕੀ ਦੂਤਘਰ ਨੇ ਭਾਰਤੀ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਖ਼ਤ ਚੇਤਾਵਨੀ ਜਾਰੀ ਕੀਤੀ ਹੈ। ਚੇਤਾਵਨੀ ਮੁਤਾਬਕ ਜੇਕਰ ਵਿਦਿਆਰਥੀ ਆਪਣੀਆਂ ਸੰਸਥਾਵਾਂ ਨੂੰ ਸੂਚਿਤ ਕੀਤੇ ਬਿਨਾਂ ਕਲਾਸਾਂ ਛੱਡ ਦਿੰਦੇ ਹਨ ਜਾਂ ਆਪਣੇ ਅਕਾਦਮਿਕ ਪ੍ਰੋਗਰਾਮ ਛੱਡ ਦਿੰਦੇ ਹਨ, ਤਾਂ ਉਨ੍ਹਾਂ ਦਾ ਵਿਦਿਆਰਥੀ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ। ਇਹ ਚੇਤਾਵਨੀ ਉਨ੍ਹਾਂ ਵਿਦਿਆਰਥੀਆਂ ਲਈ ਹੈ, ਜੋ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਅਮਰੀਕਾ ਵਿਚ ਹਨ। ਦੂਤਘਰ ਨੇ ਇਹ ਵੀ ਕਿਹਾ ਹੈ ਕਿ ਵੀਜ਼ਾ ਇੱਕ ਵਿਸ਼ੇਸ਼ ਅਧਿਕਾਰ ਹੈ, ਅਧਿਕਾਰ ਨਹੀਂ ਅਤੇ ਜੇਕਰ ਕਾਨੂੰਨ ਤੋੜਿਆ ਜਾਂਦਾ ਹੈ ਤਾਂ ਇਸਨੂੰ ਰੱਦ ਕੀਤਾ ਜਾ ਸਕਦਾ ਹੈ। ਅਮਰੀਕੀ ਦੂਤਘਰ ਨੇ ਸੋਸ਼ਲ ਮੀਡੀਆ 'ਤੇ ਇੱਕ ਸਲਾਹ ਜਾਰੀ ਕਰਦਿਆਂ ਵਿਦਿਆਰਥੀਆਂ ਨੂੰ ਵੀਜ਼ਾ ਨਿਯਮਾਂ ਦੀ ਪਾਲਣਾ ਕਰਨ ਲਈ ਕਿਹਾ ਹੈ।

■ ਬਾਕੀ ਖਬਰ ਸਫਾ 18 'ਤੇ

## ਟਰੰਪ ਵੱਲੋਂ ਭਾਰਤ 'ਤੇ ਮੋਟਾ ਟੈਰਿਫ ਲਾਉਣ ਦੀ ਧਮਕੀ

■ ਰੂਸ ਦੀ ਨਜ਼ਦੀਕੀ ਤੋਂ ਚਿੜੇ ਟਰੰਪ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਨੂੰ ਲਗਾਤਾਰ ਦੂਜੀ ਧਮਕੀ ਦਿੱਤੀ ਹੈ। ਟਰੰਪ ਨੇ ਮੰਗਲਵਾਰ ਨੂੰ ਕਿਹਾ ਕਿ ਭਾਰਤ ਇੱਕ ਚੰਗਾ ਵਪਾਰਕ ਭਾਈਵਾਲ ਨਹੀਂ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਲਗਾਤਾਰ ਰੂਸੀ ਤੇਲ ਖਰੀਦ ਰਿਹਾ ਹੈ। ਜੇਕਰ ਭਾਰਤ ਇਸਨੂੰ ਤੁਰੰਤ ਨਹੀਂ ਰੋਕਦਾ ਹੈ, ਤਾਂ ਉਹ ਭਾਰਤ ਤੋਂ ਆਯਾਤ ਕੀਤੇ ਜਾਣ ਵਾਲੇ ਸਮਾਨ 'ਤੇ ਮੌਜੂਦਾ 25 ਫੀਸਦੀ ਦਰ ਨੂੰ ਹੋਰ ਵਧਾ ਦੇਵੇਗਾ। ਟਰੰਪ ਨੇ ਇੱਕ ਇੰਟਰਵਿਊ ਵਿਚ ਕਿਹਾ ਕਿ ਉਹ ਯੁੱਧ ਮਸ਼ੀਨ ਨੂੰ ਫਿਊਲ ਦੇਣ ਦਾ ਕੰਮ ਕਰ ਰਹੇ ਹਨ। ਜੇਕਰ ਉਹ ਅਜਿਹਾ ਕਰਨ ਜਾ ਰਹੇ ਹਨ, ਤਾਂ ਮੈਂ ਖੁਸ਼ ਨਹੀਂ ਹੋਵਾਂਗਾ। ਉਨ੍ਹਾਂ ਕਿਹਾ ਕਿ ਭਾਰਤ ਨਾਲ ਮੁੱਖ ਸਮੱਸਿਆ ਇਹ ਹੈ ਕਿ ਇਸਦੀਆਂ ਡਿਊਟੀਆਂ ਬਹੁਤ ਜ਼ਿਆਦਾ ਹਨ। ਇਹ ਟਰੰਪ ਵੱਲੋਂ ਭਾਰਤ 'ਤੇ ਅਮਰੀਕੀ ਡਿਊਟੀਆਂ ਨੂੰ "ਕਾਫ਼ੀ ਹੱਦ ਤੱਕ" ਵਧਾਉਣ ਦੇ ਐਲਾਨ ਤੋਂ ਇੱਕ ਦਿਨ ਬਾਅਦ ਆਇਆ ਹੈ। ਉਨ੍ਹਾਂ ਨੇ ਭਾਰਤ 'ਤੇ ਭਾਰੀ ਮਾਤਰਾ ਵਿਚ ਰੂਸੀ ਤੇਲ ਖਰੀਦਣ ਅਤੇ ਇਸਨੂੰ ਭਾਰੀ ਮੁਨਾਫ਼ੇ 'ਤੇ ਵੇਚਣ ਦਾ ਦੋਸ਼ ਲਗਾਇਆ ਹੈ।

ਭਾਰਤ ਨੇ ਅਮਰੀਕਾ ਅਤੇ ਯੂਰਪੀਅਨ ਯੂਨੀਅਨ ਦੀ ਤਿੱਖੀ ਆਲੋਚਨਾ ਕਰਦੇ ਹੋਏ ਕਿਹਾ ਹੈ ਕਿ ਉਹ ਰੂਸੀ ਤੇਲ ਦੀ ਖਰੀਦਦਾਰੀ ਨੂੰ ਲੈ ਕੇ ਉਸਨੂੰ ਗਲਤ ਢੰਗ ਨਾਲ ਨਿਸ਼ਾਨਾ ਬਣਾ ਰਹੇ ਹਨ, ਭਾਵੇਂ ਕਿ ਦੋਵੇਂ ਦੇਸ਼ ਯੂਕਰੇਨ ਵਿਚ ਜੰਗ ਦੇ ਬਾਵਜੂਦ ਮਾਸਕੋ ਨਾਲ ਵਿਆਪਕ ਤੌਰ 'ਤੇ ਵਪਾਰ ਕਰਦੇ ਹਨ। ਏਕਤਾ ਦੇ ਇੱਕ ਦੁਰਲੱਭ ਪ੍ਰਦਰਸ਼ਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਮੁੱਖ ਵਿਰੋਧੀ ਕਾਂਗਰਸ ਨੇ ਮੰਗਲਵਾਰ ਨੂੰ ਟਰੰਪ ਦੀ ਨਵੀਂ ਦਿੱਲੀ ਦੀ ਵਾਰ-ਵਾਰ ਆਲੋਚਨਾ ਦੀ ਨਿੰਦਾ ਕੀਤੀ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਸੋਮਵਾਰ ਦੇਰ ਰਾਤ ਇੱਕ ਬਿਆਨ ਵਿਚ ਕਿਹਾ ਕਿ ਇਹ ਸਪੱਸ਼ਟ ਹੁੰਦਾ ਜਾ ਰਿਹਾ ਹੈ ਕਿ ਭਾਰਤ ਦੀ ਆਲੋਚਨਾ ਕਰਨ ਵਾਲੇ ਦੇਸ਼ ਖੁਦ ਰੂਸ ਨਾਲ ਵਪਾਰ ਵਿਚ ਰੁੱਝੇ ਹੋਏ ਹਨ।

## ਟਰੰਪ ਵੱਲੋਂ ਇਕ ਵਾਰ ਫਿਰ ਵੀਜ਼ਾ ਨਿਯਮਾਂ 'ਚ ਬਦਲਾਅ

■ ਵਿਆਹੁਤਾ ਜੋੜਿਆਂ ਲਈ ਗ੍ਰੀਨ ਕਾਰਡ ਜਾਰੀ ਕਰਨ ਦੇ ਨਿਯਮਾਂ 'ਚ ਕੀਤੀ ਸਖ਼ਤੀ




ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਵੀਜ਼ਾ ਨਿਯਮਾਂ ਵਿਚ ਬਦਲਾਅ ਕੀਤਾ ਹੈ। ਵਿਆਹੁਤਾ ਜੋੜਿਆਂ ਲਈ ਗ੍ਰੀਨ ਕਾਰਡ ਜਾਰੀ ਕਰਨ ਦੇ ਨਿਯਮ ਸਖ਼ਤ ਕਰ ਦਿੱਤੇ ਹਨ। ਯੂਨਾਈਟਿਡ ਸਟੇਟਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਪਰਿਵਾਰਕ ਇਮੀਗ੍ਰੈਂਟ ਵੀਜ਼ਾ ਅਰਜ਼ੀਆਂ, ਖਾਸ ਕਰਕੇ ਵਿਆਹੇ ਗ੍ਰੀਨ ਕਾਰਡ ਧਾਰਕਾਂ ਲਈ ਤਸਦੀਕ ਪ੍ਰਕਿਰਿਆ ਨੂੰ ਸਖ਼ਤ ਕਰਨ ਲਈ ਨਵੇਂ ਨਿਯਮ ਜਾਰੀ ਕੀਤੇ ਹਨ।

ਇਹ ਨਿਯਮ ਧੋਖਾਧੜੀ ਵਾਲੀਆਂ ਅਰਜ਼ੀਆਂ, ਦੇਸ਼ 'ਚ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਵਿਚ ਮਦਦ ਕਰੇਗਾ ਅਤੇ ਇਹ ਯਕੀਨੀ ਬਣਾਏਗਾ ਕਿ ਸਿਰਫ਼ ਅਸਲੀ ਵਿਆਹੇ ਜੋੜਿਆਂ ਨੂੰ ਹੀ ਗ੍ਰੀਨ ਕਾਰਡਾਂ ਲਈ ਪ੍ਰਵਾਨਗੀ ਦਿੱਤੀ ਜਾਵੇ। ਇਹ ਨਵੇਂ ਦਿਸ਼ਾ-ਨਿਰਦੇਸ਼ ਬੀਤੇਂ ਦਿਨੀ 1 ਅਗਸਤ ਨੂੰ ਯੂ.ਐੱਸ.ਸੀ.ਆਈ.ਐੱਸ. ਦੇ ਮੈਨੂਅਲ ਵਿਚ ਲਾਗੂ ਕੀਤੇ ਗਏ ਹਨ। ਇਹ ਨਿਯਮ ਮੌਜੂਦਾ ਵਿਚਾਰ ਅਧੀਨ ਅਰਜ਼ੀਆਂ ਦੇ ਨਾਲ-ਨਾਲ ਨਵੀਆਂ ਅਰਜ਼ੀਆਂ 'ਤੇ ਵੀ ਲਾਗੂ ਹੁੰਦੇ ਹਨ। ਨਵੇਂ ਨਿਯਮ ਤਹਿਤ ਧੋਖਾਧੜੀ ਵਾਲੀਆਂ ਜਾਂ ਅਯੋਗ ਅਰਜ਼ੀਆਂ 'ਤੇ ਸਖ਼ਤ ਕਾਰਵਾਈ ਹੋਵੇਗੀ। ਇਸ ਵਿਚ ਮਾੜੇ ਇਰਾਦਿਆਂ ਵਾਲੇ ਪ੍ਰਵਾਸੀਆਂ ਦੀ ਪਛਾਣ ਕਰਕੇ ਅਤੇ ਉਨ੍ਹਾਂ ਨੂੰ ਅਮਰੀਕਾ ਤੋਂ ਬਾਹਰ ਕੱਢਣ ਲਈ ਕਦਮ ਚੁੱਕ ਕੇ ਅਮਰੀਕੀਆਂ ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਨਾਲ ਹੀ ਪਰਿਵਾਰਕ ਵੀਜ਼ਾ ਅਰਜ਼ੀਆਂ ਲਈ ਯੋਗਤਾ ਤਸਦੀਕ, ਸਮੀਖਿਆ ਅਤੇ ਪ੍ਰਵਾਨਗੀ ਪ੍ਰਕਿਰਿਆਵਾਂ ਵਿਚ ਸੁਧਾਰ ਕੀਤਾ ਜਾਵੇਗਾ। ਇਕ ਅਸਲੀ ਵਿਆਹ ਦੇ ਸਬੂਤ ਲਈ ਸਹੀ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ।

■ ਬਾਕੀ ਖਬਰ ਸਫਾ 18 'ਤੇ

# International Punjabi Culture Academy (Non Profit)

(Non Profit Tax Deductive (IRC) section 501 (c) (3) # 82-1268411)

Free Entry

Only For Ladies

## 17th Annual Women Festival



## Tiyaan Teej Diyan

## ਤੀਆਂ ਤੀਜ ਦੀਆਂ

**August 9th, Saturday, 2025**
(2.00pm to 6.00 pm)

ਐਲਕ ਗਰੋਵ ਪਾਰਕ ਵਿਚ
9 ਅਗਸਤ 2025
ਦਿਨ ਸ਼ਨੀਵਾਰ
(ਦੁਪਿਹਰ 2.00 ਤੋਂ ਸ਼ਾਮ 6.00 ਵਜੇ ਤੱਕ)

**August 9th, Saturday, 2025 (2.00pm to 6.00 pm)**
**at Elk Grove Regional Park**

Attractions : Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.



ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ

Designed By Punjab Mail USA

*Team Enter and Information*

**916-240-6969, 916-753-5933, 916-897-4414**

ਛਬੀਲ
Satvir Singh Bajwa
Parmjit Kaur Bajwa

Elk Grove Regional Park, 9950 Elk Grove Florin Rd, Elk Grove CA 95624

TV Coverage by PUNJAB MAIL USA TV Channel

Sponsor FIVE STAR BANK

**Sponsors :** Lakhwinder Kaur (Five Star Bank), Gurjatinder Singh Randhawa (Realtor), Punjab Mail USA (TV and Newspaper), Gulinder and Parneet Gill (Dennys), Gurmeet Singh and Harjinder Waraich, Randhir Singh Dhira Nijjar (Camp Logistics), Bhupinder and Candy Sanghera (Chevron), Parminder Singh and Kamal Atwal (Trucking), Bakhsho Kaur Visla (LA Merchant, Yuba City), Gurbir Singh Eldy and Sonia Randhwa (Chevrons), Jasbir Singh and Rajwant Rosy Sandhu Roseville, Johny Bagga (Bagga Jewelers, Sacramento), Parm Takhar (Yuba City Teeyan)


CALIFORNIA KABADDI
FEDERATION OF USA
ਉੱਘੇ ਕਬੱਡੀ ਖਿਡਾਰੀ
ਬਲਜੀਤ ਬਾਸੀ
ਨੂੰ ਕੈਲੀਫੋਰਨੀਆ ਕਬੱਡੀ
ਫੈਡਰੇਸ਼ਨ ਆਫ ਅਮਰੀਕਾ ਦਾ
ਮੀਤ ਪ੍ਰਧਾਨ ਚੁਣੇ ਜਾਣ 'ਤੇ
ਚੜ੍ਹਦਾ ਪੰਜਾਬ ਕਲੱਬ, ਸੈਕਰਾਮੈਂਟੋ
ਵੱਲੋਂ ਲੱਖ-ਲੱਖ ਵਧਾਈ।
Baljit Bassi
Designed By Punjab Mail USA
JASWINDER SHERGILL
PARMJIT KHAIRA
BALJIT BASSI
JASWINDER RAI
BUTTA SIDHU
MALAGHAR KHAIRA
RAVINDER JOHAL
JASVIR CHEEMA
PAVITTER CHEEMA
BALWINDER VIRK
MAKHAN JHATU
SURJIT CHEEMA
PARMINDER DHURA
SUKHWINDER BATH
KULVIR CHAUHAN
KULJIT SIDHU
HARJINDER BAJWA
BINDER DEWIT
SUNNY SAJJAN
SHIV HEERA
LUCKY ATHWAL
HARDEEP BASSI
DALBIR GILL
SEWA SIDHU
DILBAGH ATHWAL
BALJIT KHELA
BALRAJ RANDHAWA
ਚੜ੍ਹਦਾ ਪੰਜਾਬ ਕਲੱਬ, ਸੈਕਰਾਮੈਂਟੋ

ਪੰਜਾਬ ਮੇਲ USA


Direct Access to Your Banker
FIVE STAR BANK PROUDLY SUPPORTS THE INTERNATIONAL PUNJABI CULTURE ACADEMY!
FIVE STAR BANK
How can we help you?
LAKHWINDER KAUR
SVP / Sacramento Valley Market President
lkaur@fivestarbank.com | 916-627-8297
fivestarbank.com
EQUAL HOUSING LENDER
Member FDIC




*Space sponsored by*

RE/MAX

**Gurjatinder S. Randhawa**
(REALTOR) CA DRE licence # 01490567

RE/MAX Outstanding Agents Outstanding Results

**916-320-9444**

# ਨਿੱਕੀ ਹੇਲੀ ਵੱਲੋਂ ਟਰੰਪ ਦੇ ਭਾਰਤ ’ਤੇ ਭਾਰੀ ਟੈਰਿਫ ਦੇ ਪ੍ਰਸਤਾਵ ਦੀ ਸਖਤ ਆਲੋਚਨਾ

**■ ਕਿਹਾ: ਭਾਰਤ ਵਰਗੇ ਮਜ਼ਬੂਤ ਸਹਿਯੋਗੀ ਨਾਲ ਰਿਸ਼ਤੇ ਨਾ ਵਿਗਾੜੋ...’**



ਵਾਸ਼ਿੰਗਟਨ, (ਪੰਜਾਬ ਮੇਲ)- ਸੰਯੁਕਤ ਰਾਸ਼ਟਰ ਵਿਚ ਅਮਰੀਕਾ ਦੀ ਸਾਬਕਾ ਰਾਜਦੂਤ ਨਿੱਕੀ ਹੇਲੀ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸਤਾਵ ਦੀ ਸਖ਼ਤ ਆਲੋਚਨਾ ਕੀਤੀ ਹੈ, ਜਿਸ ਵਿਚ ਉਨ੍ਹਾਂ ਨੇ ਭਾਰਤੀ ਸਾਮਾਨਾਂ ’ਤੇ ਭਾਰੀ ਟੈਰਿਫ ਲਗਾਉਣ ਦੀ ਗੱਲ ਕੀਤੀ ਸੀ। ਹੇਲੀ ਨੇ ਚਿਤਾਵਨੀ ਦਿੱਤੀ ਕਿ ਇਹ ਕਦਮ ਭਾਰਤ-ਅਮਰੀਕਾ ਸਬੰਧਾਂ ਨੂੰ ਖਰਾਬ ਕਰ ਸਕਦਾ ਹੈ, ਜੋ ਇਸ ਸਮੇਂ ਬਹੁਤ ਮਹੱਤਵਪੂਰਨ ਮੋੜ ’ਤੇ ਹਨ। ਉਨ੍ਹਾਂ ਟਰੰਪ ਨੂੰ ਚਿਤਾਵਨੀ ਦਿੱਤੀ ਕਿ ਉਹ ਚੀਨ ਵਰਗੇ ਦੁਸ਼ਮਣ ਦੇਸ਼ ਨੂੰ ਰਿਆਇਤਾਂ ਨਾ ਦੇਣ ਅਤੇ ਭਾਰਤ ਵਰਗੇ ਸਹਿਯੋਗੀ ਨਾਲ ਸਬੰਧ ਨਾ ਵਿਗਾੜੇ। ਹੇਲੀ ਨੇ ਟਰੰਪ ਪ੍ਰਸ਼ਾਸਨ ’ਤੇ ਦੋਹਰਾ ਮਾਪਦੰਡ ਅਪਣਾਉਣ ਦਾ ਵੀ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਚੀਨ ਨਾਲ ਵਪਾਰ ਲਈ 90 ਦਿਨਾਂ ਦੀ ਟੈਰਿਫ ਛੋਟ ਦਿੱਤੀ ਹੈ, ਜਦੋਂਕਿ ਭਾਰਤ ’ਤੇ ਸਖ਼ਤੀ ਦਿਖਾਈ ਜਾ ਰਹੀ ਹੈ।

ਹੇਲੀ ਨੇ ਐਕਸ (ਪਹਿਲਾਂ ਟਵਿੱਟਰ) ’ਤੇ ਲਿਖਿਆ, “ਭਾਰਤ ਨੂੰ ਰੂਸ ਤੋਂ ਤੇਲ ਨਹੀਂ ਖਰੀਦਣਾ ਚਾਹੀਦਾ, ਪਰ ਚੀਨ, ਜੋ ਸਾਡਾ ਦੁਸ਼ਮਣ ਹੈ ਅਤੇ ਰੂਸ ਅਤੇ ਈਰਾਨ ਦਾ ਸਭ ਤੋਂ ਵੱਡਾ ਤੇਲ ਖਰੀਦਦਾਰ ਵੀ ਹੈ, ਨੂੰ 90 ਦਿਨਾਂ ਦੀ ਟੈਰਿਫ ਛੋਟ ਮਿਲੀ ਹੈ। ਚੀਨ ਨੂੰ ਰਿਆਇਤਾਂ ਨਾ ਦਿਓ ਅਤੇ ਭਾਰਤ ਵਰਗੇ ਮਜ਼ਬੂਤ ਸਹਿਯੋਗੀ ਨਾਲ ਸਬੰਧ ਨਾ ਵਿਗਾੜੋ।” ਨਿੱਕੀ ਹੇਲੀ ਲੰਬੇ ਸਮੇਂ ਤੋਂ ਭਾਰਤ ਅਤੇ ਅਮਰੀਕਾ ਵਿਚਕਾਰ ਮਜ਼ਬੂਤ ਸਬੰਧਾਂ ਦੇ ਹੱਕ ਵਿਚ ਰਹੀ ਹੈ। ਉਸਦਾ ਮੰਨਣਾ ਹੈ ਕਿ ਚੀਨ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਭਾਰਤ ਵਰਗੇ ਲੋਕਤੰਤਰੀ ਦੇਸ਼ਾਂ ਨਾਲ ਮਜ਼ਬੂਤ ਭਾਈਵਾਲੀ ਜ਼ਰੂਰੀ ਹੈ।

ਉਸ ਦੀਆਂ ਟਿੱਪਣੀਆਂ ਉਸ ਸਮੇਂ ਆਈਆਂ, ਜਦੋਂ ਟਰੰਪ ਨੇ ਇੱਕ ਇੰਟਰਵਿਊ ਵਿਚ ਕਿਹਾ ਸੀ ਕਿ ਉਹ ਭਾਰਤੀ ਸਾਮਾਨਾਂ ’ਤੇ ਟੈਰਿਫ ਵਿਚ ਬਹੁਤ ਵਾਧਾ ਕਰਨਗੇ, ਜੋ ਕਿ 1 ਅਗਸਤ ਤੋਂ ਲਾਗੂ ਕੀਤਾ ਗਿਆ ਹੈ, 25% ਦਾ ਵਾਧਾ ਕਰਨਗੇ। ਟਰੰਪ ਨੇ ਭਾਰਤ ਵੱਲੋਂ ਰੂਸੀ ਤੇਲ ਖਰੀਦਣ ਸਬੰਧੀ ਇਹ ਫੈਸਲਾ ਲਿਆ ਹੈ ਅਤੇ ਕਿਹਾ ਹੈ ਕਿ ਇਹ “ਜੰਗੀ ਮਸ਼ੀਨ ਨੂੰ ਬਾਲਣ” ਹੈ।

ਟਰੰਪ ਨੇ ਇੰਟਰਵਿਊ ਵਿਚ ਕਿਹਾ, “ਭਾਰਤ ਦੇ ਟੈਰਿਫ ਦੁਨੀਆਂ ਵਿਚ ਸਭ ਤੋਂ ਵੱਧ ਹਨ। ਉਹ ਸਾਡੇ ਨਾਲ ਬਹੁਤ ਵਪਾਰ ਕਰਦੇ ਹਨ, ਪਰ ਅਸੀਂ ਉਨ੍ਹਾਂ ਨਾਲ ਬਹੁਤ ਘੱਟ ਵਪਾਰ ਕਰਦੇ ਹਾਂ। ਅਸੀਂ 25% ਟੈਰਿਫ ’ਤੇ ਸਹਿਮਤ ਹੋਏ ਸੀ, ਪਰ ਹੁਣ ਮੈਂ ਇਸ ਨੂੰ ਬਹੁਤ ਵਧਾਉਣ ਜਾ ਰਿਹਾ ਹਾਂ ਕਿਉਂਕਿ ਉਹ ਰੂਸੀ ਤੇਲ ਖਰੀਦ ਰਹੇ ਹਨ।” ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਭਾਰਤ ਨੇ ਇੱਕ ਨਵੇਂ ਸਮਝੌਤੇ ਵਿਚ ਅਮਰੀਕੀ ਸਾਮਾਨਾਂ ’ਤੇ ਟੈਰਿਫ ਨੂੰ ਜ਼ੀਰੋ ਕਰਨ ਦਾ ਪ੍ਰਸਤਾਵ ਰੱਖਿਆ ਸੀ, ਪਰ ਉਸਨੇ ਇਸ ਨੂੰ ਨਾਕਾਫ਼ੀ ਕਿਹਾ। ਟਰੰਪ ਨੇ ਕਿਹਾ, “ਜੇਕਰ ਉਹ ਇੱਕ ਅਜਿਹੀ ਜੰਗ ਨੂੰ ਫੰਡ ਦੇ ਰਹੇ ਹਨ, ਜਿਸਦਾ ਅਸੀਂ ਵਿਰੋਧ ਕਰਦੇ ਹਾਂ ਤਾਂ ਜ਼ੀਰੋ ਟੈਰਿਫ ਕਾਫ਼ੀ ਨਹੀਂ ਹਨ।”

ਦੱਸਣਯੋਗ ਹੈ ਕਿ ਭਾਰਤ ਨੇ ਵਾਰ-ਵਾਰ ਆਪਣੀ ਊਰਜਾ ਨੀਤੀ ਦਾ ਬਚਾਅ ਕੀਤਾ ਹੈ। ਭਾਰਤ ਕਹਿੰਦਾ ਹੈ ਕਿ ਉਹ ਆਪਣੇ ਰਾਸ਼ਟਰੀ ਹਿੱਤ ਅਤੇ ਕਿਫਾਇਤੀ ਕੀਮਤਾਂ ਨੂੰ ਧਿਆਨ ਵਿਚ ਰੱਖ ਕੇ ਤੇਲ ਖਰੀਦਦਾ ਹੈ। ਵਿਦੇਸ਼ ਮੰਤਰਾਲੇ ਨੇ ਇਹ ਵੀ ਕਿਹਾ ਹੈ ਕਿ ਅਮਰੀਕਾ ਅਤੇ ਯੂਰਪੀ ਦੇਸ਼ ਖੁਦ ਰੂਸ ਨਾਲ ਵਪਾਰ ਅਤੇ ਊਰਜਾ ਸਬੰਧ ਬਣਾਈ ਰੱਖਦੇ ਹਨ, ਇਸ ਦੇ ਬਾਵਜੂਦ ਉਹ ਦੂਜਿਆਂ ਦੀ ਆਲੋਚਨਾ ਕਰਦੇ ਹਨ।

# ਕੈਨੇਡਾ ਵੱਲੋਂ ਜੈੱਫ ਡੇਵਿਡ ਨੂੰ ਮੁੰਬਈ ’ਚ ਕੌਂਸਲ ਜਨਰਲ ਨਿਯੁਕਤ

ਓਟਵਾ, (ਪੰਜਾਬ ਮੇਲ)- ਕੈਨੇਡਾ ਨੇ ਜੈੱਫ ਡੇਵਿਡ ਨੂੰ ਮੁੰਬਈ ਵਿਚ ਆਪਣਾ ਕੌਂਸਲ ਜਨਰਲ ਨਿਯੁਕਤ ਕੀਤਾ ਹੈ। ਪਿਛਲੇ ਸਾਲ ਅਕਤੂਬਰ ਵਿਚ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਮਗਰੋਂ ਭਾਰਤ ਨੇ ਆਪਣੇ ਰਾਜਦੂਤ ਅਤੇ ਪੰਜ ਹੋਰ ਡਿਪਲੋਮੈਟ ਵਾਪਸ ਬੁਲਾ ਲਏ ਸਨ ਤੇ ਛੇ ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢ ਦਿੱਤਾ ਸੀ। ਇਸ ਘਟਨਾਕ੍ਰਮ ਤੋਂ ਬਾਅਦ ਕੈਨੇਡਾ ਦੀ ਇਹ ਪਹਿਲੀ ਨਿਯੁਕਤੀ ਹੈ। ਕੈਨੇਡੀਅਨ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਇਹ ਐਲਾਨ ਕੀਤਾ। ਡੇਵਿਡ ਪਹਿਲਾਂ ਅਫਗਾਨਿਸਤਾਨ ਅਤੇ ਚੀਨ ਵਿਚ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਡੀਡਰਾਹ ਕੈਲੀ ਦੀ ਜਗ੍ਹਾ ਲੈਣਗੇ, ਜੋ 2023 ਵਿਚ ਭਾਰਤ ਛੱਡ ਗਏ ਸਨ। ਜੂਨ ਮਹੀਨੇ ਅਲਬਰਟਾ ਵਿਚ ਜੀ7 ਸੰਮੇਲਨ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਕਾਰਨੀ ਨੇ ਨਵੇਂ ਹਾਈ ਕਮਿਸ਼ਨਰ ਨਿਯੁਕਤ ਕਰਨ ਅਤੇ ਆਪਸੀ ਸੇਵਾਵਾਂ ਬਹਾਲ ਕਰਨ ’ਤੇ ਸਹਿਮਤੀ ਜਤਾਈ ਸੀ।

# ਡੋਨਾਲਡ ਟਰੰਪ ਵੱਲੋਂ ਬਿਊਰੋ ਆਫ ਲੇਬਰ ਸਟੈਟਿਸਟਿਕਸ ਦੀ ਡਾਇਰੈਕਟਰ ਬਰਖ਼ਾਸਤ

**■ ਰੁਜ਼ਗਾਰ ਅੰਕੜੇ ਜਾਰੀ ਹੋਣ ਪਿੱਛੋਂ ਲਿਆ ਫੈਸਲਾ**



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜੁਲਾਈ ਵਿਚ ਰੁਜ਼ਗਾਰ ਅੰਕੜੇ ਜਾਰੀ ਹੋਣ ਤੋਂ ਬਾਅਦ ਬਿਊਰੋ ਆਫ਼ ਲੇਬਰ ਸਟੈਟਿਸਟਿਕਸ ਦੇ ਡਾਇਰੈਕਟਰ ਨੂੰ ਬਰਖਾਸਤ ਕਰ ਦਿੱਤਾ ਅਤੇ ਅੰਕੜਿਆਂ ’ਤੇ ਹੇਰਾਫੇਰੀ ਦਾ ਦੋਸ਼ ਲਗਾਇਆ। ਸਟਾਕ ਮਾਰਕੀਟ ਨਿਵੇਸ਼ਕ ਅਤੇ ਅਰਥਸ਼ਾਸਤਰੀ ਪਹਿਲਾਂ ਹੀ ਅਮਰੀਕਾ ਵਿਚ ਮਾਸਿਕ ਨੌਕਰੀਆਂ ਦੇ ਅੰਕੜਿਆਂ ’ਤੇ ਨਜ਼ਰ ਰੱਖਦੇ ਹਨ, ਪਰ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸ਼ੁੱਕਰਵਾਰ ਨੂੰ ਇਸ ਰਿਪੋਰਟ ਦੀ ਅਧਿਕਾਰਤ ਨਿਗਰਾਨੀ ਨੂੰ ਬਰਖਾਸਤ ਕਰਨ ਤੋਂ ਬਾਅਦ ਇਹ ਅੰਕੜੇ ਵਿਸ਼ੇਸ਼ ਧਿਆਨ ਖਿੱਚ ਰਹੇ ਹਨ।

ਟਰੰਪ ਨੇ ਦਾਅਵਾ ਕੀਤਾ ਕਿ ਜੂਨ ਦੇ ਰੁਜ਼ਗਾਰ ਅੰਕੜਿਆਂ ਨਾਲ “ਹੇਰਾਫੇਰੀ” ਕੀਤੀ ਗਈ ਸੀ, ਤਾਂ ਜੋ ਉਨ੍ਹਾਂ ਨੂੰ ਅਤੇ ਹੋਰ ਰਿਪਬਲਿਕਨ ਪਾਰਟੀ ਦੇ ਨੇਤਾਵਾਂ ਨੂੰ “ਮਾੜਾ” ਦਿਖਾਇਆ ਜਾ ਸਕੇ। ਹਾਲਾਂਕਿ, ਉਨ੍ਹਾਂ ਨੇ ਇਸ ਨੂੰ ਸਾਬਤ ਕਰਨ ਲਈ ਕੋਈ ਸਬੂਤ ਨਹੀਂ ਦਿੱਤਾ। ਉਨ੍ਹਾਂ ਨੇ ਸਾਬਕਾ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਨਿਯੁਕਤ ਬਿਊਰੋ ਆਫ਼ ਲੇਬਰ ਸਟੈਟਿਸਟਿਕਸ ਦੀ ਡਾਇਰੈਕਟਰ ਏਰਿਕਾ ਮੈਕਐਂਟਾਇਰ ਨੂੰ ਬਰਖਾਸਤ ਕਰ ਦਿੱਤਾ। ਸ਼ੁੱਕਰਵਾਰ ਨੂੰ ਜਾਰੀ ਕੀਤੀ ਗਈ ਰੁਜ਼ਗਾਰ ਰਿਪੋਰਟ ਵਿਚ ਦਿਖਾਇਆ ਗਿਆ ਹੈ ਕਿ ਭਰਤੀ ਪ੍ਰਕਿਰਿਆ ਜੁਲਾਈ ਵਿਚ ਕਮਜ਼ੋਰ ਰਹੀ ਅਤੇ ਟਰੰਪ ਦੁਆਰਾ ਮਈ ਅਤੇ ਜੂਨ ਵਿਚ ਵੱਡੇ ਟੈਰਿਫ ਲਗਾਉਣ ਤੋਂ ਬਾਅਦ ਲਗਭਗ ਠੱਪ ਹੋ ਗਈ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com



# ਅਮਰੀਕਾ 'ਚ ਕਾਰ ਹਾਦਸੇ 'ਚ ਗੁਜਰਾਤੀ ਮੂਲ ਦੇ ਚਾਰ ਬਜ਼ੁਰਗਾਂ ਦੀ ਹੋਈ ਮੌਤ



ਮ੍ਰਿਤਕ ਦੀ ਫ਼ਾਈਲ ਫੋਟੋ।

- ਇਹ ਸਾਰੇ ਲੋਕ ਮਾਰਸ਼ਲ ਕਾਊਂਟੀ ਦੇ ਪ੍ਰਸਿੱਧ ਧਾਰਮਿਕ ਸਥਾਨ ਪੈਲੇਸ ਆਫ਼ ਗੋਲਡ ਜਾ ਰਹੇ ਸਨ
- ਮ੍ਰਿਤਕਾਂ ਦੀ ਪਛਾਣ ਡਾ. ਕਿਸ਼ੋਰ ਦੀਵਾਨ, ਆਸ਼ਾ ਦੀਵਾਨ, ਸ਼ੈਲੇਸ਼ ਦੀਵਾਨ ਅਤੇ ਗੀਤਾ ਦੀਵਾਨ ਵਜੋਂ ਹੋਈ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਬੀਤੇ ਦਿਨੀਂ ਅਮਰੀਕਾ ਵਿਚ ਇੱਕ ਸੜਕ ਯਾਤਰਾ ਦੌਰਾਨ ਲਾਪਤਾ ਹੋਏ ਗੁਜਰਾਤੀ ਮੂਲ ਦੇ ਚਾਰ ਸੀਨੀਅਰ ਨਾਗਰਿਕ ਐਤਵਾਰ ਨੂੰ ਮ੍ਰਿਤਕ ਪਾਏ ਗਏ। ਮਾਰਸ਼ਲ ਕਾਊਂਟੀ ਸ਼ੈਰਿਫ਼ ਦੇ ਦਫ਼ਤਰ ਨੇ ਪੁਸ਼ਟੀ ਕੀਤੀ ਹੈ ਕਿ ਸਾਰੇ ਸੀਨੀਅਰ ਨਾਗਰਿਕਾਂ ਦੀ ਮੌਤ ਇੱਕ ਕਾਰ ਹਾਦਸੇ ਵਿਚ ਹੋਈ ਹੈ। ਸਾਰੇ ਮ੍ਰਿਤਕ 80 ਸਾਲ ਤੋਂ ਵੱਧ ਉਮਰ ਦੇ ਸਨ।

ਸ਼ੈਰਿਫ ਦੇ ਦਫ਼ਤਰ ਦੇ ਇੱਕ ਬਿਆਨ ਅਨੁਸਾਰ, ਉਨ੍ਹਾਂ ਦਾ ਵਾਹਨ ਬਿਗ ਵ੍ਹੀਲਿੰਗ ਕਰੀਕ ਰੋਡ ਤੋਂ ਇੱਕ ਢਲਾਣ 'ਤੇ ਨੁਕਸਾਨਿਆ ਹੋਇਆ ਮਿਲਿਆ। ਇਹ ਇਲਾਕਾ ਬਹੁਤ ਦੂਰ-ਦੁਰਾਡੇ ਸੀ, ਜਿਸ ਕਾਰਨ ਬਚਾਅ ਕਰਮਚਾਰੀਆਂ ਨੂੰ ਹਾਦਸੇ ਵਾਲੀ ਥਾਂ 'ਤੇ ਪਹੁੰਚਣ ਵਿਚ ਪੰਜ ਘੰਟੇ ਤੋਂ ਵੱਧ ਸਮਾਂ ਲੱਗਿਆ। ਉਨ੍ਹਾਂ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ 89 ਸਾਲਾ ਡਾ. ਕਿਸ਼ੋਰ ਦੀਵਾਨ, 85 ਸਾਲਾ ਆਸ਼ਾ ਦੀਵਾਨ, 86 ਸਾਲਾ ਸ਼ੈਲੇਸ਼ ਦੀਵਾਨ ਅਤੇ 84 ਸਾਲਾ ਗੀਤਾ ਦੀਵਾਨ ਵਜੋਂ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ, ਉਸਨੂੰ 29 ਜੁਲਾਈ ਨੂੰ ਪੈਨਸਿਲਵੇਨੀਆ ਦੇ ਏਰੀ ਵਿਚ ਪੀਚ ਸਟਰੀਟ 'ਤੇ ਇੱਕ ਬਰਗਰ ਕਿੰਗ ਆਊਟਲੈੱਟ 'ਤੇ ਦੇਖਿਆ ਗਿਆ ਸੀ। ਉਸਨੇ ਆਖਰੀ ਵਾਰ ਇੱਥੇ ਕ੍ਰੈਡਿਟ ਕਾਰਡ ਨਾਲ ਭੁਗਤਾਨ ਕੀਤਾ ਸੀ। ਸ਼ੈਰਿਫ਼ ਮਾਈਕ ਡੌਹਰਟੀ ਨੇ ਦੁੱਖ ਪ੍ਰਗਟ ਕੀਤਾ ਅਤੇ ਕਿਹਾ ਕਿ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ। ਇਹ ਸਾਰੇ ਲੋਕ ਮਾਰਸ਼ਲ ਕਾਊਂਟੀ ਦੇ ਪ੍ਰਸਿੱਧ ਧਾਰਮਿਕ ਸਥਾਨ ਪੈਲੇਸ ਆਫ਼ ਗੋਲਡ ਦੀ ਯਾਤਰਾ ਕਰ ਰਹੇ ਸਨ ਅਤੇ 29 ਜੁਲਾਈ ਨੂੰ ਉੱਥੇ ਰੁਕਣ ਦੀ ਯੋਜਨਾ ਬਣਾ ਰਹੇ ਸਨ।

ਸਥਾਨਕ ਮੀਡੀਆ ਅਨੁਸਾਰ, ਚਾਰਾਂ ਸੀਨੀਅਰ ਨਾਗਰਿਕਾਂ ਵਿਚੋਂ ਕਿਸੇ ਨੇ ਵੀ 29 ਜੁਲਾਈ ਤੋਂ ਬਾਅਦ ਫ਼ੋਨ ਕਾਲਾਂ ਦਾ ਜਵਾਬ ਨਹੀਂ ਦਿੱਤਾ ਸੀ। ਸੈੱਲ ਟਾਵਰ ਡੇਟਾ ਨੂੰ ਆਖਰੀ ਵਾਰ ਬੁੱਧਵਾਰ ਦੁਪਹਿਰ 3 ਵਜੇ ਦੇ ਕਰੀਬ ਮਾਊਂਡਸਵਿਲੇ ਵਿਚ ਉਨ੍ਹਾਂ ਦੇ ਡਿਵਾਈਸਾਂ ਤੋਂ ਸਿਗਨਲ ਮਿਲੇ ਸਨ। ਪਿਛਲੇ ਚਾਰ ਦਿਨਾਂ ਵਿਚ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਜਾਂਚ ਕਾਰਜਾਂ ਲਈ ਹੈਲੀਕਾਪਟਰ ਅਤੇ ਵਾਧੂ ਟੀਮਾਂ ਤਾਇਨਾਤ ਕੀਤੀਆਂ ਹਨ।

# ਭਾਰਤੀ-ਅਮਰੀਕੀ ਵਕੀਲ ਮਥੁਰਾ ਸ੍ਰੀਧਰਨ ਓਹਾਈਓ 'ਚ ਸੌਲੀਸਿਟਰ ਜਨਰਲ ਨਿਯੁਕਤ



**ਨਿਊਯਾਰਕ, (ਪੰਜਾਬ ਮੇਲ)**- ਭਾਰਤੀ ਮੂਲ ਦੀ ਵਕੀਲ ਮਥੁਰਾ ਸ੍ਰੀਧਰਨ ਨੂੰ ਓਹਾਈਓ ਦੀ 12ਵੀਂ ਸੌਲੀਸਿਟਰ ਜਨਰਲ ਨਿਯੁਕਤ ਕੀਤਾ ਗਿਆ ਹੈ, ਜੋ ਸੂਬੇ ਅਤੇ ਸੰਘੀ ਅਦਾਲਤਾਂ ਵਿਚ ਅਪੀਲਾਂ ਲਈ ਸੂਬੇ ਦੀ ਸਭ ਤੋਂ ਸੀਨੀਅਰ ਵਕੀਲ ਹੈ। ਅਟਾਰਨੀ ਜਨਰਲ ਡੇਵ ਯੋਸਟ ਨੇ ਪਿਛਲੇ ਹਫ਼ਤੇ ਇੱਕ ਬਿਆਨ ਵਿਚ ਕਿਹਾ ਕਿ ਉਨ੍ਹਾਂ ਨੇ ਐਲੀਅਟ ਗੇਜ਼ਰ ਦੀ ਥਾਂ ਸ੍ਰੀਧਰਨ ਨੂੰ ਇਸ ਅਹੁਦੇ ਲਈ ਪੂਰੇ ਮਾਣ ਨਾਲ ਚੁਣਿਆ ਹੈ। ਰਾਸ਼ਟਰਪਤੀ ਡੋਨਲਡ ਟਰੰਪ ਨੇ ਗੇਜ਼ਰ ਦੀ ਅਮਰੀਕੀ ਨਿਆਂ ਵਿਭਾਗ ਦੇ ਕਾਨੂੰਨੀ ਸਲਾਹਕਾਰ ਦਫ਼ਤਰ ਦੀ ਅਗਵਾਈ ਕਰਨ ਲਈ ਚੋਣ ਕੀਤੀ ਹੈ। ਯੋਸਟ ਨੇ ਕਿਹਾ, "ਮਥੁਰਾ ਓਹਾਈਓ ਵਾਸੀਆਂ ਦੇ ਹਿੱਤ ਵਿਚ ਅਣਥੱਕ ਕੰਮ ਕਰਦੀ ਹੈ। ਉਹ ਸੰਘਵਾਦ ਅਤੇ ਕਾਨੂੰਨੀ ਸ਼ਕਤੀ ਦੀ ਚੈਂਪੀਅਨ ਹੈ, ਜਿਸਦਾ ਅਦਾਲਤ ਵਿਚ ਸਨਮਾਨ ਕਰਨਾ ਚਾਹੀਦਾ ਹੈ।" ਸ੍ਰੀਧਰਨ ਨੇ ਕਿਹਾ, "ਮੇਰੇ ਸਾਥੀ ਓਹਾਈਓ ਵਾਸੀਆਂ ਦੇ ਅਧਿਕਾਰਾਂ ਅਤੇ ਆਜ਼ਾਦੀ ਲਈ ਖੜ੍ਹੇ ਹੋਣਾ ਸਨਮਾਨ ਦੀ ਗੱਲ ਹੈ।"

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਅਮਰੀਕਾ 'ਚ 1500 ਤੋਂ ਵੱਧ ਟਰੱਕ ਡਰਾਈਵਰਾਂ ਦੇ ਲਾਇਸੈਂਸ ਰੱਦ !

- ਅੰਗਰੇਜ਼ੀ ਭਾਸ਼ਾ 'ਚ ਮੁਹਾਰਤ ਦੀ ਘਾਟ ਕਾਰਨ ਰੱਦ ਹੋਏ ਲਾਇਸੈਂਸ

**ਨਿਊਯਾਰਕ, (ਪੰਜਾਬ ਮੇਲ)**- ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਖ਼ਤ ਨੀਤੀਆਂ ਦਾ ਅਸਰ ਅਮਰੀਕਾ ਵਿਚ ਕੰਮ ਕਰਦੇ ਪੰਜਾਬੀ ਟਰੱਕ ਡਰਾਈਵਰਾਂ 'ਤੇ ਪਿਆ ਹੈ। ਹਾਲ ਹੀ ਵਿਚ ਅਮਰੀਕਾ ਵਿਚ ਅੰਗਰੇਜ਼ੀ ਭਾਸ਼ਾ ਵਿਚ ਮੁਹਾਰਤ ਦੀ ਘਾਟ ਕਾਰਨ 1500 ਤੋਂ ਵੱਧ ਟਰੱਕ ਡਰਾਈਵਰਾਂ ਦੇ ਲਾਇਸੈਂਸ ਰੱਦ ਕੀਤੇ ਗਏ ਹਨ। ਇਹ ਡਰਾਈਵਰ ਹੁਣ ਵਿਹਲੇ ਬੈਠਣ ਲਈ ਮਜਬੂਰ ਹਨ। ਇਨ੍ਹਾਂ ਵਿਚੋਂ 230 ਪੰਜਾਬੀ ਦੱਸੇ ਜਾ ਰਹੇ ਹਨ। ਟਰਾਂਸਪੋਰਟ ਮੰਤਰੀ ਸ਼ੌਨ ਡਫੀ ਨੇ ਕਿਹਾ ਕਿ ਅਮੈਰਿਕਾ ਫਸਟ ਦਾ ਮਤਲਬ ਲੋਕਾਂ ਦੀ ਸੁਰੱਖਿਆ ਸਾਡੀ ਤਰਜੀਬ ਬਣਦੀ ਹੈ ਪਰ ਅੰਗਰੇਜ਼ੀ ਭਾਸ਼ਾ ਤੋਂ ਅਣਜਾਣ ਟਰੱਕ ਡਰਾਈਵਰ ਸੜਕਾਂ ਨੂੰ ਖਤਰਨਾਕ ਬਣਾ ਰਹੇ ਹਨ।

ਟਰੱਕਿੰਗ ਖੇਤਰ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੀ ਡਰਾਈਵਰਾਂ ਦਾ ਗੁਜ਼ਾਰਾ ਟਰੱਕ ਚਲਾ ਕੇ ਹੁੰਦਾ ਹੈ ਅਤੇ ਹੁਣ ਅੰਗਰੇਜ਼ੀ ਭਾਸ਼ਾ ਆਉਣ ਦੀ ਸ਼ਰਤ ਕਾਰਨ ਸੈਂਕੜਿਆਂ ਨੂੰ ਆਪਣਾ ਪੇਸ਼ਾ ਹੀ ਬਦਲਣਾ ਪੈ ਸਕਦਾ ਹੈ। ਦੱਸ ਦੇਈਏ ਕਿ ਫੈਡਰਲ ਮੋਟਰ ਕੈਰੀਅਰ ਸੇਫ਼ਟੀ ਐਡਮਨਿਸਟ੍ਰੇਸ਼ਨ ਵੱਲੋਂ ਟਰੱਕ ਡਰਾਈਵਰਾਂ ਲਈ ਅੰਗੇਰਜ਼ੀ ਲਾਜ਼ਮੀ ਕਰਨ ਦੀ ਤਜਵੀਜ਼ ਪੇਸ਼ ਕੀਤੀ ਗਈ ਸੀ ਪਰ ਬਰਾਕ ਓਬਾਮਾ ਦੇ ਰਾਸ਼ਟਰਪਤੀ ਹੁੰਦਿਆਂ ਇਸ ਨੂੰ ਟਾਲ ਦਿੱਤਾ ਗਿਆ। ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਵੀ ਇਹ ਨਿਯਮ ਸਖਤੀ ਨਾਲ ਲਾਗੂ ਨਾ ਕੀਤਾ ਜਾ ਸਕਿਆ ਪਰ ਇਸ ਵਾਰ ਅੰਗਰੇਜ਼ੀ ਭਾਸ਼ਾ ਨਾ ਆਉਣ 'ਤੇ ਟਰੱਕ ਡਰਾਈਵਿੰਗ ਦਾ ਪੇਸ਼ਾ ਛੱਡਣਾ ਪੈ ਰਿਹਾ ਹੈ। ਆਉਣ ਵਾਲੇ ਦਿਨਾਂ ਵਿਚ ਹੋਰਨਾਂ ਵਿਰੁੱਧ ਕਾਰਵਾਈ ਹੋਵੇਗੀ।

ਟਰਾਂਸਪੋਰਟ ਮੰਤਰਾਲੇ ਨੇ ਦਲੀਲ ਪੇਸ਼ ਕਰਦਿਆਂ ਕਿਹਾ ਕਿ 2019 'ਚ ਇਕ ਟਰੱਕ ਡਰਾਈਵਰ ਤਕਰੀਬਨ 100 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਜਾ ਰਿਹਾ ਸੀ ਅਤੇ ਅੰਗਰੇਜ਼ੀ ਨਾ ਆਉਂਦੀ ਹੋਣ ਕਾਰਨ ਉਹ ਕੋਈ ਸਾਈਨ ਨਾ ਪੜ੍ਹ ਸਕਿਆ ਅਤੇ ਅੱਗੇ ਜਾ ਕੇ ਵਾਪਰੇ ਖੌਫ਼ਨਾਕ ਹਾਦਸੇ ਦੌਰਾਨ ਚਾਰ ਜਣਿਆਂ ਦੀ ਮੌਤ ਹੋ ਗਈ। ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਅਪ੍ਰੈਲ ਵਿਚ ਜਾਰੀ ਕਾਰਜਕਾਰੀ ਹੁਕਮਾਂ ਤਹਿਤ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਲਾਜ਼ਮੀ ਕਰ ਦਿੱਤੀ ਗਈ ਅਤੇ ਟਰਾਂਸਪੋਰਟੇਸ਼ਨ ਉਦਯੋਗ ਨੇ ਵੀ ਇਸ ਦੀ ਡੱਟਵੀਂ ਹਮਾਇਤ ਕੀਤੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



FOR SALE & PURCHASE OF
ANY KIND OF PROPERTY



RE/MAX
RE/MAX
Outstanding Agents
Outstanding Results®
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਤਹਿਤ ਕੋਰਸ ਪੂਰਾ ਹੋਣ ਲਈ ਫਾਈਨਲ ਪ੍ਰੀਖਿਆ

■ ਲੜਕੇ ਲੜਕੀਆਂ ਨੂੰ ਮੁਫਤ ਤਕਨੀਕੀ ਸਿੱਖਿਆ ਦੇ ਕੇ ਅਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਯੋਗ ਬਣਾਵਾਂਗੇ - ਡਾ. ਐੱਸ.ਪੀ. ਸਿੰਘ ਓਬਰਾਏ



ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਤਹਿਤ ਕੰਪਿਊਟਰ ਕੋਰਸ ਪੂਰਾ ਹੋਣ 'ਤੇ ਪੇਪਰ ਲੈਣ ਸਮੇਂ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਅਤੇ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰ।

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਵਿਚ ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿਚ ਨੌਜਵਾਨ ਲੜਕੇ ਲੜਕੀਆਂ ਨੂੰ ਮੁਫਤ ਸਿਖਲਾਈ (ਕੰਪਿਊਟਰ, ਸਿਲਾਈ, ਬਿਊਟੀ ਪਾਰਲਰ,) ਖੋਲ੍ਹ ਕੇ ਤਕਨੀਕੀ ਸਿੱਖਿਆ ਦੇ ਕੇ ਆਤਮ ਨਿਰਭਰ ਬਣਾਇਆ ਜਾ ਰਿਹਾ ਹੈ, ਤਾਂ ਜੋ ਇਹ ਲੜਕੇ ਲੜਕੀਆਂ ਬੇਰੁਜ਼ਗਾਰੀ ਦੀ ਮਾਰ ਤੋਂ ਬਚ ਸਕਣ ਅਤੇ ਵਧੀਆ ਢੰਗ ਨਾਲ ਆਪਣੇ ਪਰਿਵਾਰਾਂ ਦਾ ਪਾਲਣ-ਪੋਸ਼ਣ ਕਰ ਸਕਣ। ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ 6 ਮਹੀਨੇ ਦਾ ਕੰਪਿਊਟਰ ਕੋਰਸ ਪੂਰਾ ਕਰ ਚੁੱਕੇ ਸਿਖਿਆਰਥੀਆਂ ਦਾ ਫਾਈਨਲ ਪੇਪਰ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਲਿਆ ਗਿਆ। ਇਸ ਦੌਰਾਨ ਮੈਡਮ ਇੰਦਰਜੀਤ ਕੌਰ ਨੇ ਦੱਸਿਆ ਕਿ ਪੰਜਾਬ, ਹਰਿਆਣਾ, ਹਿਮਾਚਲ ਆਦਿ ਵਿਚ ਅਜਿਹੇ 55 ਸਿਲਾਈ ਸੈਂਟਰ, 32 ਕੰਪਿਊਟਰ ਸੈਂਟਰ, 6 ਬਿਊਟੀ ਪਾਰਲਰ ਸੈਂਟਰ ਚੱਲ ਰਹੇ ਹਨ। ਇਨ੍ਹਾਂ ਸੈਂਟਰਾਂ ਵਿਚ ਸਿੱਖਿਆਰਥੀਆਂ ਤੋਂ ਕੋਈ ਵੀ ਫੀਸ ਨਹੀਂ ਲਈ ਜਾਂਦੀ ਅਤੇ ਕੋਰਸ ਪੂਰਾ ਕਰਨ ਉਪਰੰਤ ਪਾਸ ਹੋਣ 'ਤੇ ਆਈ.ਐੱਸ.ਓ. ਸਰਟੀਫਿਕੇਟ ਦਿੱਤਾ ਜਾਂਦਾ ਹੈ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਅਜਿਹੇ 8 ਮੁਫ਼ਤ ਸਿਖਲਾਈ ਸੈਂਟਰ ਚੱਲ ਰਹੇ ਹਨ ਅਤੇ ਇਸ ਤੋਂ ਪਹਿਲਾਂ ਵੀ ਵੱਡੀ ਗਿਣਤੀ ਵਿਚ ਲੋਕ ਇਸ ਦਾ ਲਾਹਾ ਲੈ ਕੇ ਵਧੀਆ ਖੁਸ਼ਹਾਲ ਜ਼ਿੰਦਗੀ ਜੀ ਰਹੇ ਹਨ। ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਭੇਣ, ਪ੍ਰਿੰਸੀਪਲ ਬਿੰਦਰ ਪਾਲ ਕੌਰ, ਸੁਖਬੀਰ ਸਿੰਘ ਜੈਲਦਾਰ, ਅਸ਼ੋਕ ਕੁਮਾਰ, ਕੰਪਿਊਟਰ ਅਧਿਆਪਕਾਂ, ਹੈੱਡ ਆਫਿਸ ਪਟਿਆਲਾ ਤੋਂ ਵਿਸ਼ੇਸ਼ ਤੌਰ 'ਤੇ ਪੇਪਰ ਲੈਣ ਪੁੱਜੀ ਮੈਡਮ ਸਨਪ੍ਰੀਤ ਕੌਰ ਕੰਪਿਊਟਰ ਅਧਿਆਪਕਾ, ਅਮਰਜੀਤ ਕੌਰ ਆਦਿ ਹਾਜ਼ਰ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲਗਾਏ ਗਏ ਪੌਦੇ



ਇਨੋਰਾ ਕੌਰ ਖਹਿਰਾ ਪੁੱਤਰੀ ਵਰਿੰਦਰਪਾਲ ਸਿੰਘ ਸੋਨਦੀਪ ਕੌਰ (ਅਮਰੀਕਾ), ਗੁਰਬਾਨੀ ਕੌਰ ਪੋਤਰੀ ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਦੇ ਜਨਮ ਦੀ ਖੁਸ਼ੀ ਵਿਚ ਪੌਦੇ ਲਗਾਉਣ ਸਮੇਂ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ, ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ, ਪ੍ਰਿੰਸੀਪਲ ਬਿੰਦਰ ਪਾਲ ਕੌਰ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰ ਅਤੇ ਕੰਪਿਊਟਰ ਸੈਂਟਰ ਦੇ ਸਿੱਖਿਆਰਥੀ।

■ ਦੋਹਤੀ ਅਤੇ ਪੋਤਰੀ ਦੇ ਜਨਮ ਦੀ ਖੁਸ਼ੀ 'ਚ ਪੌਦੇ ਲਗਾ ਕੇ ਰੁੱਖ ਅਤੇ ਕੁੱਖ ਬਚਾਉਣ ਦਾ ਦਿੱਤਾ ਸੁਨੇਹਾ

■ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਨੇ ਚਹਿਲ ਪਰਿਵਾਰ ਨਾਲ ਕੀਤੀ ਖੁਸ਼ੀ ਸਾਂਝੀ ਤੇ ਦਿੱਤੀ ਵਧਾਈ ਅਤੇ ਕੀਤੀ ਸ਼ਲਾਘਾ

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ 'ਚ ਵਾਤਾਵਰਣ ਨੂੰ ਬਚਾਉਣ ਦੀ ਹਜ਼ਾਰਾਂ ਦੀ ਤਾਦਾਦ 'ਚ ਪੌਦੇ ਲਗਾਏ ਜਾ ਰਹੇ ਹਨ। ਇਸ ਲੜੀ ਤਹਿਤ ਸ੍ਰੀ ਮੁਕਤਸਰ ਸਾਹਿਬ ਵਿਖੇ ਵੀ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਹਾਜ਼ਰੀ ਵਿਚ ਸਰਵਹਿੱਤਕਾਰੀ ਵਿੱਦਿਆ ਮੰਦਰ ਦੇ ਵਿਹੜੇ ਵਿਚ ਇਨੋਰਾ ਕੌਰ ਖਹਿਰਾ (ਅਮਰੀਕਾ) ਦੋਹਤੀ ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ, ਗੁਰਬਾਣੀ ਕੌਰ (ਆਸਟ੍ਰੇਲੀਆ) ਪੋਤਰੀ ਗੁਰਚਰਨ ਸਿੰਘ ਮੈਨੇਜਰ ਸਾਹਿਬ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰ ਦੇ ਜਨਮ ਦੀ ਖੁਸ਼ੀ ਵਿਚ ਪੌਦੇ ਲਗਾ ਕੇ ਰੁੱਖ ਅਤੇ ਕੁੱਖ ਬਚਾਉਣ ਦਾ ਸੁਨੇਹਾ ਦਿੱਤਾ ਗਿਆ ਅਤੇ ਸਾਡੇ ਗੁਰੂਆਂ ਦੁਆਰਾ ਕਹੇ ਹੋਏ ਸ਼ਬਦਾਂ 'ਸੋ ਕਿਉ ਮੰਦਾ ਆਖਿਐ ਜਿਤੁ ਜੰਮੇ ਰਾਜਾਨ' ਦੀ ਵੀ ਪ੍ਰੋੜਤਾ ਕੀਤੀ ਗਈ। ਡਾਕਟਰ ਬਲਜੀਤ ਕੌਰ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਦੇ ਪਰਿਵਾਰ ਨੂੰ ਦੋਹਤੀ ਦੇ ਜਨਮ ਦੀ ਵਧਾਈ ਦਿੱਤੀ ਅਤੇ ਪਰਿਵਾਰ ਨਾਲ ਖੁਸ਼ੀ ਸਾਂਝੀ ਕੀਤੀ ਗਈ।

ਇਸ ਪ੍ਰੋਜੈਕਟ ਅਧੀਨ ਬੋਲਦਿਆਂ ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਨੇ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ, ਤਾਂ ਜੋ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਧੀਆ ਸਾਫ-ਸੁਥਰਾ ਵਾਤਾਵਰਨ ਦੇ ਸਕੀਏ। ਇਸ ਮੌਕੇ ਪੌਦੇ ਲਗਾਉਣ ਸਮੇਂ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਪ੍ਰਿੰਸੀਪਲ ਬਿੰਦਰ ਪਾਲ ਕੌਰ, ਮੈਡਮ ਸਨਪ੍ਰੀਤ ਕੌਰ ਪਟਿਆਲਾ, ਮੈਡਮ ਅਮਰਜੀਤ ਕੌਰ ਪਟਿਆਲਾ, ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਗੁਰਚਰਨ ਸਿੰਘ ਭੇਣ, ਸੁਖਬੀਰ ਸਿੰਘ ਜੈਲਦਾਰ, ਅਸ਼ੋਕ ਕੁਮਾਰ, ਕੰਪਿਊਟਰ ਅਧਿਆਪਕਾਂ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਸ੍ਰੀ ਮੁਕਤਸਰ ਸਾਹਿਬ ਦੇ ਕੰਪਿਊਟਰ ਸੈਂਟਰ ਦੇ 18 ਸਿਖਿਆਰਥੀ ਹਾਜ਼ਰ ਸਨ।

# ਟਰੰਪ ਦੀ ਟੈਰਿਫ ਧਮਕੀ 'ਤੇ ਭਾਰਤ ਨੇ ਅਪਣਾਇਆ ਸਖਤ ਰੁਖ

■ ਕਿਹਾ : ਆਲੋਚਨਾ ਕਰਨ ਵਾਲੇ ਖੁਦ ਕਰ ਰਹੇ ਹਨ ਰੂਸ ਨਾਲ ਕਾਰੋਬਾਰ

**ਨਵੀਂ ਦਿੱਲੀ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਬਿਆਨ ਤੋਂ ਬਾਅਦ ਜਿਸ ਵਿਚ ਉਨ੍ਹਾਂ ਨੇ ਭਾਰਤ ਤੋਂ ਰੂਸੀ ਤੇਲ ਖਰੀਦਣ ਲਈ ਭਾਰਤੀ ਨਿਰਯਾਤ 'ਤੇ ਭਾਰੀ ਟੈਰਿਫ (ਆਯਾਤ ਡਿਊਟੀ) ਵਧਾਉਣ ਦੀ ਧਮਕੀ ਦਿੱਤੀ ਸੀ, ਭਾਰਤ ਨੇ ਸਖ਼ਤ ਰੁਖ਼ ਅਪਣਾਇਆ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ (ਐੱਮ.ਈ.ਏ.) ਨੇ ਸੋਮਵਾਰ ਨੂੰ ਇੱਕ ਬਿਆਨ ਵਿਚ ਕਿਹਾ ਕਿ ਭਾਰਤ ਨੂੰ ਨਿਸ਼ਾਨਾ ਬਣਾਉਣਾ "ਅਨਿਆਂਪੂਰਨ ਅਤੇ ਤਰਕਹੀਣ" ਹੈ। ਭਾਰਤ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਉਹ ਆਪਣੇ ਰਾਸ਼ਟਰੀ ਹਿੱਤ ਅਤੇ ਆਰਥਿਕ ਸੁਰੱਖਿਆ ਦੀ ਰੱਖਿਆ ਲਈ ਸਾਰੇ ਜ਼ਰੂਰੀ ਕਦਮ ਚੁੱਕੇਗਾ।

ਯੂਕਰੇਨ-ਰੂਸ ਯੁੱਧ ਸ਼ੁਰੂ ਹੋਣ ਤੋਂ ਬਾਅਦ ਦੁਨੀਆਂ ਭਰ ਵਿਚ ਤੇਲ ਦੀ ਸਪਲਾਈ ਪ੍ਰਭਾਵਿਤ ਹੋਈ। ਪੱਛਮੀ ਦੇਸ਼ਾਂ, ਖਾਸ ਕਰਕੇ ਯੂਰਪੀਅਨ ਦੇਸ਼ਾਂ ਨੇ ਭਾਰਤ ਦੇ ਰਵਾਇਤੀ ਸਰੋਤਾਂ 'ਤੇ ਦਬਾਅ ਪਾ ਕੇ ਰਵਾਇਤੀ ਸਪਲਾਈ ਸਰੋਤਾਂ ਤੋਂ ਵੱਡੀ ਮਾਤਰਾ ਵਿਚ ਤੇਲ ਖਰੀਦਣਾ ਸ਼ੁਰੂ ਕਰ ਦਿੱਤਾ। ਅਜਿਹੀ ਸਥਿਤੀ ਵਿਚ ਭਾਰਤ ਨੇ ਆਪਣੇ ਦੇਸ਼ ਦੀਆਂ ਊਰਜਾ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਰੂਸ ਤੋਂ ਤੇਲ ਖਰੀਦਣਾ ਸ਼ੁਰੂ ਕਰ ਦਿੱਤਾ। ਇਹ ਇੱਕ ਜ਼ਰੂਰੀ ਅਤੇ ਰਣਨੀਤਕ ਫੈਸਲਾ ਸੀ, ਤਾਂ ਜੋ ਆਮ ਭਾਰਤੀ ਖਪਤਕਾਰਾਂ ਨੂੰ ਕਿਫਾਇਤੀ ਅਤੇ ਸਥਿਰ ਕੀਮਤਾਂ 'ਤੇ ਬਾਲਣ ਮਿਲ ਸਕੇ। ਦਿਲਚਸਪ ਗੱਲ ਇਹ ਹੈ ਕਿ ਯੁੱਧ ਦੀ ਸ਼ੁਰੂਆਤ ਵਿਚ ਅਮਰੀਕਾ ਨੇ ਖੁਦ ਭਾਰਤ ਨੂੰ ਰੂਸ ਤੋਂ ਤੇਲ ਖਰੀਦਣ ਲਈ ਉਤਸ਼ਾਹਿਤ ਕੀਤਾ ਸੀ, ਤਾਂ ਜੋ ਵਿਸ਼ਵ ਊਰਜਾ ਬਾਜ਼ਾਰ ਸਥਿਰ ਰਹੇ। ਵਿਦੇਸ਼ ਮੰਤਰਾਲੇ ਨੇ ਇਹ ਵੀ ਦੱਸਿਆ ਕਿ ਭਾਰਤ ਦੀ ਆਲੋਚਨਾ ਕਰਨ ਵਾਲੇ ਦੇਸ਼ ਖੁਦ ਰੂਸ ਨਾਲ ਵੱਡੇ ਪੱਧਰ 'ਤੇ ਵਪਾਰ ਕਰ ਰਹੇ ਹਨ, ਜਦੋਂਕਿ ਉਨ੍ਹਾਂ ਕੋਲ ਭਾਰਤ ਵਾਂਗ ਜ਼ਰੂਰੀ ਊਰਜਾ ਜਾਂ ਆਰਥਿਕ ਸੁਰੱਖਿਆ ਦੀ ਮਜਬੂਰੀ ਨਹੀਂ ਹੈ। 2024 ਵਿਚ ਯੂਰਪ ਅਤੇ ਰੂਸ ਵਿਚਕਾਰ ਵਸਤੂਆਂ ਦਾ ਵਪਾਰ 67.5 ਬਿਲੀਅਨ ਯੂਰੋ ਸੀ। 2023 ਵਿਚ 17.2 ਬਿਲੀਅਨ ਯੂਰੋ ਦਾ ਸੇਵਾ ਵਪਾਰ ਵੀ ਦਰਜ ਕੀਤਾ ਗਿਆ ਸੀ। 2024 ਵਿਚ ਯੂਰਪ ਨੇ ਰੂਸ ਤੋਂ 16.5 ਮਿਲੀਅਨ ਟਨ ਐੱਲ.ਐੱਨ.ਜੀ. (ਤਰਲ ਕੁਦਰਤੀ ਗੈਸ) ਆਯਾਤ ਕੀਤਾ, ਜੋ ਕਿ 2022 ਦੇ ਰਿਕਾਰਡ 15.21 ਮਿਲੀਅਨ ਟਨ ਤੋਂ ਵੱਧ ਹੈ। ਇਹ ਵਪਾਰ ਸਿਰਫ਼ ਤੇਲ ਅਤੇ ਗੈਸ ਤੱਕ ਸੀਮਿਤ ਨਹੀਂ ਹੈ, ਸਗੋਂ ਖਾਦਾਂ, ਖਣਿਜਾਂ, ਰਸਾਇਣਾਂ, ਸਟੀਲ, ਮਸ਼ੀਨਰੀ ਅਤੇ ਆਵਾਜਾਈ ਉਪਕਰਣਾਂ ਤੱਕ ਫੈਲਿਆ ਹੋਇਆ ਹੈ। ਅਮਰੀਕਾ ਅਜੇ ਵੀ ਰੂਸ ਤੋਂ ਯੂਰੇਨੀਅਮ ਹੈਕਸਾਫਲੋਰਾਈਡ (ਪ੍ਰਮਾਣੂ ਊਰਜਾ ਲਈ) ਪੈਲੇਡੀਅਮ (ਈ.ਵੀ. ਬੈਟਰੀਆਂ ਲਈ), ਖਾਦਾਂ ਅਤੇ ਰਸਾਇਣਾਂ ਦਾ ਆਯਾਤ ਕਰ ਰਿਹਾ ਹੈ।

# ਭਾਰਤ ਵੱਲੋਂ 'ਪ੍ਰਾਚੀਨ ਬੋਧੀ ਸਥਾਨ, ਸਾਰਨਾਥ' ਸਾਲ 2025-26 ਲਈ ਯੂਨੈਸਕੋ ਵਿਸ਼ਵ ਵਿਰਾਸਤ ਕੇਂਦਰ ਵਜੋਂ ਨਾਮਜ਼ਦ

**ਨਵੀਂ ਦਿੱਲੀ, (ਪੰਜਾਬ ਮੇਲ)**- ਕੇਂਦਰ ਸਰਕਾਰ ਨੇ ਸੋਮਵਾਰ ਨੂੰ ਸੰਸਦ ਨੂੰ ਸੂਚਿਤ ਕੀਤਾ ਕਿ ਭਾਰਤ ਨੇ ਇਸ ਸਾਲ 2025-26 ਨਾਮਜ਼ਦਗੀ ਚੱਕਰ ਲਈ ਯੂਨੈਸਕੋ ਵਿਸ਼ਵ ਵਿਰਾਸਤ ਕੇਂਦਰ (UNESCO World Heritage Centre) ਵਜੋਂ 'ਪ੍ਰਾਚੀਨ ਬੋਧੀ ਸਥਾਨ, ਸਾਰਨਾਥ' ('Ancient Buddhist Site, Sarnath') ਸਿਰਲੇਖ ਵਾਲਾ ਇੱਕ ਡੋਜ਼ੀਅਰ ਸੌਂਪਿਆ ਹੈ। ਕੇਂਦਰੀ ਸੱਭਿਆਚਾਰ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਲੋਕ ਸਭਾ ਵਿਚ ਇੱਕ ਸਵਾਲ ਦੇ ਲਿਖਤੀ ਜਵਾਬ ਵਿਚ ਇਹ ਗੱਲ ਕਹੀ ਹੈ।

ਉਨ੍ਹਾਂ ਤੋਂ ਯੂਨੈਸਕੋ ਵਿਸ਼ਵ ਵਿਰਾਸਤ ਸੂਚੀ ਵਿਚ ਸ਼ਾਮਲ ਕਰਨ ਲਈ ਤਜਵੀਜ਼ ਕੀਤੇ ਜਾ ਰਹੇ ਨਵੇਂ ਵਿਰਾਸਤੀ ਸਥਾਨਾਂ ਦੀ ਗਿਣਤੀ ਅਤੇ ਇਸ ਪ੍ਰਕਿਰਿਆ ਲਈ ਤੈਅ ਮਿਆਦ ਦੇ ਵੇਰਵੇ ਪੁੱਛੇ ਗਏ ਸਨ।

ਮੰਤਰੀ ਨੇ ਆਪਣੇ ਜਵਾਬ ਵਿਚ ਕਿਹਾ, "ਇਸ ਸਾਲ, 'ਪ੍ਰਾਚੀਨ ਬੋਧੀ ਸਥਾਨ, ਸਾਰਨਾਥ' ਸਿਰਲੇਖ ਵਾਲਾ ਨਾਮਜ਼ਦਗੀ ਡੋਜ਼ੀਅਰ 2025-26 ਨਾਮਜ਼ਦਗੀ ਚੱਕਰ ਲਈ ਵਿਸ਼ਵ ਵਿਰਾਸਤ ਕੇਂਦਰ ਨੂੰ ਸੌਂਪਿਆ ਗਿਆ ਹੈ। ਸੰਚਾਲਨ ਦਿਸ਼ਾ-ਨਿਰਦੇਸ਼ਾਂ, 2024 ਦੇ ਅਨੁਸਾਰ, ਕਿਸੇ ਵੀ ਦਿੱਤੇ ਚੱਕਰ ਵਿਚ ਸ਼ਿਲਾਲੇਖ ਪ੍ਰਕਿਰਿਆ ਲਈ ਸਿਰਫ਼ ਇੱਕ ਜਾਇਦਾਦ ਨਾਮਜ਼ਦ ਕੀਤੀ ਜਾ ਸਕਦੀ ਹੈ।" ਉਨ੍ਹਾਂ ਦੱਸਿਆ ਕਿ ਨਾਮਜ਼ਦਗੀ ਪ੍ਰਕਿਰਿਆ ਵਿਚ ਮਿਸਲ ਜਮ੍ਹਾਂ ਕਰਨ ਦੀ ਤਾਰੀਖ਼ ਤੋਂ 'ਕਰੀਬ ਡੇਢ ਸਾਲ' ਦਾ ਸਮਾਂ ਲੱਗਦਾ ਹੈ।



ਗ਼ੌਰਤਲਬ ਹੈ ਕਿ ਸਾਰਨਾਥ ਉਹ ਸਥਾਨ ਹੈ, ਜਿਥੇ ਗੌਤਮ ਬੁੱਧ ਨੇ ਗਿਆਨ ਪ੍ਰਾਪਤੀ ਤੋਂ ਬਾਅਦ ਆਪਣੇ ਪੰਜ ਚੇਲਿਆਂ ਨੂੰ ਪਹਿਲਾ 'ਧੰਮ ਉਪਦੇਸ਼' ਦਿੱਤਾ ਸੀ। ਇਹ ਸਥਾਨ ਉੱਤਰ ਪ੍ਰਦੇਸ਼ 'ਚ ਵਾਰਾਣਸੀ ਦੇ ਨੇੜੇ ਸਥਿਤ ਹੈ।

Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit
Ishu Hallan
Vijay
Surbhi Sharma
Sanjeev Khanna

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਦੁਬਈ ਤੋਂ ਅਜੇ ਕੁਮਾਰ ਦਾ ਮ੍ਰਿਤਕ ਸਰੀਰ ਭਾਰਤ ਪੁੱਜਾ

■ **ਸਰਬੱਤ ਦਾ ਭਲਾ ਟਰੱਸਟ ਦੀ ਮੁਫ਼ਤ ਐਂਬੂਲੈਂਸ ਸੇਵਾ ਰਾਹੀਂ ਘਰ ਭੇਜਿਆ ਗਿਆ ਮ੍ਰਿਤਕ ਦਾ ਸਰੀਰ**



ਰਾਜਾਸਾਂਸੀ, (ਪੰਜਾਬ ਮੇਲ)- ਜ਼ਿਲ੍ਹਾ ਮੋਗਾ ਦੀ ਤਹਿਸੀਲ ਬਾਘਾ ਪੁਰਾਣਾ ਦੇ ਪਿੰਡ ਰਾਜੇਆਣਾ ਨਾਲ ਸਬੰਧਤ 34 ਸਾਲਾ ਅਜੇ ਕੁਮਾਰ ਪੁੱਤਰ ਰਾਮ ਪ੍ਰਕਾਸ਼ ਦਾ ਮ੍ਰਿਤਕ ਸਰੀਰ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪੁੱਜਿਆ, ਜਿਸ ਉਪਰੰਤ ਸਰਬੱਤ ਦਾ ਭਲਾ ਟਰੱਸਟ ਦੀ ਮੁਫ਼ਤ ਐਂਬੂਲੈਂਸ ਸੇਵਾ ਰਾਹੀਂ ਉਸ ਦੇ ਘਰ ਭੇਜਿਆ ਗਿਆ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ.ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਅਜੇ ਕੁਮਾਰ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਪਰਿਵਾਰ ਦੀ ਗੁਰਬਤ ਨੂੰ ਦੂਰ ਕਰਨ ਲਈ ਕਰੀਬ ਪਿਛਲੇ 5 ਸਾਲਾਂ ਤੋਂ ਦੁਬਈ ਵਿਖੇ ਮਿਹਨਤ ਮਜ਼ਦੂਰੀ ਕਰ ਰਿਹਾ ਸੀ। ਉਨ੍ਹਾਂ ਦੱਸਿਆ ਕਿ ਪਰਿਵਾਰ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਿਕ ਬੀਤੀ 24 ਜੁਲਾਈ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਉਸਦੀ ਮੌਤ ਹੋ ਗਈ ਸੀ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਹਵਾਈ ਅੱਡੇ ਤੋਂ ਮ੍ਰਿਤਕ ਸਰੀਰ ਪੀੜ੍ਹਤ ਪਰਿਵਾਰ ਦੀ ਹਾਜ਼ਰੀ 'ਚ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਸ਼ਿਸ਼ਪਾਲ ਸਿੰਘ ਲਾਡੀ, ਜਨਰਲ ਸਕੱਤਰ ਮਨਪ੍ਰੀਤ ਸਿੰਘ ਸੰਧੂ ਤੇ ਇੰਜੀ. ਜਗਦੇਵ ਸਿੰਘ ਛੀਨਾ ਵੱਲੋਂ ਪ੍ਰਾਪਤ ਕਰਕੇ ਟਰੱਸਟ ਦੀ 'ਮੁਫ਼ਤ ਐਂਬੂਲੈਂਸ ਸੇਵਾ' ਰਾਹੀਂ ਉਸ ਦੇ ਘਰ ਤੱਕ ਭੇਜਿਆ ਗਿਆ ਹੈ।

ਡਾ. ਓਬਰਾਏ ਨੇ ਇਹ ਵੀ ਦੱਸਿਆ ਕਿ ਅਜੇ ਕੁਮਾਰ ਦਾ ਮ੍ਰਿਤਕ ਸਰੀਰ ਭਾਰਤ ਭੇਜਣ ਤੇ ਆਇਆ ਖਰਚ ਉਸਦੀ ਕੰਮ ਵਾਲੀ ਕੰਪਨੀ ਵੱਲੋਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਟਰੱਸਟ ਦੀ ਮੋਗੇ ਜਿਲ੍ਹੇ ਦੀ ਟੀਮ ਵੱਲੋਂ ਜਲਦ ਹੀ ਪਰਿਵਾਰ ਦੀ ਆਰਥਿਕ ਹਾਲਤ ਤੋਂ ਜਾਣੂ ਕਰਵਾਉਣ ਉਪਰੰਤ ਅਜੇ ਕੁਮਾਰ ਦੇ ਪਰਿਵਾਰ ਨੂੰ ਲੋੜ ਅਨੁਸਾਰ ਮਹੀਨਾਵਾਰ ਪੈਨਸ਼ਨ ਵੀ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਡਾ. ਓਬਰਾਏ ਦੀ ਸਰਪ੍ਰਸਤੀ ਹੇਠ ਹੁਣ ਤੱਕ 422 ਦੇ ਕਰੀਬ ਬਦਨਸੀਬ ਨੌਜਵਾਨਾਂ ਦੇ ਮ੍ਰਿਤਕ ਸਰੀਰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਏ ਜਾ ਚੁੱਕੇ ਹਨ ਅਤੇ ਪਿਛਲੇ ਕੁਝ ਅਰਸੇ ਤੋਂ ਹਵਾਈ ਅੱਡਾ ਅੰਮ੍ਰਿਤਸਰ ਤੋਂ ਮ੍ਰਿਤਕ ਸਰੀਰ ਘਰਾਂ ਤੱਕ ਪਹੁੰਚਣ ਲਈ ਮੁਫ਼ਤ ਐਂਬੂਲੈਂਸ ਸੇਵਾ ਵੀ ਸ਼ੁਰੂ ਕੀਤੀ ਗਈ ਹੈ। ਇਸ ਦੌਰਾਨ ਹਵਾਈ ਅੱਡੇ ਤੇ ਮੌਜੂਦ ਮ੍ਰਿਤਕ ਦੇ ਪਿਤਾ ਰਾਮ ਪ੍ਰਕਾਸ਼, ਭਰਾ ਦਵਿੰਦਰ ਕੁਮਾਰ, ਸੋਮਾ ਆਦਿ ਨੇ ਡਾ. ਐੱਸ.ਪੀ. ਸਿੰਘ ਓਬਰਾਏ ਦਾ ਇਸ ਔਖੀ ਘੜੀ ਵੇਲੇ ਵੱਡੀ ਮਦਦ ਕਰਨ ਲਈ ਤਹਿ ਦਿਲੋਂ ਧੰਨਵਾਦ ਕੀਤਾ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਦਿੱਤੀ ਅੰਗਹੀਣ ਵਿਅਕਤੀਆਂ ਨੂੰ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਬਿਨਾਂ ਕਿਸੇ ਵੀ ਤਰ੍ਹਾਂ ਦੇ ਭੇਦ ਭਾਵ ਤੋਂ ਕਾਰਜ ਜਾਰੀ ਹਨ। ਇਸ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਮੁਕਤਸਰ ਸਾਹਿਬ ਵਿਖੇ 52 ਅੰਗਹੀਣ ਵਿਅਕਤੀਆਂ ਨੂੰ ਉਨਤਾਲੀ ਹਜ਼ਾਰ ਦੀ ਰਾਸ਼ੀ ਗੁਜ਼ਾਰੇ ਲਈ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ ਵਿਚ ਪਿਛਲੇ ਦਿਨੀਂ ਇੱਕ ਸਾਦੇ ਸਮਾਗਮ ਦੌਰਾਨ ਦਿੱਤੀ ਗਈ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋਕ ਕੰਮ ਕਰਨ ਤੋਂ ਅਸਮਰਥ ਹਨ ਅਤੇ ਕਈ ਵੱਖ-ਵੱਖ ਬਿਮਾਰੀ ਦੇ ਵੀ ਸ਼ਿਕਾਰ ਹਨ। ਸਹਾਇਤਾ ਰਾਸ਼ੀ ਲੈਣ ਉਪਰੰਤ ਇਨ੍ਹਾਂ ਅੰਗਹੀਣ ਵਿਅਕਤੀਆਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ



**ਡਾ. ਐੱਸ.ਪੀ. ਸਿੰਘ ਓਬਰਾਏ।**

ਡਾ. ਓਬਰਾਏ ਸਾਡੀ ਲਾਠੀ ਬਣਕੇ ਹਮੇਸ਼ਾ ਸਾਡੇ ਨਾਲ ਖੜ੍ਹਦੇ ਹਨ, ਸਾਨੂੰ ਕਦੇ ਵੀ ਡੋਲਣ ਨਹੀਂ ਦਿੰਦੇ। ਮਾਹੌਲ ਉਸ ਟਾਈਮ ਵੈਰਾਗਮਈ ਬਣ ਗਿਆ, ਜਦੋਂ ਕੁੱਝ ਕੁ ਅੰਗਹੀਣ ਵਿਅਕਤੀਆਂ ਨੇ ਰੋਂਦੇ ਹੋਏ ਕਿਹਾ ਕਿ ਸਾਡੀ ਅਜਿਹੀ ਹਾਲਤ ਵਿਚ ਸਾਡੇ ਅਪਣੇ ਵੀ ਮੂੰਹ ਮੋੜ ਜਾਂਦੇ ਹਨ, ਪਰ ਧੰਨ ਹੈ ਡਾਕਟਰ ਓਬਰਾਏ ਜਿਸ ਨਾਲ ਸਾਡਾ ਕੋਈ ਵੀ ਖ਼ੂਨ ਦਾ ਰਿਸ਼ਤਾ ਨਹੀਂ, ਕੋਈ ਰਿਸ਼ਤੇਦਾਰੀ ਨਹੀਂ, ਅਸੀਂ ਕਦੇ ਵੀ ਉਸ ਨੂੰ ਮਿਲੇ ਨਹੀਂ, ਪਰ ਫਿਰ ਵੀ ਹਰ ਮਹੀਨੇ ਸਾਡੀਆਂ ਨਿੱਜੀ ਲੋੜਾਂ ਪੂਰੀਆਂ ਕਰਨ ਲਈ ਸਹਾਇਤਾ ਰਾਸ਼ੀ ਦਿੰਦੇ ਹਨ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਡਾ. ਓਬਰਾਏ ਵਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ।

ਇਸ ਮੌਕੇ ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਅਸ਼ੋਕ ਕੁਮਾਰ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਮਾਸਟਰ ਰਾਜਿੰਦਰ ਸਿੰਘ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਨਾਥ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਗੁਰਜੀਤ ਸਿੰਘ ਜੀਤਾ, ਪਰਮਜੀਤ ਕੌਰ ਬਰਾੜ, ਅੰਮ੍ਰਿਤ ਪਾਲ ਸਿੰਘ, ਸੋਹਣ ਲਾਲ ਗੁੰਬਰ ਮਲੋਟ ਇਕਾਈ ਆਦਿ ਹਾਜ਼ਰ ਸਨ।

**Global Allianz**

ਕਾਨੂੰਨੀ ਸਲਾਹਾਂ

**LAW FIRM LLP**

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

**Asylum & Deportation Defense**



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188


EXPO
Furniture Gallery
We offer 0% interest financing and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
New Year Special Sale
Best price guaranteed.
Designed By Punjab Mail USA
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# 2025 ਦੇ ਸ਼ੁਰੂਆਤੀ 7 ਮਹੀਨਿਆਂ ’ਚ 1700 ਤੋਂ ਵਧੇਰੇ ਭਾਰਤੀ ਅਮਰੀਕਾ ਤੋਂ ਹੋਏ ਡਿਪੋਰਟ

## ■ ਵੱਡੀ ਗਿਣਤੀ ’ਚ ਪੰਜਾਬੀ ਸ਼ਾਮਲ



**ਨਵੀਂ ਦਿੱਲੀ/ਵਾਸ਼ਿੰਗਟਨ, (ਪੰਜਾਬ ਮੇਲ)**- ਡੋਨਾਲਡ ਟਰੰਪ ਦੇ ਇਸ ਸਾਲ ਜਨਵਰੀ ਵਿਚ ਰਾਸ਼ਟਰਪਤੀ ਬਣਨ ਤੋਂ ਬਾਅਦ ਅਮਰੀਕਾ ਤੋਂ ਭਾਰਤੀਆਂ ਦੇ ਦੇਸ਼ ਨਿਕਾਲੇ ਦੀ ਪ੍ਰਕਿਰਿਆ ਵਿਚ ਭਾਰੀ ਉਛਾਲ ਆਇਆ ਹੈ। ਇਸ ਸਾਲ 2025 ਦੇ ਸ਼ੁਰੂਆਤੀ 7 ਮਹੀਨਿਆਂ ਵਿਚ ਹੁਣ ਤੱਕ 1,703 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਲੋਕ ਹਨ। ਜੇਕਰ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੇ ਕਾਰਜਕਾਲ ਦੇ ਅੰਕੜਿਆਂ ’ਤੇ ਨਜ਼ਰ ਮਾਰੀਏ, ਤਾਂ ਇਹ ਗਿਣਤੀ ਦੁੱਗਣੀ ਤੋਂ ਵੀ ਵੱਧ ਹੈ। ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਲੋਕਸਭਾ ਵਿਚ ਇਸ ਸਬੰਧੀ ਜਾਣਕਾਰੀ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਇਸ ਸਾਲ ਔਸਤਨ ਹਰ ਰੋਜ਼ ਘੱਟੋ-ਘੱਟ 8 ਭਾਰਤੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ, ਜਦੋਂ ਕਿ 2020 ਤੋਂ ਦਸੰਬਰ 2024 ਵਿਚਕਾਰ ਇਹ ਗਿਣਤੀ ਪ੍ਰਤੀ ਦਿਨ ਲਗਭਗ 3 ਸੀ। ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਜਨਵਰੀ 2020 ਤੋਂ ਜੁਲਾਈ 2025 ਦੇ ਵਿਚਕਾਰ ਸਾਢੇ ਪੰਜ ਸਾਲਾਂ ਵਿਚ 7,244 ਭਾਰਤੀਆਂ ਨੂੰ ਵੱਖ-ਵੱਖ ਕਾਰਨਾਂ ਕਰਕੇ ਦੇਸ਼ ਨਿਕਾਲਾ ਦਿੱਤਾ ਗਿਆ ਅਤੇ ਉਨ੍ਹਾਂ ਵਿਚੋਂ ਲਗਭਗ ਇੱਕ ਚੌਥਾਈ 1,703 ਟਰੰਪ ਦੇ ਦੂਜੀ ਵਾਰ ਅਹੁਦਾ ਸੰਭਾਲਣ ਤੋਂ ਬਾਅਦ ਵਾਪਸ ਭੇਜੇ ਗਏ ਹਨ। ਡਿਪੋਰਟ ਕੀਤੇ 1,703 ਭਾਰਤੀਆਂ ’ਚ 1562 ਪੁਰਸ਼ ਅਤੇ 141 ਔਰਤਾਂ ਹਨ।

ਸਿੰਘ ਨੇ ਅੱਗੇ ਦੱਸਿਆ ਕਿ 2020 ਤੋਂ 2024 ਵਿਚਕਾਰ 5,541 ਭਾਰਤੀਆਂ ਨੂੰ ਅਮਰੀਕਾ ਤੋਂ ਭਾਰਤ ਡਿਪੋਰਟ ਕੀਤਾ ਗਿਆ ਸੀ। ਇਸ ਸਾਲ (2025) 22 ਜੁਲਾਈ ਤੱਕ ਅਮਰੀਕਾ ਤੋਂ ਡਿਪੋਰਟ ਕੀਤੇ ਗਏ ਭਾਰਤੀਆਂ ਦੀ ਗਿਣਤੀ 1,703 ਹੈ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਦੱਸਿਆ ਕਿ ਪਿਛਲੇ ਪੰਜ ਸਾਲਾਂ (2020-2024) ਵਿਚ ਬ੍ਰਿਟੇਨ ਤੋਂ 311 ਭਾਰਤੀਆਂ ਨੂੰ ਡਿਪੋਰਟ ਕੀਤਾ ਗਿਆ, ਜਦੋਂ ਕਿ 2025 ਵਿਚ ਹੁਣ ਤੱਕ ਇਹ ਗਿਣਤੀ 131 ਹੈ। ਟਰੰਪ ਪ੍ਰਸ਼ਾਸਨ ਨੇ 2025 ਦੀ ਸ਼ੁਰੂਆਤ ਤੋਂ ਹੀ ਇਮੀਗ੍ਰੇਸ਼ਨ ਨੀਤੀ ਨੂੰ ਸਖ਼ਤ ਕਰ ਦਿੱਤਾ।

ਵਿਦੇਸ਼ ਮੰਤਰਾਲੇ ਦੇ ਅਨੁਸਾਰ ਇਸ ਸਾਲ ਦੇਸ਼ ਨਿਕਾਲਾ ਦਿੱਤੇ ਗਏ 1703 ਲੋਕਾਂ ਵਿਚੋਂ, 864 ਨੂੰ ਚਾਰਟਰ ਅਤੇ ਫੌਜੀ ਉਡਾਣਾਂ ਰਾਹੀਂ ਦੇਸ਼ ਨਿਕਾਲਾ ਦਿੱਤਾ ਗਿਆ। ਯੂ.ਐੱਸ. ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ (ਫੌਜੀ ਉਡਾਣਾਂ) ਨੇ 5, 15 ਅਤੇ 16 ਫਰਵਰੀ ਨੂੰ 333 ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ। ਯੂ.ਐੱਸ. ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ) ਨੇ 19 ਮਾਰਚ, 8 ਜੂਨ ਅਤੇ 25 ਜੂਨ ਨੂੰ ਚਾਰਟਰ ਉਡਾਣਾਂ ਰਾਹੀਂ ਇਨਫੋਰਸਮੈਂਟ ਅਤੇ ਹਟਾਉਣ ਦੀਆਂ ਕਾਰਵਾਈਆਂ ਰਾਹੀਂ ਕੁੱਲ 231 ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ। ਹੋਮਲੈਂਡ ਸਿਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਨੇ ਵੀ 5 ਅਤੇ 18 ਜੁਲਾਈ ਨੂੰ ਚਾਰਟਰ ਰਾਹੀਂ 300 ਲੋਕਾਂ ਨੂੰ ਭਾਰਤ ਭੇਜ ਦਿੱਤਾ। ਇਸ ਤੋਂ ਇਲਾਵਾ 747 ਭਾਰਤੀਆਂ ਨੂੰ ਵਪਾਰਕ ਉਡਾਣਾਂ ਰਾਹੀਂ ਵਾਪਸ ਭੇਜਿਆ ਗਿਆ। ਇਸ ਸਮੇਂ ਦੌਰਾਨ 72 ਲੋਕ ਪਨਾਮਾ ਤੋਂ ਵੀ ਵਾਪਸ ਆਏ। ਜੇਕਰ ਰਾਜ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਸਭ ਤੋਂ ਵੱਧ ਪੰਜਾਬ ਦੇ 620 ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ। ਇਸ ਤੋਂ ਬਾਅਦ ਹਰਿਆਣਾ ਤੋਂ 604, ਗੁਜਰਾਤ ਤੋਂ 245, ਉੱਤਰ ਪ੍ਰਦੇਸ਼ ਤੋਂ 38, ਗੋਆ ਤੋਂ 26, ਮਹਾਰਾਸ਼ਟਰ ਅਤੇ ਦਿੱਲੀ ਤੋਂ 20-20, ਤੇਲੰਗਾਨਾ ਤੋਂ 19, ਤਾਮਿਲਨਾਡੂ ਤੋਂ 17, ਆਂਧਰਾ ਪ੍ਰਦੇਸ਼ ਅਤੇ ਉੱਤਰਾਖੰਡ ਤੋਂ 12 ਅਤੇ ਕਰਨਾਟਕ ਤੋਂ 5 ਲੋਕਾਂ ਨੂੰ ਵਾਪਸ ਭੇਜਿਆ ਗਿਆ।

# ਟਰੰਪ ਵੱਲੋਂ ਅਮਰੀਕੀ ਪਰਮਾਣੂ ਪਣਡੁੱਬੀਆਂ ਤਾਇਨਾਤ ਕਰਨ ਦੇ ਹੁਕਮ

**ਵਾਸ਼ਿੰਗਟਨ, (ਪੰਜਾਬ ਮੇਲ)**- ਰਾਸ਼ਟਰਪਤੀ ਡੋਨਲਡ ਟਰੰਪ ਨੇ ਰੂਸ ਦੇ ਸਾਬਕਾ ਰਾਸ਼ਟਰਪਤੀ ਦਮਿੱਤਰੀ ਮੇਦਵੇਦੇਵ ਦੇ ‘ਬੇਹੱਦ ਭੜਕਾਊ ਬਿਆਨਾਂ’ ਮਗਰੋਂ ਦੋ ਅਮਰੀਕੀ ਪਰਮਾਣੂ ਪਣਡੁੱਬੀਆਂ ਤਾਇਨਾਤ ਕਰਨ ਦੇ ਹੁਕਮ ਦਿੱਤੇ ਹਨ। ਟਰੰਪ ਨੇ ਸੋਸ਼ਲ ਮੀਡੀਆ ਪਲੈਟਫਾਰਮ ’ਤੇ ਇਕ ਪੋਸਟ ’ਚ ਇਸ ਦੀ ਜਾਣਕਾਰੀ ਦਿੱਤੀ। ਰਾਸ਼ਟਰਪਤੀ ਨੇ ਕਿਹਾ, “ਬਿਆਨ ਬਹੁਤ ਅਹਿਮ ਹੁੰਦੇ ਹਨ ਅਤੇ ਕਦੇ-ਕਦਾਈਂ ਇਹ ਬੇਲੋੜੇ ਸਿੱਟਿਆਂ ਵੱਲ ਲਿਜਾਂਦੇ ਹਨ। ਮੈਂ ਆਸ ਕਰਦਾ ਹਾਂ ਕਿ ਮੇਦਵੇਦੇਵ ਦੇ ਬਿਆਨਾਂ ਨਾਲ ਅਜਿਹਾ ਕੁਝ ਵੀ ਮਾੜਾ ਨਾ ਵਾਪਰੇ।” ਦਰਅਸਲ ਟਰੰਪ ਨੇ ਵੀਰਵਾਰ ਤੜਕੇ ਇਕ ਪੋਸਟ ’ਚ ਮੇਦਵੇਦੇਵ ਨੂੰ ਰੂਸ ਦਾ ਨਾਕਾਮ ਸਾਬਕਾ ਰਾਸ਼ਟਰਪਤੀ ਦੱਸਿਆ ਸੀ। ਇਸ ਦੇ ਕੁਝ ਘੰਟਿਆਂ ਮਗਰੋਂ ਮੇਦਵੇਦੇਵ ਨੇ ਜਵਾਬ ਦਿੰਦਿਆਂ ਕਿਹਾ ਸੀ, “ਰੂਸ ਹਰ ਮਾਮਲੇ ’ਚ ਸਹੀ ਹੈ ਅਤੇ ਆਪਣੇ ਰਾਹ ’ਤੇ ਤੁਰਦਾ ਰਹੇਗਾ।” ਜਦੋਂ ਟਰੰਪ ਸ਼ੁੱਕਰਵਾਰ ਨੂੰ ਵ੍ਹਾਈਟ ਹਾਊਸ ਤੋਂ ਰਵਾਨਾ ਹੋ ਰਹੇ ਸਨ, ਉਨ੍ਹਾਂ ਤੋਂ ਪੁੱਛਿਆ ਗਿਆ ਕਿ ਪਣਡੁੱਬੀਆਂ ਦੀ ਥਾਂ ਕਿਥੋਂ ਬਦਲੀ ਗਈ ਹੈ, ਤਾਂ ਉਨ੍ਹਾਂ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਟਰੰਪ ਨੇ ਕਿਹਾ, “ਅਸੀਂ ਤਾਂ ਇੰਝ ਹੀ ਕਰਨਾ ਸੀ। ਸਾਨੂੰ ਚੌਕਸ ਰਹਿਣਾ ਪਵੇਗਾ। ਧਮਕੀ ਦਿੱਤੀ ਗਈ ਸੀ। ਸਾਨੂੰ ਲੱਗਾ ਕਿ ਇਹ ਠੀਕ ਨਹੀ ਹੈ। ਇਸ ਲਈ ਬਹੁਤ ਸਾਵਧਾਨ ਰਹਿਣਾ ਹੋਵੇਗਾ।”



# ਭਾਰਤੀ ਤੇਲ ਰਿਫਾਇਨਰੀਆਂ ਵੱਲੋਂ ਰੂਸ ਤੋਂ ਤੇਲ ਖਰੀਦਣਾ ਜਾਰੀ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਭਾਰਤੀ ਤੇਲ ਰਿਫਾਇਨਰੀਆਂ ਰੂਸੀ ਸਪਲਾਇਰਾਂ ਤੋਂ ਤੇਲ ਦੀ ਖਰੀਦ ਜਾਰੀ ਰੱਖ ਰਹੀਆਂ ਹਨ। ਸੂਤਰਾਂ ਨੇ ਖ਼ਬਰ ਏਜੰਸੀ ਏ.ਐੱਨ.ਆਈ. ਕੋਲ ਖੁਲਾਸਾ ਕੀਤਾ ਕਿ ਉਨ੍ਹਾਂ ਦੇ ਸਪਲਾਈ ਸੰਬੰਧੀ ਫੈਸਲੇ ਕੀਮਤ, ਕੱਚੇ ਤੇਲ ਦੀ ਗੁਣਵੱਤਾ, ਭੰਡਾਰ, ਲੌਜਿਸਟਿਕਸ ਅਤੇ ਹੋਰ ਆਰਥਿਕ ਕਾਰਕਾਂ ਦੁਆਰਾ ਨਿਰਦੇਸ਼ਿਤ ਹੁੰਦੇ ਹਨ। ਭਾਰਤ ਦੇ ਰੂਸੀ ਸਪਲਾਇਰਾਂ ਤੋਂ ਤੇਲ ਦੀ ਖਰੀਦ ਜਾਰੀ ਰੱਖਣ ਦੇ ਫੈਸਲੇ ਦਾ ਸੰਦਰਭ ਦਿੰਦਿਆਂ ਸੂਤਰਾਂ ਨੇ ਕਿਹਾ ਕਿ ਰੂਸ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਕੱਚੇ ਤੇਲ ਦਾ ਉਤਪਾਦਕ ਹੈ, ਜਿਸਦਾ ਉਤਪਾਦਨ ਲਗਭਗ 9.5 ਮਿਲੀਅਨ ਬੈਰਲ ਪ੍ਰਤੀ ਦਿਨ (ਲਗਭਗ 10% ਵਿਸ਼ਵ ਮੰਗ) ਹੈ। ਇਹ ਦੂਜਾ ਸਭ ਤੋਂ ਵੱਡਾ ਨਿਰਯਾਤਕ ਵੀ ਹੈ, ਜੋ ਲਗਭਗ 4.5 ਮਿਲੀਅਨ ਬੈਰਲ ਪ੍ਰਤੀ ਦਿਨ ਕੱਚਾ ਤੇਲ ਅਤੇ 2.3 ਮਿਲੀਅਨ ਬੈਰਲ ਪ੍ਰਤੀ ਦਿਨ ਰਿਫਾਇੰਡ ਉਤਪਾਦ ਭੇਜਦਾ ਹੈ।

ਰੂਸੀ ਤੇਲ ਦੇ ਬਾਜ਼ਾਰ ਤੋਂ ਬਾਹਰ ਹੋਣ ਦੇ ਡਰ ਅਤੇ ਰਵਾਇਤੀ ਵਪਾਰਕ ਪ੍ਰਵਾਹਾਂ ਦੇ ਵਿਘਨ ਨੇ ਮਾਰਚ 2022 ਵਿਚ ਬ੍ਰੈਂਟ ਕਰੂਡ ਦੀਆਂ ਕੀਮਤਾਂ 137 ਅਮਰੀਕੀ ਡਾਲਰ ਪ੍ਰਤੀ ਬੈਰਲ ਤੱਕ ਪਹੁੰਚਾ ਦਿੱਤੀਆਂ ਸਨ। ਸੂਤਰਾਂ ਨੇ ਅੱਗੇ ਕਿਹਾ, “ਇਸ ਚੁਣੌਤੀਪੂਰਨ ਮਾਹੌਲ ਵਿਚ ਭਾਰਤ ਨੇ ਦੁਨੀਆਂ ਦੇ ਤੀਜੇ ਸਭ ਤੋਂ ਵੱਡੇ ਊਰਜਾ ਖਪਤਕਾਰ ਅਤੇ 85% ਕੱਚੇ ਤੇਲ ਦੀ ਦਰਾਮਦ ’ਤੇ ਨਿਰਭਰ ਹੋਣ ਦੇ ਨਾਤੇ ਕੌਮਾਂਤਰੀ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਹੋਏ ਸਸਤੀ ਊਰਜਾ ਨੂੰ ਸੁਰੱਖਿਅਤ ਕਰਨ ਲਈ ਆਪਣੀ ਖਰੀਦਦਾਰੀ ਨੂੰ ਰਣਨੀਤਕ ਤੌਰ ’ਤੇ ਢਾਲਿਆ।” ਇਸ ਤੋਂ ਪਹਿਲਾਂ ਸ਼ੁੱਕਰਵਾਰ (ਸਥਾਨਕ ਸਮੇਂ) ਨੂੰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਸੀ ਕਿ ਭਾਰਤ ਰੂਸੀ ਤੇਲ ਖਰੀਦਣਾ ਬੰਦ ਕਰ ਸਕਦਾ ਹੈ ਅਤੇ ਜੇ ਇਸਦੀ ਪੁਸ਼ਟੀ ਹੁੰਦੀ ਹੈ, ਤਾਂ ਇਸਨੂੰ “ਇੱਕ ਚੰਗਾ ਕਦਮ” ਦੱਸਿਆ, ਜਦੋਂ ਕਿ ਭਾਰਤ ਨੇ ਕੌਮੀ ਹਿੱਤਾਂ ਦੇ ਅਧਾਰ ’ਤੇ ਊਰਜਾ ਨੀਤੀ ਬਣਾਉਣ ਦੇ ਆਪਣੇ ਪ੍ਰਭੂਸੱਤਾ ਸੰਪੰਨ ਅਧਿਕਾਰ ਦਾ ਬਚਾਅ ਕੀਤਾ ਹੈ।

ਇਸ ਸਬੰਧੀ 31 ਜੁਲਾਈ ਨੂੰ ਰਾਇਟਰਜ਼ ਨੇ ਆਪਣੇ ਸੂਤਰਾਂ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਦਿੱਤੀ ਸੀ ਕਿ ਭਾਰਤੀ ਸਰਕਾਰੀ ਰਿਫਾਇਨਰੀਆਂ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਟੈਰਿਫ ਦੀਆਂ ਧਮਕੀਆਂ ਅਤੇ ਕੀਮਤਾਂ ਵਿਚ ਛੋਟ ਘਟਣ ਕਾਰਨ ਪਿਛਲੇ ਹਫ਼ਤੇ ਰੂਸੀ ਤੇਲ ਦੀ ਖਰੀਦ ਨੂੰ ਮੁਅੱਤਲ ਕਰ ਦਿੱਤਾ ਸੀ।




# ਅਮਰੀਕਾ ਵੱਲੋਂ ਇਰਾਨੀ ਪੈਟਰੋਲੀਅਮ ਉਤਪਾਦਾਂ ਦੇ ਵਪਾਰ ਲਈ 6 ਭਾਰਤੀ ਕੰਪਨੀਆਂ ’ਤੇ ਪਾਬੰਦੀਆਂ

ਵਾਸ਼ਿੰਗਟਨ, (ਪੰਜਾਬ ਮੇਲ)- ਟਰੰਪ ਪ੍ਰਸ਼ਾਸਨ ਨੇ ਇਰਾਨ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ ਦੀ ਮਹੱਤਵਪੂਰਨ ਵਿਕਰੀ ਅਤੇ ਖਰੀਦਦਾਰੀ ਲਈ 6 ਭਾਰਤੀ ਕੰਪਨੀਆਂ ’ਤੇ ਪਾਬੰਦੀਆਂ ਲਗਾ ਦਿੱਤੀਆਂ ਹਨ।

ਇਰਾਨੀ ਪੈਟਰੋਲੀਅਮ, ਪੈਟਰੋਲੀਅਮ ਉਤਪਾਦਾਂ ਜਾਂ ਪੈਟਰੋ-ਕੈਮੀਕਲ ਵਪਾਰ ’ਚ ਲੱਗੀਆਂ 20 ਆਲਮੀ ਸੰਸਥਾਵਾਂ ’ਤੇ ਪਾਬੰਦੀਆਂ ਲਗਾਉਣ ਮੌਕੇ ਵਿਦੇਸ਼ ਵਿਭਾਗ ਨੇ ਕਿਹਾ, “ਇਰਾਨੀ ਸ਼ਾਸਨ ਮੱਧ ਪੂਰਬ ਵਿਚ ਸੰਘਰਸ਼ ਨੂੰ ਹਵਾ ਦੇਣਾ ਜਾਰੀ ਰੱਖ ਰਿਹਾ ਹੈ, ਤਾਂ ਜੋ ਆਪਣੀਆਂ ਅਸਥਿਰਤਾ ਫੈਲਾਉਣ ਵਾਲੀਆਂ ਗਤੀਵਿਧੀਆਂ ਲਈ ਫੰਡ ਜੁਟਾ ਸਕੇ। ਸੰਯੁਕਤ ਰਾਜ ਅਮਰੀਕਾ ਉਸ ਮਾਲੀਏ ਦੇ ਪ੍ਰਵਾਹ ਨੂੰ ਰੋਕਣ ਲਈ ਕਾਰਵਾਈ ਕਰ ਰਿਹਾ ਹੈ, ਜਿਸ ਦੀ ਵਰਤੋਂ ਸ਼ਾਸਨ ਵਿਦੇਸ਼ਾਂ ’ਚ ਅੱਤਵਾਦ ਦਾ ਸਮਰਥਨ ਕਰਨ ਅਤੇ ਆਪਣੇ ਹੀ ਲੋਕਾਂ ’ਤੇ ਜ਼ੁਲਮ ਕਰਨ ਲਈ ਕਰਦਾ ਹੈ।” ਵਿਦੇਸ਼ ਵਿਭਾਗ ਨੇ ਕਿਹਾ ਕਿ ਭਾਰਤ, ਸੰਯੁਕਤ ਅਰਬ ਅਮੀਰਾਤ, ਤੁਰਕੀ ਅਤੇ ਇੰਡੋਨੇਸ਼ੀਆ ਦੀਆਂ ਕਈ ਕੰਪਨੀਆਂ ਨੂੰ ਇਰਾਨ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ ਦੀ ਮਹੱਤਵਪੂਰਨ ਵਿਕਰੀ ਅਤੇ ਖਰੀਦਦਾਰੀ ਲਈ ਨਾਮਜ਼ਦ ਕੀਤਾ ਜਾ ਰਿਹਾ ਹੈ।

ਇਸ ਵਿਚ ਕਿਹਾ ਗਿਆ ਹੈ, “ਜਿਵੇਂ ਕਿ ਰਾਸ਼ਟਰਪਤੀ ਟਰੰਪ ਨੇ ਕਿਹਾ ਹੈ, ਕੋਈ ਵੀ ਦੇਸ਼ ਜਾਂ ਵਿਅਕਤੀ ਜੋ ਇਰਾਨੀ ਤੇਲ ਜਾਂ ਪੈਟਰੋ-ਕੈਮੀਕਲ ਖਰੀਦਣ ਦੀ ਚੋਣ ਕਰਦਾ ਹੈ, ਉਹ ਆਪਣੇ ਆਪ ਨੂੰ ਅਮਰੀਕੀ ਪਾਬੰਦੀਆਂ ਦੇ ਖਤਰੇ ਵਿਚ ਪਾਉਂਦਾ ਹੈ ਅਤੇ ਉਸ ਨੂੰ ਸੰਯੁਕਤ ਰਾਜ ਨਾਲ ਵਪਾਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।”

ਇਰਾਨ ਦੇ ਪੈਟਰੋ-ਕੈਮੀਕਲ ਵਪਾਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਅਮਰੀਕਾ ਨੇ ਕਈ ਅਧਿਕਾਰ ਖੇਤਰਾਂ ’ਚ 13 ਸੰਸਥਾਵਾਂ ਨੂੰ ਨਾਮਜ਼ਦ ਕੀਤਾ ਹੈ, ਜੋ ਇਰਾਨ-ਮੂਲ ਦੇ ਪੈਟਰੋ-ਕੈਮੀਕਲਾਂ ਦੀ ਟ੍ਰਾਂਸਸ਼ਿਪਮੈਂਟ, ਵਿਕਰੀ ਅਤੇ ਖਰੀਦ ਵਿਚ ਸ਼ਾਮਲ ਹਨ।

## ਨਾਮਜ਼ਦ ਕੀਤੀਆਂ ਗਈਆਂ ਭਾਰਤ-ਆਧਾਰਿਤ ਕੰਪਨੀਆਂ

- **ਕੰਚਨ ਪੋਲੀਮਰਜ਼** : ਇਸ ਨੇ ਫਰਵਰੀ ਅਤੇ ਜੁਲਾਈ 2024 ਦਰਮਿਆਨ ਯੂ.ਏ.ਈ.-ਆਧਾਰਿਤ ਟੈਨਿਸ ਟਰੇਡਿੰਗ ਤੋਂ 1.3 ਮਿਲੀਅਨ ਡਾਲਰ ਤੋਂ ਵੱਧ ਦੇ ਈਰਾਨੀ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ, ਜਿਸ ਵਿਚ ਪੋਲੀਥੀਨ ਵੀ ਸ਼ਾਮਲ ਹੈ, ਦੀ ਦਰਾਮਦ ਅਤੇ ਖਰੀਦਦਾਰੀ ਕੀਤੀ।
- **ਅਲਕੈਮੀਕਲ ਸੋਲਿਊਸ਼ਨਜ਼** : ਇਹ ਇਕ ਪੈਟਰੋ-ਕੈਮੀਕਲ ਵਪਾਰਕ ਕੰਪਨੀ ਹੈ, ਜਿਸ ਨੇ ਜਨਵਰੀ ਅਤੇ ਦਸੰਬਰ 2024 ਦਰਮਿਆਨ ਕਈ ਕੰਪਨੀਆਂ ਤੋਂ 84 ਮਿਲੀਅਨ ਡਾਲਰ ਤੋਂ ਵੱਧ ਦੇ ਇਰਾਨ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ ਦੀ ਦਰਾਮਦ ਅਤੇ ਖਰੀਦ ਕੀਤੀ ਹੈ।
- **ਰਾਮਨਿਕਲਾਲ ਐੱਸ ਗੋਸਾਲੀਆ ਐਂਡ ਕੰਪਨੀ** : ਇਸ ਨੇ ਜਨਵਰੀ 2024 ਅਤੇ ਜਨਵਰੀ 2025 ਦਰਮਿਆਨ ਕਈ ਕੰਪਨੀਆਂ ਤੋਂ ਮੀਥੇਨੌਲ ਅਤੇ ਟੋਲੂਇਨ ਸਮੇਤ 22 ਮਿਲੀਅਨ ਡਾਲਰ ਤੋਂ ਵੱਧ ਦੇ ਇਰਾਨ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ ਦੀ ਦਰਾਮਦ ਅਤੇ ਖਰੀਦ ਕੀਤੀ।

ਇਸੇ ਤਰ੍ਹਾਂ ਜੁਪੀਟਰ ਡਾਈ ਕੈਮ ਪ੍ਰਾਈਵੇਟ ਲਿਮਟਿਡ ਵੀ ਪਾਬੰਦੀਆਂ ਦੀ ਸੂਚੀ ਵਿਚ ਹੈ, ਜਿਸ ਨੇ ਜਨਵਰੀ 2024 ਅਤੇ ਜਨਵਰੀ 2025 ਦਰਮਿਆਨ ਕਈ ਕੰਪਨੀਆਂ ਤੋਂ ਟੋਲੂਇਨ ਸਮੇਤ 49 ਮਿਲੀਅਨ ਡਾਲਰ ਤੋਂ ਵੱਧ ਦੇ ਇਰਾਨ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ ਦੀ ਦਰਾਮਦ ਅਤੇ ਖਰੀਦ ਕੀਤੀ।

ਬਾਕੀ ਦੋ ਪਾਬੰਦੀਸ਼ੁਦਾ ਭਾਰਤੀ ਕੰਪਨੀਆਂ ਗਲੋਬਲ ਇੰਡਸਟਰੀਅਲ ਕੈਮੀਕਲਜ਼ ਲਿਮਟਿਡ ਅਤੇ ਪਰਸਿਸਟੈਂਟ ਪੈਟਰੋਕੈਮ ਪ੍ਰਾਈਵੇਟ ਲਿਮਟਿਡ ਹਨ, ਜਿਨ੍ਹਾਂ ਨੇ ਮੁੱਖ ਤੌਰ ’ਤੇ ਪਿਛਲੇ ਸਾਲ ਦੌਰਾਨ ਕਈ ਕੰਪਨੀਆਂ ਨਾਲ ਕ੍ਰਮਵਾਰ 51 ਮਿਲੀਅਨ ਡਾਲਰ ਅਤੇ 14 ਮਿਲੀਅਨ ਡਾਲਰ ਤੋਂ ਵੱਧ ਦਾ ਕਾਰੋਬਾਰ ਕੀਤਾ ਹੈ।

# ਅਮਰੀਕਾ ਵੱਲੋਂ ਕਰਾਚੀ ’ਚ ਹਾਈ ਅਲਰਟ ਜਾਰੀ

## ਚੀਨੀ ਹਿੱਤਾਂ ’ਤੇ ਬਲੋਚ ਆਤਮਘਾਟੀ ਹਮਲੇ ਦਾ ਖਤਰਾ

ਵਾਸ਼ਿੰਗਟਨ/ਕਰਾਚੀ, (ਪੰਜਾਬ ਮੇਲ)- ਅਮਰੀਕਾ ਨੇ ਪਾਕਿਸਤਾਨ ਦੇ ਕਰਾਚੀ ਸ਼ਹਿਰ ਅਤੇ ਆਲੇ-ਦੁਆਲੇ ਦੇ ਇਲਾਕਿਆਂ ’ਚ ਸੁਰੱਖਿਆ ਨੂੰ ਲੈ ਕੇ ਹਾਈ ਅਲਰਟ ਜਾਰੀ ਕੀਤਾ ਹੈ। ਰਿਪੋਰਟਾਂ ਮੁਤਾਬਕ, ਬਲੋਚ ਵਿਦਰੋਹੀ ਸਮੂਹਾਂ ਵੱਲੋਂ ਚੀਨੀ ਨਾਗਰਿਕਾਂ ਅਤੇ ਚੀਨ ਨਾਲ ਜੁੜੇ ਪ੍ਰਾਜੈਕਟਾਂ (ਜਿਵੇਂ- ਬੰਦਰਗਾਹ, ਨਿਰਮਾਣ, ਊਰਜਾ ਪ੍ਰਾਜੈਕਟਾਂ ਆਦਿ) ਨੂੰ ਨਿਸ਼ਾਨਾ ਬਣਾਏ ਜਾਣ ਦਾ ਖਦਸ਼ਾ ਹੈ।

ਖੁਫੀਆ ਸੂਤਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਬਲੋਚ ‘ਫਿਦਾਇਨ’ ਯਾਨੀ ਆਤਮਘਾਤੀ ਹਮਲਾਵਰ ਕਿਸੇ ਵੀ ਸਮੇਂ ਹਮਲਾ ਕਰ ਸਕਦੇ ਹਨ। ਇਸ ਕਾਰਨ ਅਮਰੀਕੀ ਨਾਗਰਿਕਾਂ ਅਤੇ ਸੰਸਥਾਵਾਂ ਨੂੰ ਕਰਾਚੀ ਅਤੇ ਉਸਦੇ ਨਜ਼ਦੀਕੀ ਇਲਾਕਿਆਂ ’ਚ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਹੈ।

ਬਲੋਚ ਵਿਦਰੋਹੀ ਸਮੂਹ ਲੰਬੇ ਸਮੇਂ ਤੋਂ ਪਾਕਿਸਤਾਨ ’ਚ ਚੀਨ ਦੀ ਮੌਜੂਦਗੀ ਅਤੇ ਨਿਵੇਸ਼ ਦਾ ਵਿਰੋਧ ਕਰਦੇ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਨ੍ਹਾਂ ਪ੍ਰਾਜੈਕਟਾਂ ਨਾਲ ਸਥਾਨਕ ਲੋਕਾਂ ਨੂੰ ਫਾਇਦਾ ਨਹੀਂ ਹੁੰਦਾ ਅਤੇ ਉਨ੍ਹਾਂ ਦੇ ਸਾਧਨਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com

# ਅਮਰੀਕੀ ਪਾਸਪੋਰਟ ਦਰਜਾਬੰਦੀ ’ਚ 10ਵੇਂ ਸਥਾਨ ’ਤੇ ਖਿਸਕਿਆ




ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਪਾਸਪੋਰਟ, ਜੋ ਕਦੇ ਦੁਨੀਆਂ ’ਚ ਸਭ ਤੋਂ ਸ਼ਕਤੀਸ਼ਾਲੀ ਦਰਜਾ ਪ੍ਰਾਪਤ ਸੀ, ਹੁਣ ਪਾਸਪੋਰਟ ਦਰਜਾਬੰਦੀ ’ਚ 10ਵੇਂ ਸਥਾਨ ’ਤੇ ਖਿਸਕ ਗਿਆ ਹੈ। ਇਹ ਹੁਣ ਤੱਕ ਦਾ ਸਭ ਤੋਂ ਨੀਵਾਂ ਸਥਾਨ ਹੈ। ਇਕ ਤਾਜ਼ਾ ਸਰਵੇਖਣ ਨੇ ਅਮਰੀਕਾ ਨੂੰ ਵਿਸ਼ਵ ਪਾਸਪੋਰਟ ਰੈਂਕਿੰਗ ’ਚ ਆਈਸਲੈਂਡ ਅਤੇ ਲਿਥੁਆਨੀਆ ਨਾਲ 10ਵੇਂ ਸਥਾਨ ’ਤੇ ਲਿਆ ਖੜ੍ਹਾ ਕੀਤਾ ਹੈ, ਜੋ ਕਿ 20 ਸਾਲ ਪਹਿਲਾਂ ਸੂਚਕਾਂਕ ਦੀ ਸਿਰਜਣਾ ਤੋਂ ਬਾਅਦ ਆਪਣਾ ਸਭ ਤੋਂ ਹੇਠਲਾ ਸਥਾਨ ਕਿਹਾ ਜਾ ਸਕਦਾ ਹੈ। ਇਕ ਦਹਾਕੇ ’ਚ ਪਹਿਲੇ ਸਥਾਨ ਤੋਂ ਦਸਵੇਂ ਨੰਬਰ ਤੱਕ ਖਿਸਕਣਾ ਹੈਰਾਨੀਜਨਕ ਹੀ ਨਹੀਂ, ਸਗੋਂ 2014 ਤੋਂ ਬਾਅਦ ਦੀ ਇਹ ਗਿਰਾਵਟ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਨਾਲ ਹੋਰ ਵੀ ਹੇਠਾਂ ਜਾ ਸਕਦੀ ਹੈ। ਅਮਰੀਕੀ 182 ਸਥਾਨਾਂ ’ਤੇ ਵੀਜ਼ਾ-ਮੁਕਤ ਯਾਤਰਾ ਕਰ ਸਕਦੇ ਹਨ।

2025 ਦੇ ਹੈਨਲੀ ਪਾਸਪੋਰਟ ਸੂਚਕਾਂਕ ਸਰਵੇਖਣ ਨੇ ਇਕ ਦਹਾਕੇ ਦੀ ਗਿਰਾਵਟ ਤੋਂ ਬਾਅਦ, ਪਿਛਲੇ ਸਾਲ ਨਾਲੋਂ ਅਮਰੀਕਾ ਦੀ ਰੇਟਿੰਗ ਤਿੰਨ ਸਥਾਨ ਹੇਠਾਂ ਕਰ ਦਿੱਤੀ ਹੈ। ਪਰ ਇਸ ਦੇ ਬਾਵਜੂਦ ਗ੍ਰਹਿ ਵਿਭਾਗ ਨੇ ਕਿਹਾ ਹੈ ਕਿ ਉਹ ਅਜੇ ਵੀ ਅਮਰੀਕੀ ਪਾਸਪੋਰਟ ਦੀ ਤਾਕਤ ਤੇ ਵਿਸ਼ਵਵਿਆਪੀ ਪਹੁੰਚ ਬਾਰੇ ਮੁਕੰਮਲ ਭਰੋਸਾ ਰੱਖਦਾ ਹੈ। ਅਸਲ ਵਿਚ ਰੈਂਕਿੰਗ ’ਚ ਗਿਰਾਵਟ ਗਲੋਬਲ ਗਤੀਸ਼ੀਲਤਾ ਦੇ ਰੁਝਾਨਾਂ ’ਚ ਬਦਲਾਅ ਨੂੰ ਉਜਾਗਰ ਕਰਦੀ ਹੈ ਤੇ ਅੰਤਰਰਾਸ਼ਟਰੀ ਸੰਬੰਧਾਂ ਅਤੇ ਸਰਹੱਦੀ ਨੀਤੀਆਂ ਪ੍ਰਤੀ ਅਮਰੀਕਾ ਦੀ ਪਹੁੰਚ ਬਾਰੇ ਚਿੰਤਾਵਾਂ ਨੂੰ ਦਰਸਾਉਂਦੀ ਹੈ, ਜੋ ਅਮਰੀਕੀ ਯਾਤਰੀਆਂ ਤੇ ਦੇਸ਼ ਦੇ ਵਿਸ਼ਵਵਿਆਪੀ ਪ੍ਰਭਾਵ ਦੋਵਾਂ ਨੂੰ ਪ੍ਰਭਾਵਤ ਕਰਦੀ ਹੈ। ਹੈਨਲੀ ਐਂਡ ਪਾਰਟਨਰਜ਼ ਦੇ ਇਕ ਬੁਲਾਰੇ ਨੇ ਦੱਸਿਆ ਕਿ ਅਮਰੀਕਾ 2014 ’ਚ ਰੈਂਕਿੰਗ ’ਚ ਪਹਿਲੇ ਨੰਬਰ ’ਤੇ ਸੀ।



# ਅਸਥਿਰਤਾ ਤੇ ਉਥਲ-ਪੁਥਲ ਭਰਿਆ ਰਿਹਾ ਟਰੰਪ ਦਾ ਹੁਣ ਤੱਕ ਦਾ ਕਾਰਜਕਾਲ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੱਤਾ 'ਚ ਆਏ ਸਿਰਫ਼ 195 ਦਿਨ ਹੋਏ ਹਨ, ਪਰ ਉਨ੍ਹਾਂ ਦਾ ਕਾਰਜਕਾਲ ਅਸਥਿਰਤਾ, ਉਥਲ-ਪੁਥਲ ਅਤੇ ਯੂ-ਟਰਨ ਨਾਲ ਭਰਿਆ ਜਾਪਦਾ ਹੈ। ਟਰੰਪ ਪ੍ਰਸ਼ਾਸਨ ਨੇ ਹੁਣ ਤੱਕ ਰਿਕਾਰਡ 178 ਕਾਰਜਕਾਰੀ ਆਦੇਸ਼ਾਂ 'ਤੇ ਦਸਤਖ਼ਤ ਕੀਤੇ ਹਨ, ਯਾਨੀ ਕਿ ਹਰ ਰੋਜ਼ ਲਗਭਗ ਇੱਕ ਨਵਾਂ ਆਦੇਸ਼। ਇਨ੍ਹਾਂ ਵਿਚੋਂ 34 ਫੈਸਲੇ ਖੁਦ ਟਰੰਪ ਨੇ ਉਲਟਾ ਦਿੱਤੇ ਹਨ। ਉਦਾਹਰਣ ਵਜੋਂ ਖੋਜ ਫੰਡਿੰਗ ਨੂੰ ਰੋਕਣ ਦੇ ਆਦੇਸ਼ ਨੂੰ ਸਿਰਫ਼ 3 ਦਿਨਾਂ ਵਿਚ ਉਲਟਾ ਦਿੱਤਾ ਗਿਆ। ਗੈਸ ਅਤੇ ਊਰਜਾ ਖੇਤਰ ਵਿਚ ਦਿੱਤੀ ਗਈ ਰਾਹਤ ਵਾਪਸ ਲੈਣ ਦੇ ਫੈਸਲੇ 'ਤੇ ਦੋ ਹਫ਼ਤਿਆਂ ਬਾਅਦ ਵੀ ਯੂ-ਟਰਨ ਲਿਆ ਗਿਆ। ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਸਖ਼ਤੀ ਤੋਂ ਲੈ ਕੇ ਟੈਰਿਫ ਅਤੇ LGBTQ+ ਅਧਿਕਾਰਾਂ ਤੱਕ ਟਰੰਪ ਨੇ ਕਈ ਵਾਰ ਆਪਣੇ ਆਦੇਸ਼ਾਂ 'ਤੇ ਯੂ-ਟਰਨ ਲਿਆ ਹੈ। ਟਰੰਪ ਦੇ ਯੂ-ਟਰਨ ਕਾਰਨ ਸਭ ਤੋਂ ਵੱਧ ਭੰਬਲਭੂਸਾ ਉਦਯੋਗ ਵਿਚ ਹੈ।

ਇਨ੍ਹਾਂ ਫੈਸਲਿਆਂ ਦੀ ਰਫ਼ਤਾਰ ਅਤੇ ਵਿਰੋਧਾਭਾਸ ਦਾ ਨਤੀਜਾ ਇਹ ਹੈ ਕਿ ਟਰੰਪ ਪ੍ਰਸ਼ਾਸਨ ਦੇ ਹੁਕਮਾਂ ਵਿਰੁੱਧ ਅਦਾਲਤਾਂ ਵਿਚ ਕੇਸਾਂ ਦਾ ਹੜ੍ਹ ਆ ਗਿਆ ਹੈ। ਅਮਰੀਕਾ ਦੀਆਂ ਸੰਘੀ ਅਦਾਲਤਾਂ 'ਤੇ ਅਚਾਨਕ ਫੈਸਲਿਆਂ ਨੂੰ ਉਲਟਾਉਣ ਅਤੇ ਕਾਨੂੰਨੀ ਵਿਰੋਧ ਦਾ ਦਬਾਅ



ਵਧ ਗਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ 'ਮੇਕ ਅਮਰੀਕਾ ਗ੍ਰੇਟ ਅਗੇਨ' ਦੇ ਨਾਮ 'ਤੇ ਲਏ ਗਏ ਫੈਸਲਿਆਂ 'ਤੇ ਯੂ-ਟਰਨ ਲੈ ਕੇ ਟਰੰਪ ਨੇ ਪ੍ਰਸ਼ਾਸਨ ਨੂੰ ਉਲਝਾਇਆ ਹੈ ਅਤੇ ਜਨਤਾ ਨੂੰ ਭਰਮ ਵਿਚ ਪਾ ਦਿੱਤਾ ਹੈ।

### ਟਰੰਪ ਦੇਸ਼ ਨਿਕਾਲੇ, ਯੂਕਰੇਨ ਅਤੇ ਗਾਜ਼ਾ ਯੁੱਧ ਵਰਗੇ ਮੁੱਦਿਆਂ 'ਤੇ ਆਪਣੇ ਦਾਅਵਿਆਂ ਤੋਂ ਵਾਰ-ਵਾਰ ਪਿੱਛੇ ਹਟੇ

- ਦੂਜੇ ਕਾਰਜਕਾਲ ਵਿਚ ਸਭ ਤੋਂ ਵੱਧ ਅਸਥਿਰਤਾ ਟੈਰਿਫ ਨੀਤੀਆਂ ਵਿਚ ਦੇਖੀ ਗਈ ਹੈ। ਹੁਣ ਤੱਕ ਟਰੰਪ ਨੇ ਟੈਰਿਫ ਨਾਲ ਸਬੰਧਤ 28 ਫੈਸਲਿਆਂ 'ਤੇ ਯੂ-ਟਰਨ ਲਿਆ ਹੈ।
- ਕੈਨੇਡਾ ਅਤੇ ਚੀਨ ਵਰਗੇ ਵਪਾਰਕ ਭਾਈਵਾਲਾਂ 'ਤੇ ਟੈਰਿਫ ਲਗਾਉਣ ਦਾ ਐਲਾਨ ਕਰਨ ਤੋਂ ਬਾਅਦ ਬਾਜ਼ਾਰ ਦੇ ਉਤਰਾਅ-ਚੜ੍ਹਾਅ ਅਤੇ ਕੂਟਨੀਤਕ ਦਬਾਅ ਨੇ ਟਰੰਪ ਨੂੰ ਕਈ ਵਾਰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ।
- ਟੈਰਿਫ ਦੀ ਆਖਰੀ ਮਿਤੀ ਤਿੰਨ ਵਾਰ ਮੁਲਤਵੀ ਕੀਤੀ ਗਈ ਸੀ। ਪਹਿਲੀ ਆਖਰੀ ਮਿਤੀ 9 ਜੁਲਾਈ ਸੀ, ਫਿਰ 1 ਅਗਸਤ। ਸ਼ੁੱਕਰਵਾਰ ਨੂੰ ਇਸਨੂੰ ਇੱਕ ਹਫ਼ਤੇ ਲਈ ਮੁਲਤਵੀ ਕਰ ਦਿੱਤਾ ਗਿਆ ਸੀ। ਟਰੰਪ ਨੇ ਫਾਰਮਾਸਿਊਟੀਕਲ ਅਤੇ ਤਾਂਬੇ 'ਤੇ ਦਿੱਤੀਆਂ ਗਈਆਂ ਛੋਟਾਂ ਨੂੰ ਵੀ ਕਈ ਵਾਰ ਮੁਲਤਵੀ ਕਰ ਦਿੱਤਾ ਹੈ।
- ਯੂਕਰੇਨ ਨੂੰ ਫੌਜੀ ਸਹਾਇਤਾ: 9 ਜੁਲਾਈ ਨੂੰ ਟਰੰਪ ਨੇ ਯੂਕਰੇਨ ਨੂੰ ਦਿੱਤੀ ਜਾ ਰਹੀ ਫੌਜੀ ਸਹਾਇਤਾ ਬੰਦ ਕਰ ਦਿੱਤੀ। ਪਰ ਫਿਰ ਯੂਕਰੇਨ ਨੂੰ 10 ਪੈਟ੍ਰੀਅਟ ਮਿਜ਼ਾਈਲਾਂ ਅਤੇ ਹੋਰ ਫੌਜੀ ਸਹਾਇਤਾ ਭੇਜਣ ਦਾ ਆਦੇਸ਼ ਦਿੱਤਾ।
- ਗਾਜ਼ਾ ਯੁੱਧ: ਇਸਨੂੰ 24 ਘੰਟਿਆਂ ਵਿਚ ਖਤਮ ਕਰਨ ਦਾ ਵਾਅਦਾ ਕੀਤਾ ਪਰ ਰਾਸ਼ਟਰਪਤੀ ਬਣਨ ਦੇ 6 ਮਹੀਨੇ ਬਾਅਦ ਵੀ ਇਸਨੂੰ ਰੋਕ ਨਹੀਂ ਸਕਿਆ। 4 ਫਰਵਰੀ ਨੂੰ ਗਾਜ਼ਾ ਦੇ ਨਾਗਰਿਕਾਂ ਦੇ ਪੁਨਰਵਾਸ ਬਾਰੇ ਗੱਲ ਕੀਤੀ। 21 ਫਰਵਰੀ ਨੂੰ ਕਿਹਾ, ਮੈਂ ਇਹ ਨਹੀਂ ਕਿਹਾ। 12 ਮਾਰਚ ਨੂੰ ਫਿਰ ਆਪਣਾ ਬਿਆਨ ਬਦਲਿਆ।
- ਦੇਸ਼ ਨਿਕਾਲਾ: 22 ਜਨਵਰੀ ਨੂੰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦਾ ਆਦੇਸ਼ ਦਿੱਤਾ। ਅਦਾਲਤ ਦੇ ਡਰ ਕਾਰਨ ਆਦੇਸ਼ ਰੱਦ ਕਰ ਦਿੱਤਾ, ਫਿਰ ਨਵੇਂ ਆਦੇਸ਼ ਦਿੱਤੇ।

### ਟਰੰਪ ਵਿਰੁੱਧ 329 ਮਾਮਲੇ ਦਰਜ, ਜ਼ਿਆਦਾਤਰ 78 ਫੰਡਿੰਗ ਵਿਚ ਕਟੌਤੀ ਲਈ

ਹੁਣ ਤੱਕ ਟਰੰਪ ਪ੍ਰਸ਼ਾਸਨ ਦੇ ਹੁਕਮਾਂ ਵਿਰੁੱਧ 329 ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ਰਾਜ ਸਰਕਾਰਾਂ, ਯੂਨੀਵਰਸਿਟੀਆਂ, ਸਮਾਜਿਕ ਸੰਗਠਨ ਅਤੇ ਆਮ ਨਾਗਰਿਕ ਸ਼ਾਮਲ ਹਨ। ਦਾਇਰ ਕੀਤੇ ਗਏ ਮਾਮਲਿਆਂ ਵਿਚੋਂ ਸਭ ਤੋਂ ਵੱਧ 78 ਫੰਡਿੰਗ ਕਟੌਤੀਆਂ ਨਾਲ ਸਬੰਧਤ ਹਨ। ਇਨ੍ਹਾਂ ਵਿਚ ਇਮੀਗ੍ਰੇਸ਼ਨ ਅਤੇ ਦੇਸ਼ ਨਿਕਾਲੇ 'ਤੇ 67, ਡੋਜੀ (27), ਬਰਖਾਸਤਗੀ (47), ਵਾਤਾਵਰਣ (17), ਟ੍ਰਾਂਸਜੈਂਡਰ ਅਧਿਕਾਰ (17), ਟੈਰਿਫ (12) ਅਤੇ ਹੋਰ (47) ਸ਼ਾਮਲ ਹਨ। ਰਿਪੋਰਟ ਅਨੁਸਾਰ ਪਹਿਲੇ 100 ਦਿਨਾਂ ਵਿਚ 220 ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ। ਸਭ ਤੋਂ ਪ੍ਰਮੁੱਖ ਮਾਮਲਿਆਂ ਵਿਚੋਂ ਇੱਕ ਵਿਚ ਮੈਰੀਲੈਂਡ ਅਦਾਲਤ ਨੇ ਕਿਲਮਰ ਅਬਰੇਗੋ ਗਾਰਸੀਆ ਦੇ ਦੇਸ਼ ਨਿਕਾਲੇ 'ਤੇ ਟਰੰਪ ਪ੍ਰਸ਼ਾਸਨ ਨੂੰ ਅਪਮਾਨ ਦਾ ਦੋਸ਼ੀ ਠਹਿਰਾਇਆ। ਅਦਾਲਤ ਟਰੰਪ ਵੱਲੋਂ ਬਿਨਾਂ ਸੋਚੇ-ਸਮਝੇ ਲਏ ਗਏ ਫੈਸਲਿਆਂ 'ਤੇ ਵੀ ਸਖ਼ਤ ਹੈ। ਅਦਾਲਤ ਨੇ ਹੁਣ ਤੱਕ ਟਰੰਪ ਪ੍ਰਸ਼ਾਸਨ ਦੇ ਹੁਕਮਾਂ ਵਿਰੁੱਧ ਦਾਇਰ 200 ਤੋਂ ਵੱਧ ਮਾਮਲਿਆਂ 'ਤੇ ਰੋਕ ਲਗਾਈ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਮਾਮਲਿਆਂ ਵਿਚ, ਸੰਘੀ ਅਦਾਲਤਾਂ ਨੇ ਦਖਲ ਦਿੱਤਾ ਅਤੇ ਨੀਤੀਆਂ ਨੂੰ ਗੈਰ-ਸੰਵਿਧਾਨਕ ਜਾਂ ਜਲਦਬਾਜ਼ੀ ਵਿਚ ਲਿਆ ਗਿਆ ਪਾਇਆ। ਉਦਾਹਰਣ ਵਜੋਂ ਕਈ ਸੰਘੀ ਜੱਜਾਂ ਨੇ ਜਨਮ ਅਧਿਕਾਰ ਨਾਗਰਿਕਤਾ ਨੂੰ ਖਤਮ ਕਰਨ ਦੀ ਕੋਸ਼ਿਸ਼ 'ਤੇ ਤੁਰੰਤ ਰੋਕ ਲਗਾ ਦਿੱਤੀ।

# ਲਾਰੈਂਸ ਬਿਸ਼ਨੋਈ ਗੈਂਗ ਦੇ 6 ਸਾਥੀ ਸਬੂਤਾਂ ਦੀ ਘਾਟ ਕਾਰਨ ਬਰੀ

**ਚੰਡੀਗੜ੍ਹ, (ਪੰਜਾਬ ਮੇਲ)-** ਬੁੜੈਲ 'ਚ ਹੋਈ ਗੋਲੀਬਾਰੀ ਤੇ ਕਤਲ ਦੀ ਕੋਸ਼ਿਸ਼ ਮਾਮਲੇ 'ਚ ਸ਼ਨੀਵਾਰ ਨੂੰ ਜ਼ਿਲ੍ਹਾ ਅਦਾਲਤ ਨੇ ਫ਼ੈਸਲਾ ਸੁਣਾਉਂਦੇ ਹੋਏ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਕਥਿਤ 6 ਸਾਥੀਆਂ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ। ਬਰੀ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਬੁੜੈਲ ਦੇ ਰਹਿਣ ਵਾਲੇ ਮੋਂਟੀ ਸ਼ਾਹ, ਰਾਜਸਥਾਨ ਦੇ ਰਹਿਣ ਵਾਲੇ ਪਰਵਿੰਦਰ ਵਧਵਾ, ਦੀਪਕ ਵਧਵਾ, ਵਰਿੰਦਰ ਸੋਨੀ ਅਤੇ ਕਾਲਕਾ ਦੇ ਰਹਿਣ ਵਾਲੇ ਵਿਨੇ ਕਲਿਆਣ ਅਤੇ ਮੋਹਿਤ ਕੁਮਾਰ ਦੇ ਰੂਪ 'ਚ ਹੋਈ ਹੈ। ਮਾਮਲੇ 'ਚ ਨਾਮਜ਼ਦ ਸੱਤਵੇਂ ਮੁਲਜ਼ਮ ਕੁਲਦੀਪ ਸਿੰਘ ਘੋਸ਼ਾਲ ਦੀ ਟ੍ਰਾਇਲ ਦੇ ਦੌਰਾਨ ਮੌਤ ਹੋ ਚੁੱਕੀ ਹੈ। ਇਨ੍ਹਾਂ ਸਾਰਿਆਂ ਦੇ ਖ਼ਿਲਾਫ਼ ਪੰਜ ਸਾਲ ਪਹਿਲਾਂ ਸੈਕਟਰ-34 ਥਾਣਾ ਪੁਲਿਸ ਨੇ ਕਤਲ ਦੀ ਕੋਸ਼ਿਸ਼ ਭਾਵ

**■ ਗਵਾਹ ਵੱਲੋਂ ਮੁਲਜ਼ਮਾਂ ਨੂੰ ਪਛਾਨਣ ਤੋਂ ਇਨਕਾਰ**

ਆਈ.ਪੀ.ਸੀ. ਦੀ ਧਾਰਾ 307, 120ਬੀ ਅਤੇ ਅਸਲਾ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਸੀ। ਹਾਲਾਂਕਿ ਅਦਾਲਤ 'ਚ ਸ਼ਿਕਾਇਤਕਰਤਾ ਆਪਣੇ ਬਿਆਨਾਂ ਤੋਂ ਮੁੱਕਰ ਗਿਆ। ਉਸ ਨੇ ਅਦਾਲਤ 'ਚ ਮੁਲਜ਼ਮਾਂ ਨੂੰ ਪਛਾਨਣ ਤੋਂ ਇਨਕਾਰ ਕਰ ਦਿੱਤਾ। ਵਿਨੈ, ਪਰਵਿੰਦਰ ਅਤੇ ਦੀਪਕ ਦਾ ਕੇਸ ਲੜਨ ਵਾਲੇ ਵਕੀਲ ਪਲਵਿੰਦਰ ਸਿੰਘ ਲੱਕੀ ਨੇ ਅਦਾਲਤ 'ਚ ਬਹਿਸ ਦੌਰਾਨ ਕਿਹਾ ਕਿ ਪੁਲਿਸ ਨੇ ਉਨ੍ਹਾਂ ਨੂੰ ਝੂਠੇ ਕੇਸ 'ਚ ਫਸਾਇਆ ਹੈ। ਉਹ ਤਾਂ ਮੌਕੇ 'ਤੇ ਮੌਜੂਦ ਵੀ ਨਹੀਂ ਸੀ ਅਤੇ ਉਨ੍ਹਾਂ ਦੇ ਖ਼ਿਲਾਫ਼ ਝੂਠੀ ਕਹਾਣੀ ਬਣਾਈ ਗਈ ਸੀ।

# ਡੇਰਾ ਸਿਰਸਾ ਮੁਖੀ ਨੂੰ ਫਿਰ ਮਿਲੀ ਚਾਲੀ ਦਿਨਾਂ ਦੀ ਪੈਰੋਲ

**ਸਿਰਸਾ, (ਪੰਜਾਬ ਮੇਲ)-** ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਇੱਕ



ਵਾਰ ਫਿਰ ਪੈਰੋਲ ਮਿਲ ਗਈ ਹੈ। ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਚਾਲੀ ਦਿਨਾਂ ਦੀ ਪੈਰੋਲ ਮਿਲਣ ਮਗਰੋਂ ਉਹ ਸਿਰਸਾ ਡੇਰੇ ਪੁੱਜਾ। ਡੇਰੇ ਦੀਆਂ ਸਾਧਵੀਆਂ ਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਕਤਲ ਮਾਮਲੇ 'ਚ ਸੁਨਾਰਿਆ ਜੇਲ੍ਹ ਵਿਚ ਸਜ਼ਾ ਭੁਗਤ ਰਿਹਾ ਹੈ। ਜ਼ਿਕਰਯੋਗ ਹੈ ਕਿ ਗੁਰਮੀਤ ਰਾਮ ਰਹੀਮ ਨੂੰ 2017 ਵਿਚ ਜੇਲ੍ਹ ਭੇਜਿਆ ਗਿਆ ਸੀ। ਉਸ ਤੋਂ ਬਾਅਦ ਉਹ ਕਈ ਵਾਰ ਪੈਰੋਲ ਅਤੇ ਫਰਲੋ 'ਤੇ ਜੇਲ੍ਹ ਤੋਂ ਬਾਹਰ ਆ ਚੁੱਕਾ ਹੈ। ਪੈਰੋਲ ਦੇ ਦੌਰਾਨ ਉਸਨੇ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਸਮਾਗਮਾਂ ਦਾ ਆਯੋਜਨ ਕੀਤਾ, ਜਿਨ੍ਹਾਂ ਵਿਚ ਉਸ ਦੇ ਸ਼ਰਧਾਲੂਆਂ ਦੀ ਵੱਡੀ ਸੰਖਿਆ ਨੇ ਹਿੱਸਾ ਲਿਆ।




# ਪੰਜਾਬ ਨੇ ਐੱਸ.ਵਾਈ.ਐੱਲ. ਮੁੱਦੇ 'ਤੇ ਗੇਂਦ ਮੁੜ ਕੇਂਦਰ ਦੇ ਪਾਲੇ 'ਚ ਸੁੱਟੀ

■ ਸੁਖਾਵੇਂ ਮਾਹੌਲ 'ਚ ਹੋਈ ਪੰਜਾਬ ਤੇ ਹਰਿਆਣਾ ਵਿਚਾਲੇ ਮੀਟਿੰਗ

■ ਮੁੱਖ ਮੰਤਰੀ ਪੰਜਾਬ ਨੇ ਚਨਾਬ ਦੇ ਪਾਣੀ ਦਾ ਮੋੜਾ ਪੰਜਾਬ ਦੇ ਡੈਮਾਂ ਵੱਲ ਕਰਨ ਦੀ ਰੱਖੀ ਤਜਵੀਜ਼

**ਚੰਡੀਗੜ੍ਹ, (ਪੰਜਾਬ ਮੇਲ)-** ਕੇਂਦਰ ਸਰਕਾਰ ਦੀ ਅਗਵਾਈ ਹੇਠ ਸਤਲੁਜ ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਪੰਜਾਬ-ਹਰਿਆਣਾ 'ਚ ਪੰਜਵੇਂ ਗੇੜ ਦੀ ਹੋਈ ਦੁਵੱਲੀ ਵਾਰਤਾ 'ਚ ਪੰਜਾਬ ਨੇ ਗੇਂਦ ਮੁੜ ਕੇਂਦਰ ਦੇ ਪਾਲੇ 'ਚ ਸੁੱਟ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਮੀਟਿੰਗ ਮਗਰੋਂ ਕਿਹਾ ਕਿ ਜੇ ਕੇਂਦਰ ਸਰਕਾਰ ਸੱਚੀ ਨੀਅਤ ਨਾਲ ਸਿੰਧੂ ਜਲ ਸੰਧੀ ਦੇ ਰੱਦ ਹੋਣ ਮਗਰੋਂ ਹੁਣ ਚਨਾਬ ਦੇ ਪਾਣੀ ਦਾ ਮੋੜਾ ਪੰਜਾਬ ਦੇ ਡੈਮਾਂ ਵੱਲ ਕਰ ਦੇਵੇ, ਤਾਂ ਪੰਜਾਬ ਤੇ ਹਰਿਆਣਾ ਦਾ ਮਸਲਾ ਹਮੇਸ਼ਾ ਲਈ ਖ਼ਤਮ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸੁਖਾਵੇਂ ਮਾਹੌਲ ਵਿਚ ਮੀਟਿੰਗ ਹੋਈ ਅਤੇ ਇਸ ਮਾਮਲੇ ਦੇ ਹੱਲ ਲਈ ਅੱਗੇ ਵਧਣ ਦਾ ਰਸਤਾ ਬਣਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਿੰਧੂ ਜਲ ਸੰਧੀ ਦੀ ਮੁਅੱਤਲੀ ਕਾਰਨ ਪੰਜਾਬ ਨੂੰ ਚਨਾਬ ਦਾ ਪਾਣੀ ਦੇਣ ਦੀ ਤਜਵੀਜ਼ ਅਤੇ ਯਮੁਨਾ ਸਤਲੁਜ ਲਿੰਕ 'ਚੋਂ ਹਿੱਸੇਦਾਰੀ ਬਾਰੇ ਪੱਖ ਸੁਪਰੀਮ ਕੋਰਟ ਦੀ ਅਗਲੀ ਸੁਣਵਾਈ ਮੌਕੇ ਪੰਜਾਬ ਰੱਖੇਗਾ। ਉਨ੍ਹਾਂ ਕਿਹਾ ਕਿ ਹਰਿਆਣਾ ਬਣਨ ਤੋਂ ਪਹਿਲਾਂ ਯਮੁਨਾ ਦੇ ਪਾਣੀਆਂ 'ਚ ਪੰਜਾਬ ਦੀ ਹਿੱਸੇਦਾਰੀ ਹੁੰਦੀ ਸੀ।

ਕੇਂਦਰੀ ਜਲ ਸ਼ਕਤੀ ਮੰਤਰੀ ਸੀ.ਆਰ. ਪਾਟਿਲ ਦੀ ਪ੍ਰਧਾਨਗੀ ਹੇਠ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮਾਮਲੇ ਨੂੰ ਸੁਲਝਾਉਣ ਲਈ ਚੰਗਾ ਰੌਂਅ ਦਿਖਾਇਆ। ਦੱਸਣਯੋਗ ਹੈ ਕਿ ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਕੇਂਦਰ ਸਰਕਾਰ ਵੱਲੋਂ ਦੋਵੇਂ ਸੂਬਿਆਂ ਦਰਮਿਆਨ ਸਾਲਸ ਦੀ ਭੂਮਿਕਾ ਨਿਭਾਈ ਜਾ ਰਹੀ ਹੈ। ਕੇਂਦਰ ਵੱਲੋਂ ਹੁਣ 13 ਅਗਸਤ ਨੂੰ ਸੁਪਰੀਮ ਕੋਰਟ ਵਿਚ ਹੋਣ ਵਾਲੀ ਅਗਲੀ ਸੁਣਵਾਈ ਮੌਕੇ ਆਪਣੀ ਰਿਪੋਰਟ ਪੇਸ਼ ਕੀਤੀ ਜਾਵੇਗੀ। ਸੁਪਰੀਮ ਕੋਰਟ 'ਚ ਸੁਣਵਾਈ ਤੋਂ ਪਹਿਲਾਂ ਦੋਵੇਂ ਸੂਬਿਆਂ ਵਿਚਾਲੇ ਇੱਕ ਹੋਰ ਮੀਟਿੰਗ ਹੋਣ ਦੀ ਵੀ ਸੰਭਾਵਨਾ ਹੈ। ਕੇਂਦਰੀ ਜਲ ਸ਼ਕਤੀ ਮੰਤਰਾਲੇ ਵੱਲੋਂ ਪੰਜਾਬ ਤੇ ਹਰਿਆਣਾ ਵਿਚਾਲੇ ਇਸ ਮਸਲੇ 'ਤੇ ਆਮ ਸਹਿਮਤੀ ਬਣਾਏ ਜਾਣ ਲਈ ਕੋਸ਼ਿਸ਼ ਕੀਤੀ ਗਈ। ਮੀਟਿੰਗ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਫ਼ ਲਫ਼ਜ਼ਾਂ ਵਿਚ ਕਿਹਾ ਕਿ ਪੰਜਾਬ ਕੋਲ ਹਰਿਆਣਾ ਨੂੰ ਦੇਣ ਲਈ ਕੋਈ ਫ਼ਾਲਤੂ ਪਾਣੀ ਨਹੀਂ ਹੈ। ਇਹ ਵੀ ਕਿਹਾ ਗਿਆ ਕਿ ਪੰਜਾਬ ਨੂੰ ਇਸ ਵੇਲੇ 52 ਐੱਮ.ਏ.ਐੱਫ. ਪਾਣੀ ਦੀ ਲੋੜ ਹੈ, ਜਦਕਿ ਪੰਜਾਬ ਨੂੰ ਜ਼ਮੀਨੀ ਤੇ ਨਹਿਰੀ ਪਾਣੀ 26.75 ਐੱਮ.ਏ.ਐੱਫ. ਮਿਲ ਰਿਹਾ ਹੈ। ਸੂਬੇ ਦੇ 153 ਬਲਾਕਾਂ 'ਚੋਂ 115 ਬਲਾਕ ਡਾਰਕ ਜ਼ੋਨ ਵਿਚ ਚਲੇ ਗਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ 1981 ਵਿਚ ਪਾਣੀਆਂ ਦੀ ਹੋਈ ਐਲੋਕੇਸ਼ਨ ਮੁਤਾਬਿਕ ਪੰਜਾਬ ਨੂੰ ਰਾਵੀ ਬਿਆਸ 'ਚੋਂ 40 ਫ਼ੀਸਦੀ ਪਾਣੀ ਮਿਲ ਰਿਹਾ ਹੈ, ਜਦਕਿ ਗੈਰ ਰਿਪੇਰੀਅਨ ਸੂਬਿਆਂ ਨੂੰ ਇਨ੍ਹਾਂ ਦਰਿਆਵਾਂ ਦਾ 60 ਫ਼ੀਸਦੀ ਪਾਣੀ ਦਿੱਤਾ ਜਾ ਰਿਹਾ ਹੈ। ਮਾਨ ਨੇ ਇਹ ਵੀ ਦੱਸਿਆ ਕਿ ਸਤਲੁਜ ਯਮੁਨਾ ਲਿੰਕ ਨਹਿਰ ਦੀ ਜ਼ਮੀਨ ਕਿਸਾਨਾਂ ਨੂੰ ਵਾਪਸ ਕੀਤੀ ਜਾ ਚੁੱਕੀ ਹੈ ਅਤੇ ਨਹਿਰ ਦਾ ਢਾਂਚਾ ਵੀ ਵਰਤੋਂ ਯੋਗ ਨਹੀਂ ਰਿਹਾ। ਇਹ ਵੀ ਕਿਹਾ ਗਿਆ ਕਿ ਪਾਣੀਆਂ ਦੇ ਮਾਮਲੇ ਇਸ ਵੇਲੇ ਰਾਵੀ ਬਿਆਸ ਟ੍ਰਿਬਿਊਨਲ ਕੋਲ ਸੁਣਵਾਈ ਅਧੀਨ ਪਏ ਹਨ ਅਤੇ ਅੰਤਮ ਫ਼ੈਸਲੇ ਤੱਕ ਐੱਸ.ਵਾਈ.ਐੱਲ. ਦੇ ਮਾਮਲੇ ਨੂੰ ਨਾ ਛੇੜਿਆ ਜਾਵੇ।

# ਮੂਸੇਵਾਲਾ ਕਤਲ ਕਾਂਡ: ਹਾਈਕੋਰਟ ਵੱਲੋਂ 7 ਮੁਲਜ਼ਮਾਂ ਦੀਆਂ ਜ਼ਮਾਨਤ ਅਰਜ਼ੀਆਂ ਰੱਦ

■ ਅਦਾਲਤ ਵੱਲੋਂ ਸਾਰੇ ਗਵਾਹਾਂ ਦੀ ਗਵਾਹੀ ਪੂਰੀ ਹੋਣ ਮਗਰੋਂ ਹੀ ਜ਼ਮਾਨਤ ਪਟੀਸ਼ਨਾਂ 'ਤੇ ਵਿਚਾਰ ਕਰਨ ਦਾ ਫ਼ੈਸਲਾ

**ਮਾਨਸਾ, (ਪੰਜਾਬ ਮੇਲ)-** ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਹੱਤਿਆ ਕਾਂਡ 'ਚ ਪੰਜਾਬ ਅਤੇ ਹਰਿਆਣਾ ਹੋਈ ਕੋਰਟ ਨੇ ਸੱਤ ਮੁਲਜ਼ਮਾਂ ਦੀ ਜ਼ਮਾਨਤ ਆਰਜ਼ੀ ਰੱਦ ਕਰ ਦਿੱਤੀ ਹੈ। ਅਦਾਲਤ ਨੇ ਕਿਹਾ ਹੈ ਕਿ ਇਹ ਮਾਮਲਾ ਬੇਹੱਦ ਗੰਭੀਰ ਹੈ ਅਤੇ ਚਸ਼ਮਦੀਦਾਂ ਦੀ ਗਵਾਹੀ ਮੁਕੰਮਲ ਹੋਣ ਤੱਕ ਵਿਚਾਰ ਨਹੀਂ ਕੀਤਾ ਜਾ ਸਕਦਾ। ਜੇਲ੍ਹ ਵਿਚ ਬੰਦ ਸੱਤ ਮੁਲਜ਼ਮਾਂ ਨੇ ਵੱਖ-ਵੱਖ ਆਧਾਰ ਬਣਾ ਕੇ ਹਾਈ ਕੋਰਟ ਤੋਂ ਜ਼ਮਾਨਤ ਦੀ ਮੰਗ ਕੀਤੀ ਸੀ। ਜਾਣਕਾਰੀ ਮੁਤਾਬਕ ਮੁਲਜ਼ਮ ਪ੍ਰਭਦੀਪ ਸਿੰਘ ਉਰਫ਼ ਭੱਬੀ, ਜਗਤਾਰ ਸਿੰਘ, ਮਨਪ੍ਰੀਤ ਸਿੰਘ ਉਰਫ਼ ਭਾਊ, ਨਸੀਬ ਦੀਨ, ਰਾਜਿੰਦਰ ਉਰਫ਼ ਜ਼ੋਕਰ ਪਵਨ ਬਿਸ਼ਨੋਈ ਅਤੇ ਸਰਾਜ ਦੀਆਂ ਜ਼ਮਾਨਤ ਅਰਜ਼ੀਆਂ ਇਕੱਠੀਆਂ ਸੁਣਵਾਈ ਲਈ ਆਈਆਂ ਸਨ। ਪੁਲਿਸ ਨੇ ਇਨ੍ਹਾਂ ਸਾਰੇ ਮੁਲਜ਼ਮਾਂ ਖ਼ਿਲਾਫ਼ ਕਤਲ ਸਣੇ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੋਇਆ ਹੈ। ਪਟੀਸ਼ਨਰਾਂ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਉਹ ਦੋ ਸਾਲ ਤੋਂ ਪੁਲਿਸ ਹਿਰਾਸਤ ਵਿਚ ਹਨ ਅਤੇ ਕੇਸ ਦੀ ਗਤੀ ਬੇਹੱਦ ਧੀਮੀ ਹੈ। ਪੰਜਾਬ ਸਰਕਾਰ ਨੇ ਦਲੀਲ ਦਿੱਤੀ ਕਿ ਇਸ ਕੇਸ 'ਚ ਕੁੱਲ 180 ਗਵਾਹ ਹਨ, ਜਿਨ੍ਹਾਂ ਵਿਚੋਂ ਤਿੰਨ ਚਸ਼ਮਦੀਦ ਗਵਾਹ ਹਨ ਤੇ ਉਨ੍ਹਾਂ ਵਿਚੋਂ ਸਿਰਫ਼ ਇੱਕ ਵਿਅਕਤੀ ਨੇ ਹੀ ਗਵਾਹੀ ਦਿੱਤੀ ਹੈ।

ਅਦਾਲਤ ਨੇ ਸਪੱਸ਼ਟ ਕੀਤਾ ਕਿ ਜਦੋਂ ਤੱਕ ਸਾਰੇ ਗਵਾਹਾਂ ਦੀ ਗਵਾਹੀ ਪੂਰੀ ਨਹੀਂ ਹੋ ਜਾਂਦੀ, ਉਦੋਂ ਤੱਕ ਨਿਯਮਿਤ ਜ਼ਮਾਨਤ ਪਟੀਸ਼ਨਾਂ 'ਤੇ ਵਿਚਾਰ ਨਹੀਂ ਕੀਤਾ ਜਾ ਸਕਦਾ।

ਦੂਜੇ ਪਾਸੇ, ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਉਨ੍ਹਾਂ ਨੂੰ ਅਦਾਲਤ 'ਤੇ ਪੂਰਾ ਭਰੋਸਾ ਹੈ, ਜਦਕਿ ਸਰਕਾਰਾਂ ਤੋਂ ਉਨ੍ਹਾਂ ਦਾ ਵਿਸ਼ਵਾਸ ਉੱਠ ਚੁੱਕਾ ਹੈ।


## MATRIMONIAL

South Indian man, 65, (Look's 50) , 5'-7", transportation business. looking a good loving girl of any age. Down to earth, anyone interested to living together. Pls send a photograph and little information with phone number. He can live anywhere in USA. Cell: 727-870-0052

855

## ਮੈਟਰੀਮੋਨੀਅਲ

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5'-9", ਦਸਤਾਰਧਾਰੀ, ਯੂ.ਐੱਸ.ਏ. ਵਿਚ ਸਟੱਡੀ ਵੀਜ਼ੇ 'ਤੇ PhD ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ।

ਵਟਸਐਪ ਨੰਬਰ : (706) 206-2516

845

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com




# ਮੁੱਖ ਮੰਤਰੀ ਵੱਲੋਂ ਬੈਲ ਗੱਡੀ ਦੀਆਂ ਦੌੜਾਂ ਮੁੜ ਸ਼ੁਰੂ ਕਰਨ ਦਾ ਐਲਾਨ

**■ ਦਹਾਕੇ ਤੋਂ ਬੰਦ ਪਈਆਂ ਖੇਡਾਂ ਲਈ ਹੁਣ ਰਾਸ਼ਟਰਪਤੀ ਤੋਂ ਮਨਜ਼ੂਰੀ ਦੀ ਉਡੀਕ**



ਮੁੱਖ ਮੰਤਰੀ ਭਗਵੰਤ ਮਾਨ ਦਾ ਸਨਮਾਨ ਕਰਦੇ ਹੋਏ ਵੱਖ-ਵੱਖ ਜਥੇਬੰਦੀਆਂ ਦੇ ਆਗੂ।

**ਮੰਡੀ ਅਹਿਮਦਗੜ੍ਹ, (ਪੰਜਾਬ ਮੇਲ)-** ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਮਹਿਮਾ ਸਿੰਘ ਵਿਚ ਬੈਲ ਗੱਡੀਆਂ ਦੀਆਂ ਦੌੜਾਂ ਮੁੜ ਸ਼ੁਰੂ ਕਰਵਾਉਣ ਦਾ ਰਸਮੀ ਐਲਾਨ ਕੀਤਾ ਹੈ। ਪੇਂਡੂ ਖੇਡਾਂ ਦੀ ਪਛਾਣ ਸਮਝੀਆਂ ਜਾਂਦੀਆਂ ਬੈਲ ਗੱਡੀਆਂ ਦੀਆਂ ਦੌੜਾਂ ਦਹਾਕੇ ਤੋਂ ਵੱਧ ਸਮੇਂ ਤੋਂ ਬੰਦ ਹਨ। ਐਲਾਨ ਅਨੁਸਾਰ ਇਹ ਖੇਡਾਂ ਪੰਜਾਬ ਐਨੀਮਲ ਐਂਡ ਕਰੂਐਲਿਟੀ ਪ੍ਰੀਵੈਨਸ਼ਨ (ਪੰਜਾਬ ਸੋਧ) ਐਕਟ ਨੂੰ ਰਾਸ਼ਟਰਪਤੀ ਤੋਂ ਪ੍ਰਵਾਨਗੀ ਮਿਲਣ ਤੋਂ ਬਾਅਦ ਹੀ ਮੁੜ ਸ਼ੁਰੂ ਹੋਣਗੀਆਂ। ਮੁੱਖ ਮੰਤਰੀ ਨੇ ਆਪਣੇ ਭਾਸ਼ਣ ਦੌਰਾਨ ਦੱਸਿਆ ਕਿ ਪੰਜਾਬ ਦੇ ਰਾਜਪਾਲ ਤੋਂ ਪ੍ਰਵਾਨਗੀ ਮਿਲਣ ਤੋਂ ਬਾਅਦ ਇਸ ਐਕਟ ਨੂੰ ਰਾਸ਼ਟਰਪਤੀ ਕੋਲ ਪ੍ਰਵਾਨਗੀ ਲਈ ਭੇਜਿਆ ਗਿਆ ਹੈ। ਰਾਸ਼ਟਰਪਤੀ ਕੋਲੋਂ ਪ੍ਰਵਾਨਗੀ ਮਿਲਣ ਤੋਂ ਬਾਅਦ ਜਾਨਵਰਾਂ ਦੀਆਂ ਸਾਰੀਆਂ ਖੇਡਾਂ ਨੂੰ ਬਹਾਲ ਕੀਤਾ ਜਾਵੇਗਾ।

ਜਿਸ ਸਟੇਡੀਅਮ ਵਿਚ ਇਹ ਐਲਾਨ ਕੀਤਾ ਗਿਆ, ਉਹ ਪੇਂਡੂ ਖੇਡਾਂ ਲਈ ਮਸ਼ਹੂਰ ਉਸ ਕਿਲ੍ਹਾ ਰਾਏਪੁਰ ਸਪੋਰਟਸ ਸਟੇਡੀਅਮ ਤੋਂ ਥੋੜ੍ਹੀ ਜਿਹੀ ਦੂਰੀ 'ਤੇ ਹੈ, ਜਿੱਥੇ 92 ਸਾਲ ਪਹਿਲਾਂ 1933 ਵਿਚ ਬਖਸ਼ੀਸ ਸਿੰਘ ਗਰੇਵਾਲ ਬਾਬਾ ਬਖਸ਼ੀ ਨੇ ਇਹ ਖੇਡਾਂ ਸ਼ੁਰੂ ਕੀਤੀਆਂ ਸਨ। ਮਾਨ ਨੇ ਦਾਅਵਾ ਕੀਤਾ ਕਿ ਪੇਂਡੂ ਸਮਾਜ ਦਾ ਬਲਦਾਂ, ਘੋੜਿਆਂ, ਕੁੱਤਿਆਂ ਅਤੇ ਪੰਛੀਆਂ (ਕਬੂਤਰਾਂ) ਨਾਲ ਬਹੁਤ ਨਜ਼ਦੀਕੀ ਰਿਸ਼ਤਾ ਰਿਹਾ ਹੈ। ਪੰਜਾਬ ਦੇ ਵਸਨੀਕ ਆਪਣੇ ਘਰੇਲੂ ਜਾਨਵਰਾਂ ਤੋਂ ਕੰਮ ਲੈਣ ਤੋਂ ਬਾਅਦ ਕਦੇ ਵੀ ਕੁਦਰਤ ਦੇ ਰਹਿਮ 'ਤੇ ਛੱਡਣ ਬਾਰੇ ਨਹੀਂ ਸੋਚ ਸਕਦੇ। ਮਾਨ ਨੇ ਕਿਹਾ ਕਿ ਖੇਤੀਬਾੜੀ ਹੁਣ ਬਲਦਾਂ 'ਤੇ ਨਿਰਭਰ ਨਹੀਂ ਹੈ ਅਤੇ ਪਹਿਲਾਂ ਵਾਂਗ ਹੁਣ ਘੋੜਿਆਂ ਦੀ ਵਰਤੋਂ ਵੀ ਯੁੱਧਾਂ ਵਿਚ ਨਹੀਂ ਹੁੰਦੀ, ਤਾਂ ਜਾਨਵਰਾਂ ਦੀਆਂ ਖੇਡਾਂ ਹੀ ਇੱਕੋ-ਇੱਕ ਵਸੀਲਾ ਹਨ, ਜਿਸ ਰਾਹੀਂ ਮਨੁੱਖ ਅਤੇ ਪਸ਼ੂਆਂ ਦਾ ਪਹਿਲਾਂ ਵਰਗਾ ਰਿਸ਼ਤਾ ਬਣਿਆ ਰਹਿ ਸਕਦਾ ਹੈ। ਇਸ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਹਰਭਜਨ ਸਿੰਘ ਮਾਨ, ਹਰਦੀਪ ਸਿੰਘ ਮੁੰਡੀਆਂ ਤੇ ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ, ਜਗਜੀਵਨ ਸਿੰਘ ਸੰਗੋਵਾਲ ਅਤੇ ਮੁਹੰਮਦ ਜਮੀਲ ਉਰ ਰਹਿਮਾਨ ਨੇ ਵੀ ਸੰਬੋਧਨ ਕੀਤਾ। ਇਸ ਦੌਰਾਨ ਸੰਗਠਨਾਂ ਦੇ ਅਹੁਦੇਦਾਰਾਂ ਅਤੇ ਕਾਰਕੁਨਾਂ ਨੇ ਮੁੱਖ ਮੰਤਰੀ ਨੂੰ ਸਨਮਾਨਿਤ ਵੀ ਕੀਤਾ।

# ਸ਼੍ਰੋਮਣੀ ਕਮੇਟੀ ਵੱਲੋਂ ਏ.ਆਈ. ਟੂਲਜ਼ ਰਾਹੀਂ ਗੁਰਬਾਣੀ ਬਾਰੇ ਗਲਤ ਜਾਣਕਾਰੀ ਦਾ ਨੋਟਿਸ

**ਅੰਮ੍ਰਿਤਸਰ, (ਪੰਜਾਬ ਮੇਲ)-** ਵੱਖ-ਵੱਖ ਗੁਰਬਾਣੀ ਐਪਸ ਉੱਤੇ ਗੁਰਬਾਣੀ ਦੀ ਗਲਤ ਪੇਸ਼ਕਾਰੀ, ਇੰਟਰਨੈੱਟ ਰਾਹੀਂ ਆ ਰਹੀਆਂ ਧਮਕੀਆਂ ਅਤੇ ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਮੰਚਾਂ ਰਾਹੀਂ ਗੁਰਬਾਣੀ, ਸਿੱਖ ਇਤਿਹਾਸ ਅਤੇ ਗੁਰਮਤਿ ਬਾਰੇ ਗਲਤ ਜਾਣਕਾਰੀ ਦੇਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਵੱਡੀ ਸਿਰਦਰਦੀ ਬਣ ਰਿਹਾ ਹੈ। ਦੇਸ਼-ਵਿਦੇਸ਼ ਦੀ ਸਿੱਖ ਸੰਗਤ ਵੱਲੋਂ ਮਿਲ ਰਹੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੇ ਅਜਿਹੇ ਵੱਖ-ਵੱਖ ਏ.ਆਈ. ਪਲੇਟਫਾਰਮਾਂ ਦੇ ਪ੍ਰਬੰਧਕਾਂ ਨੂੰ ਈ-ਮੇਲ ਪੱਤਰ ਭੇਜ ਕੇ ਇਸ ਸਬੰਧੀ ਇਤਰਾਜ਼ ਪ੍ਰਗਟਾਇਆ ਹੈ। ਜਿਹੜੇ ਏ.ਆਈ. ਪਲੇਟਫਾਰਮਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਈ-ਮੇਲਜ਼ ਭੇਜੀਆਂ ਗਈਆਂ ਹਨ, ਉਨ੍ਹਾਂ ਵਿਚ ਚੈਟ ਜੀ.ਪੀ.ਟੀ., ਡੀਪਸੀਕ, ਗਰੋਕ, ਜੈਮਿਨੀ ਏ.ਆਈ., ਮੈਟਾ, ਗੂਗਲ, ਵੀਓ 3, ਡਿਸਕ੍ਰਿਪਟ, ਰਨਵੇਅ ਐੱਮ.ਐੱਲ., ਪਿਕਟੋਰੀ, ਮਜਿਸਟੋ, ਇਨਵੀਡਿਓ, ਡੈਲ-ਈ 2, ਮਿੱਡਜਰਨੀ, ਡੀਪਏਆਈ ਅਤੇ ਹੋਰ ਸ਼ਾਮਲ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਧਰਮ ਦੀਆਂ ਆਪਣੀਆਂ ਮੌਲਿਕ ਪ੍ਰੰਪਰਾਵਾਂ ਹਨ, ਜਿਨ੍ਹਾਂ ਵਿਚ ਤਬਦੀਲੀ ਦੀ ਕਿਸੇ ਨੂੰ ਵੀ



ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਤਕਨੀਕੀ ਯੁੱਗ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਸਿੱਖ ਗੁਰੂ ਸਾਹਿਬਾਨ ਦੇ ਇਤਿਹਾਸ ਤੇ ਤਸਵੀਰਾਂ ਨਾਲ ਛੇੜ-ਛਾੜ ਕੀਤੇ ਜਾਣ ਨਾਲ ਸਿੱਖ ਹਿਰਦਿਆਂ ਨੂੰ ਡੂੰਘੀ ਸੱਟ ਵੱਜੀ ਹੈ। ਗੁਰੂ ਗ੍ਰੰਥ ਸਾਹਿਬ 'ਚ ਦਰਜ ਗੁਰਬਾਣੀ ਨਾਲ ਕਿਸੇ ਤਰ੍ਹਾਂ ਦੀ ਛੇੜ-ਛਾੜ ਨਹੀਂ ਹੋ ਸਕਦੀ, ਪਰ ਕੁਝ ਏ.ਆਈ. ਐਪਸ ਗੁਰਬਾਣੀ ਦੀਆਂ ਪਾਵਨ ਪੰਕਤੀਆਂ ਨੂੰ ਗਲਤ ਢੰਗ ਨਾਲ ਦਰਸਾ ਰਹੀਆਂ ਹਨ, ਜੋ ਗੁਰਬਾਣੀ ਦੀ ਬੇਅਦਬੀ ਹੈ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਨੂੰ ਕਈ ਇਤਰਾਜ਼ ਮਿਲੇ ਹਨ, ਜਿਸ ਦੇ ਮੱਦੇਨਜ਼ਰ ਏ.ਆਈ. ਪਲੇਟਫਾਰਮਾਂ ਨੂੰ ਈ-ਮੇਲ ਭੇਜ ਕੇ ਗਲਤ ਜਾਣਕਾਰੀਆਂ 'ਤੇ ਰੋਕ ਲਾਉਣ ਲਈ ਕਿਹਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ਼੍ਰੀ ਧਾਮੀ ਨੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਅਪੀਲ ਕੀਤੀ ਹੈ ਕਿ ਇਸ ਸੰਜੀਦਾ ਮਸਲੇ ਪ੍ਰਤੀ ਗੰਭੀਰਤਾ ਦਿਖਾਉਂਦਿਆਂ ਸਰਕਾਰੀ ਤੌਰ 'ਤੇ ਵੀ ਨੋਟਿਸ ਲਿਆ ਜਾਵੇ। ਉਨ੍ਹਾਂ ਮੰਗ ਕੀਤੀ ਕਿ ਇਸ ਸਬੰਧ 'ਚ ਕੋਈ ਠੋਸ ਨੀਤੀ ਬਣਾ ਕੇ ਇਸ ਰੁਝਾਨ ਨੂੰ ਰੋਕਣ ਲਈ ਪ੍ਰਬੰਧ ਕੀਤੇ ਜਾਣ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਵੱਖ-ਵੱਖ ਏ.ਆਈ. ਪਲੇਟਫਾਰਮਾਂ 'ਤੇ ਅਜਿਹੀ ਸਮੱਗਰੀ ਮੁਹੱਈਆ ਕਰਵਾਈ ਜਾ ਰਹੀ ਹੈ, ਜਿਸ ਰਾਹੀਂ ਸਿੱਖ ਧਾਰਮਿਕ ਸ਼ਖ਼ਸੀਅਤਾਂ, ਪਾਵਨ ਗ੍ਰੰਥਾਂ ਅਤੇ ਸਿੱਖ ਪ੍ਰਤੀਕਾਂ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਈ ਗੁਰਬਾਣੀ ਐਪਸ 'ਤੇ ਵੀ ਗੁਰਬਾਣੀ ਸ਼ੁੱਧ ਰੂਪ ਵਿਚ ਨਹੀਂ ਹੈ, ਜਿਸ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਬੇਹੱਦ ਸੰਜੀਦਾ ਮਾਮਲਾ ਹੈ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਖੇਤਰ ਵਿਚ ਕੰਮ ਕਰ ਰਹੇ ਲੋਕਾਂ ਅਤੇ ਸੰਸਥਾਵਾਂ ਦਾ ਵੀ ਸਹਿਯੋਗ ਲਿਆ ਜਾਵੇਗਾ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਅਜਿਹੀਆਂ ਐਪਸ ਤੋਂ ਅਧੂਰੀ ਜਾਣਕਾਰੀ ਨਾ ਲੈਣ, ਸਗੋਂ ਸਿੱਖ ਇਤਿਹਾਸ ਅਤੇ ਪ੍ਰੰਪਰਾਵਾਂ ਸਬੰਧੀ ਇਤਿਹਾਸਕ ਸਰੋਤਾਂ ਦੀ ਹੀ ਵਰਤੋਂ ਕਰਨ।







# ਭਾਰਤ ਨੂੰ ਰੂਸੀ ਫ਼ੌਜੀ ਉਪਕਰਨਾਂ ਦੀ ਖਰੀਦ ਤੋਂ ਨਹੀਂ ਰੋਕਿਆ ਜਾ ਸਕਦੈ

■ ਮੁੱਖ ਤੌਰ 'ਤੇ ਰੂਸ ਤੋਂ ਮੰਗਵਾਈ ਜਾਂਦੀ ਹੈ ਜੰਗੀ ਮਸ਼ੀਨਰੀ

ਨਵੀਂ ਦਿੱਲੀ, (ਪੰਜਾਬ ਮੇਲ)- ਅਮਰੀਕਾ ਵੱਲੋਂ ਲਾਏ ਗਏ ਜੁਰਮਾਨਿਆਂ ਦਾ ਸਾਹਮਣਾ ਕਰਨ ਦੇ ਖ਼ਤਰੇ ਦੇ ਬਾਵਜੂਦ ਭਾਰਤ ਲਈ ਰੂਸੀ ਮੂਲ ਦੇ ਫ਼ੌਜੀ ਉਪਕਰਨਾਂ ਤੋਂ ਆਪਣੇ-ਆਪ ਨੂੰ ਵੱਖ ਕਰਨਾ ਲਗਭਗ ਅਸੰਭਵ ਹੋਵੇਗਾ। ਨਵੀਂ ਦਿੱਲੀ ਦੀ ਜੰਗੀ ਮਸ਼ੀਨਰੀ ਮੁੱਖ ਤੌਰ 'ਤੇ ਰੂਸ ਤੋਂ ਮੰਗਵਾਈ ਜਾਂਦੀ ਹੈ ਅਤੇ ਇਸ ਵਿਚ ਲੜਾਕੂ ਜਹਾਜ਼ਾਂ, ਟੈਂਕਾਂ, ਰਾਈਫਲਾਂ, ਹੈਲੀਕਾਪਟਰਾਂ, ਐੱਸ.-400 ਹਵਾਈ ਰੱਖਿਆ ਪ੍ਰਣਾਲੀ ਦੇ ਵੱਡੇ ਬੇੜੇ ਸ਼ਾਮਲ ਹਨ। ਇਸ ਤੋਂ ਇਲਾਵਾ ਬ੍ਰਹਮੋਸ ਮਿਜ਼ਾਈਲ, ਜਿਸ ਨੇ 'ਅਪਰੇਸ਼ਨ ਸਿੰਧੂਰ' ਦੌਰਾਨ ਆਪਣੀ ਪ੍ਰਭਾਵਸ਼ੀਲਤਾ ਸਾਬਤ ਕੀਤੀ, ਵੀ ਰੂਸ ਤੋਂ ਮੰਗਵਾਈ ਗਈ ਸੀ। ਅਮਰੀਕਾ ਅਤੇ ਇਸ ਦੇ ਯੂਰਪੀ ਸਹਿਯੋਗੀ ਅਕਸਰ ਭਾਰਤ ਅਤੇ ਚੀਨ 'ਤੇ ਰੂਸ ਤੋਂ ਕੱਚਾ ਤੇਲ ਅਤੇ ਫ਼ੌਜੀ ਉਪਕਰਨ ਖਰੀਦਣ ਦਾ ਦੋਸ਼ ਲਗਾਉਂਦੇ ਹਨ, ਜੋ ਬਦਲੇ ਵਿਚ ਯੂਕਰੇਨ ਖ਼ਿਲਾਫ਼ ਜੰਗੀ ਮਸ਼ੀਨਾਂ ਨੂੰ ਫੰਡ ਦਿੰਦਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਭਾਰਤ ਨੂੰ ਨਾ ਸਿਰਫ਼ 25 ਫ਼ੀਸਦੀ ਟੈਰਿਫ ਦਾ ਸਾਹਮਣਾ ਕਰਨਾ ਪਵੇਗਾ, ਸਗੋਂ ਰੂਸ ਤੋਂ ਹਥਿਆਰ ਅਤੇ ਤੇਲ ਖਰੀਦਣ ਲਈ ਜੁਰਮਾਨਿਆਂ ਦਾ ਵੀ ਸਾਹਮਣਾ ਕਰਨਾ ਪਵੇਗਾ। ਟਰੰਪ ਨੇ ਟਰੁੱਥ ਸੋਸ਼ਲ 'ਤੇ ਪੋਸਟ ਕੀਤਾ, "ਉਨ੍ਹਾਂ (ਭਾਰਤ) ਨੇ ਹਮੇਸ਼ਾ ਆਪਣੇ ਫ਼ੌਜੀ ਉਪਕਰਨਾਂ ਦਾ ਵੱਡਾ ਹਿੱਸਾ ਰੂਸ ਤੋਂ ਖਰੀਦਿਆ ਹੈ ਅਤੇ ਰੂਸੀ ਊਰਜਾ ਦਾ ਸਭ ਤੋਂ ਵੱਡਾ ਖਰੀਦਦਾਰ ਹੈ... ਇਸ ਲਈ ਭਾਰਤ 1 ਅਗਸਤ ਤੋਂ 25 ਫ਼ੀਸਦੀ ਟੈਰਿਫ, ਨਾਲ ਹੀ ਮਸ਼ੀਨਰੀ ਲਈ ਜੁਰਮਾਨਾ ਅਦਾ ਕਰੇਗਾ।"

ਟਰੰਪ ਨੇ ਭਾਰਤ ਨੂੰ 'ਰੂਸ ਤੋਂ ਜ਼ਿਆਦਾਤਰ ਫੌਜੀ ਉਪਕਰਨ' ਖਰੀਦਣ ਲਈ ਦੋਸ਼ੀ ਠਹਿਰਾਇਆ। ਹਾਲਾਂਕਿ ਨਵੀਂ ਦਿੱਲੀ ਨੇ ਅਮਰੀਕਾ ਤੋਂ ਵੀ ਫ਼ੌਜੀ ਉਪਕਰਨ ਖਰੀਦੇ, ਜੋ ਕਿ ਹੁਣ ਤੱਕ ਖਰੀਦਦਾਰ-ਵੇਚਣ ਵਾਲਾ ਰਿਸ਼ਤਾ ਰਿਹਾ ਹੈ। ਪਿਛਲੇ ਡੇਢ ਦਹਾਕੇ ਵਿਚ ਖਰੀਦਦਾਰੀ ਵਿਚ ਲਗਭਗ 20 ਬਿਲੀਅਨ ਡਾਲਰ ਖਰਚ ਕਰਨ ਦੇ ਬਾਵਜੂਦ, ਭਾਰਤ ਨੂੰ ਅਮਰੀਕਾ ਤੋਂ ਕਿਸੇ ਵੀ ਵੱਡੇ ਉਪਕਰਨ 'ਤੇ ਤਕਨਾਲੋਜੀ ਟਰਾਂਸਫਰ ਨਹੀਂ ਮਿਲਿਆ ਹੈ। ਰੂਸ ਭਾਰਤ ਦੀਆਂ ਤਕਨਾਲੋਜੀ ਟਰਾਂਸਫਰ ਦੀਆਂ ਮੰਗਾਂ ਪ੍ਰਤੀ ਵਧੇਰੇ ਜਵਾਬਦੇਹ ਹੈ। ਰੂਸ ਕੋਲ ਭਾਰਤ ਵਿਚ ਬ੍ਰਹਮੋਸ ਮਿਜ਼ਾਈਲ ਬਣਾਉਣ ਲਈ ਇਕ ਸਾਂਝਾ ਉੱਦਮ ਹੈ; ਜ਼ਿਆਦਾਤਰ ਸੁਖੋਈ 30 ਐੱਮ.ਕੇ.ਆਈ. ਜੈੱਟ ਭਾਰਤ ਵਿਚ ਹਿੰਦੁਸਤਾਨ ਏਅਰੋਨੌਟਿਕਸ ਲਿਮਿਟਿਡ ਦੁਆਰਾ ਤਿਆਰ ਕੀਤੇ ਗਏ ਸਨ; ਟੀ-90 ਟੈਂਕ ਚੇਨਈ ਦੇ ਨੇੜੇ ਇਕ ਫੈਕਟਰੀ ਵਿਚ ਤਿਆਰ ਕੀਤੇ ਜਾਂਦੇ ਹਨ, ਜਦੋਂ ਕਿ ਏਕੇ 203 ਰਾਈਫਲ ਲਖਨਊ ਨੇੜੇ ਬਣਾਈ ਜਾਂਦੀ ਹੈ।

ਸਵੀਡਨ ਸਥਿਤ ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਨੇ 10 ਮਾਰਚ ਨੂੰ ਆਪਣੀ ਸਾਲਾਨਾ ਰਿਪੋਰਟ ਵਿਚ ਕਿਹਾ ਕਿ ਪੰਜ ਸਾਲਾਂ ਦੇ ਬਲਾਕ 2020-2024 ਲਈ, ਭਾਰਤ ਵਿਸ਼ਵ ਪੱਧਰ 'ਤੇ ਹਥਿਆਰਾਂ ਦਾ ਦੂਜਾ ਸਭ ਤੋਂ ਵੱਡਾ ਆਯਾਤਕ ਸੀ। ਰੂਸ ਨੇ ਇਨ੍ਹਾਂ ਵਿਚੋਂ 36 ਫ਼ੀਸਦੀ ਸਪਲਾਈ ਕੀਤੀ।

ਭਾਰਤ ਦੇ ਸਵਦੇਸ਼ੀਕਰਨ ਨੂੰ ਹੁਲਾਰਾ ਦੇਣ ਦੇ ਬਾਵਜੂਦ ਸ਼ੀਤ ਯੁੱਧ ਦੇ ਯੁੱਗ ਤੋਂ ਰੂਸ ਨਾਲ ਲਾਗਤ-ਪ੍ਰਭਾਵਸ਼ੀਲਤਾ ਅਤੇ ਰਣਨੀਤਿਕ ਵਿਰਾਸਤ ਵਿਚ ਸਥਾਪਤ, ਡੂੰਘੀ ਜੜ੍ਹਾਂ ਵਾਲੀ ਨਿਰਭਰਤਾ ਹੈ।

## ਬਰੈਂਪਟਨ 'ਚ ਪੰਜਾਬੀ ਲੜਕੀ ਦੀ ਸੜਕ ਹਾਦਸੇ 'ਚ ਮੌਤ

ਬਰੈਂਪਟਨ, (ਪੰਜਾਬ ਮੇਲ)- ਕੈਨੇਡਾ 'ਚ ਪੜ੍ਹਦੀ ਪੰਜਾਬੀ ਲੜਕੀ ਦੀ ਸੜਕ ਹਾਦਸੇ 'ਚ ਮੌਤ ਹੋ ਜਾਣ ਦਾ ਦੁੱਖਦ ਸਮਾਚਾਰ ਪ੍ਰਾਪਤ ਹੋਇਆ ਹੈ। ਜ਼ੀਰਾ ਦੇ ਪਿੰਡ ਬੋਤੀਆਂ ਵਾਲਾ ਦੀ ਰਹਿਣ ਵਾਲੀ ਮੇਨਬੀਰ ਕੌਰ ਮਾਰਚ 2023 'ਚ ਪੜ੍ਹਾਈ ਲਈ ਬਰੈਂਪਟਨ ਗਈ ਸੀ ਤੇ ਹੁਣ ਪੜ੍ਹਾਈ ਖਤਮ ਹੋਣ 'ਤੇ ਉਸ ਨੇ ਵਰਕ ਪਰਮਿਟ ਅਪਲਾਈ ਕਰਨਾ ਸੀ। ਪਰ ਬੀਤੇ ਦਿਨੀਂ ਸੜਕ ਹਾਦਸੇ 'ਚ ਉਸ ਦੀ ਮੌਤ ਹੋ ਗਈ।



ਲੜਕੀ ਦੇ ਪਿਤਾ ਸੈਕਟਰੀ ਸਰਤਾਜ ਸਿੰਘ ਢਿੱਲੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਦੀ ਬੇਟੀ ਮੇਨਬੀਰ ਕੌਰ ਦੇ ਸਾਰੇ ਅੰਗ ਲੋੜਵੰਦਾਂ ਲਈ ਦਾਨ ਕੀਤੇ ਗਏ ਅਤੇ ਬਰੈਂਪਟਨ 'ਚ ਉਸ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ। ਹਲਕਾ ਵਿਧਾਇਕ ਨਰੇਸ਼ ਕਟਾਰੀਆ, ਸਾਬਕਾ ਵਿਧਾਇਕ ਤੇ ਕਾਂਗਰਸ ਆਗੂ ਕੁਲਬੀਰ ਸਿੰਘ ਜ਼ੀਰਾ ਨੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।

## ਉਪ ਰਾਸ਼ਟਰਪਤੀ ਦੀ ਚੋਣ 9 ਸਤੰਬਰ ਨੂੰ ਹੋਵੇਗੀ : ਚੋਣ ਕਮਿਸ਼ਨ

■ 7 ਅਗਸਤ ਨੂੰ ਜਾਰੀ ਹੋਵੇਗਾ ਨੋਟੀਫਿਕੇਸ਼ਨ, ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਆਖਰੀ ਮਿਤੀ 21 ਅਗਸਤ ਹੋਵੇਗੀ

ਨਵੀਂ ਦਿੱਲੀ, (ਪੰਜਾਬ ਮੇਲ)- ਦੇਸ਼ ਦੇ ਦੂਜੇ ਸਭ ਤੋਂ ਉੱਚੇ ਸੰਵਿਧਾਨਕ ਅਹੁਦੇ ਉਪ ਰਾਸ਼ਟਰਪਤੀ ਦੀ ਚੋਣ ਲਈ ਮੰਚ ਤਿਆਰ ਹੋ ਗਿਆ ਹੈ। ਚੋਣ ਕਮਿਸ਼ਨ ਨੇ ਸ਼ੁੱਕਰਵਾਰ ਨੂੰ ਚੋਣ ਪ੍ਰੋਗਰਾਮ ਲਈ ਤਰੀਕਾਂ ਐਲਾਨ ਦਿੱਤੀਆਂ ਹਨ। ਚੋਣਾਂ ਲਈ ਨੋਟੀਫਿਕੇਸ਼ਨ 7 ਅਗਸਤ ਨੂੰ ਜਾਰੀ ਕੀਤਾ ਜਾਵੇਗਾ, ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਮਿਤੀ 21 ਅਗਸਤ, ਪੜਤਾਲ ਦੀ ਆਖਰੀ ਮਿਤੀ 22 ਅਗਸਤ ਅਤੇ ਜੇ ਜ਼ਰੂਰੀ ਹੋਇਆ ਤਾਂ ਵੋਟਿੰਗ ਦੀ ਮਿਤੀ 9 ਸਤੰਬਰ ਹੋਵੇਗੀ। ਚੋਣ ਕਮਿਸ਼ਨ ਨੇ ਕਿਹਾ ਕਿ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 25 ਅਗਸਤ ਹੋਵੇਗੀ।

ਜੇਕਰ ਇੱਕ ਤੋਂ ਵੱਧ ਉਮੀਦਵਾਰ ਹਨ, ਤਾਂ 9 ਸਤੰਬਰ ਨੂੰ ਵੋਟਾਂ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ ਉਸੇ ਤਰੀਕ ਨੂੰ ਹੋਵੇਗੀ। ਇਸ ਦੌਰਾਨ ਵਿਰੋਧੀ ਧਿਰਾਂ ਦੇ ਇੰਡੀਆ ਗੱਠਜੋੜ ਨੇ ਕਿਹਾ ਹੈ ਕਿ ਉਹ ਇੱਕ ਸਾਂਝਾ ਉਮੀਦਵਾਰ ਖੜ੍ਹਾ ਕਰਨਗੇ। ਉਧਰ ਭਾਜਪਾ ਨੇ ਅਜੇ ਤੱਕ ਇਸ ਮੁੱਦੇ 'ਤੇ ਸਹਿਯੋਗੀਆਂ ਨਾਲ ਚਰਚਾ ਸ਼ੁਰੂ ਨਹੀਂ ਕੀਤੀ ਹੈ ਅਤੇ ਸੂਤਰਾਂ ਨੇ ਦੱਸਿਆ ਕਿ ਚਰਚਾ ਅਗਲੇ ਹਫ਼ਤੇ ਹੋਵੇਗੀ। ਜਗਦੀਪ ਧਨਖੜ ਨੇ 11 ਅਗਸਤ, 2022 ਨੂੰ ਭਾਰਤ ਦੇ 14ਵੇਂ ਉਪ ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ ਸੀ। ਉਨ੍ਹਾਂ ਐੱਮ ਵੈਂਕੱਈਆ ਨਾਇਡੂ ਦੀ ਥਾਂ ਲਈ ਸੀ। ਧਨਖੜ ਨੇ 21 ਜੁਲਾਈ ਨੂੰ ਖਰਾਬ ਸਿਹਤ ਦੇ ਹਵਾਲੇ ਨਾਲ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ, ਜਿਸ ਕਾਰਨ ਚੋਣ ਕਰਵਾਉਣ ਦੀ ਲੋੜ ਪਈ ਸੀ। ਨਵੇਂ ਚੁਣੇ ਜਾਣ ਵਾਲੇ ਉਪ ਰਾਸ਼ਟਰਪਤੀ ਦਾ ਕਾਰਜਕਾਲ ਅਹੁਦਾ ਸੰਭਾਲਣ ਦੀ ਮਿਤੀ ਤੋਂ ਪੂਰੇ ਪੰਜ ਸਾਲ ਲਈ ਹੋਵੇਗਾ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

## ਬੰਗਲਾਦੇਸ਼ 'ਚ ਸ਼ੇਖ ਹਸੀਨਾ ਖਿਲਾਫ ਮਨੁੱਖਤਾ ਵਿਰੁੱਧ ਅਪਰਾਧਾਂ ਦਾ ਮੁਕੱਦਮਾ ਸ਼ੁਰੂ



ਢਾਕਾ, (ਪੰਜਾਬ ਮੇਲ)- ਬੰਗਲਾਦੇਸ਼ ਦੇ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ (ਆਈ.ਸੀ.ਟੀ.) ਨੇ ਐਤਵਾਰ ਨੂੰ 2024 ਦੇ ਵਿਦਿਆਰਥੀ ਅੰਦੋਲਨ ਦੇ "ਹਿੰਸਕ ਦਮਨ" ਨਾਲ ਸਬੰਧਤ ਮਨੁੱਖਤਾ ਵਿਰੁੱਧ ਅਪਰਾਧਾਂ 'ਤੇ ਗੱਦੀਓਂ ਲਾਹੁਣ ਵਾਲੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਗੈਰਹਾਜ਼ਰੀ 'ਚ ਮੁਕੱਦਮਾ ਸ਼ੁਰੂ ਕੀਤਾ। ਅੰਤਰਿਮ ਸਰਕਾਰ ਦੁਆਰਾ ਨਿਯੁਕਤ ਮੁੱਖ ਵਕੀਲ ਤਾਜੁਲ ਇਸਲਾਮ ਨੇ ਆਪਣੀਆਂ ਸ਼ੁਰੂਆਤੀ ਦਲੀਲਾਂ ਵਿਚ ਹਸੀਨਾ ਨੂੰ "ਸਾਰੇ ਅਪਰਾਧਾਂ ਦਾ ਕੇਂਦਰ" ਦੱਸਿਆ ਅਤੇ ਵੱਧ ਤੋਂ ਵੱਧ ਸਜ਼ਾ ਦੀ ਬੇਨਤੀ ਕੀਤੀ। ਇਸਤਗਾਸਾ ਪੱਖ ਨੇ ਹਸੀਨਾ ਦੇ ਦੋ ਪ੍ਰਮੁੱਖ ਸਹਿਯੋਗੀਆਂ - ਸਾਬਕਾ ਗ੍ਰਹਿ ਮੰਤਰੀ ਅਸਦੁਜ਼ਮਾਨ ਖਾਨ ਕਮਾਲ ਅਤੇ ਸਾਬਕਾ ਇੰਸਪੈਕਟਰ ਜਨਰਲ ਆਫ਼ ਪੁਲਸ ਚੌਧਰੀ ਅਬਦੁੱਲਾ ਅਲ ਮਾਮੂਨ ਨੂੰ ਵੀ ਇਸ ਮਾਮਲੇ ਵਿਚ ਸਹਿ-ਮੁਲਜ਼ਮ ਵਜੋਂ ਨਾਮਜ਼ਦ ਕੀਤਾ ਹੈ।

ਹਸੀਨਾ ਅਤੇ ਕਮਾਲ 'ਤੇ ਉਨ੍ਹਾਂ ਦੀ ਗੈਰਹਾਜ਼ਰੀ ਵਿਚ ਮੁਕੱਦਮਾ ਚਲਾਇਆ ਜਾ ਰਿਹਾ ਹੈ, ਜਦੋਂਕਿ ਮਾਮੂਨ ਹਿਰਾਸਤ ਵਿਚ ਹੈ ਅਤੇ ਉਹ ਮਾਮਲੇ ਵਿਚ ਸਰਕਾਰੀ ਗਵਾਹ ਬਣਨ ਲਈ ਸਹਿਮਤ ਹੋ ਗਏ ਹਨ। ਇਸਤਗਾਸਾ ਪੱਖ ਨੇ ਕਿਹਾ ਕਿ ਉਹ ਆਉਣ ਵਾਲੇ ਦਿਨਾਂ ਵਿਚ ਵਿਰੋਧ ਪ੍ਰਦਰਸ਼ਨਾਂ ਦੌਰਾਨ ਜ਼ਖਮੀ ਹੋਏ ਵਿਅਕਤੀਆਂ ਅਤੇ ਹਿੰਸਾ ਦੇ ਚਸ਼ਮਦੀਦਾਂ ਦੇ ਬਿਆਨ ਦਰਜ ਕਰੇਗਾ। ਵਧਦੀ ਅਸ਼ਾਂਤੀ ਦੇ ਵਿਚਕਾਰ ਹਸੀਨਾ ਪਿਛਲੇ ਸਾਲ 5 ਅਗਸਤ ਨੂੰ ਬੰਗਲਾਦੇਸ਼ ਤੋਂ ਭਾਰਤ ਲਈ ਰਵਾਨਾ ਹੋ ਗਈ ਸੀ।

## ਵਿਸ਼ੇਸ਼ ਅਮਰੀਕੀ ਦੂਤ ਗਾਜ਼ਾ 'ਚ ਹਾਲਾਤ ਦਾ ਜਾਇਜ਼ਾ ਲੈਣ ਲਈ ਇਜ਼ਰਾਈਲ ਪੁੱਜਾ

■ ਪ੍ਰਧਾਨ ਮੰਤਰੀ ਨੇਤਨਯਾਹੂ ਨਾਲ ਵਿਗੜ ਰਹੇ ਹਾਲਾਤ ਬਾਰੇ ਕੀਤੀ ਗੱਲਬਾਤ

ਦੀਰ ਅਲ-ਬਲਾਹ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਫ ਗਾਜ਼ਾ 'ਚ ਵਿਗੜਦੀ ਮਨੁੱਖੀ ਸਥਿਤੀ 'ਤੇ ਚਰਚਾ ਕਰਨ ਲਈ ਵੀਰਵਾਰ ਨੂੰ ਇਜ਼ਰਾਈਲ ਪਹੁੰਚੇ। ਗਾਜ਼ਾ ਵਿਚ ਭੋਜਨ ਅਤੇ ਹੋਰ ਸਹਾਇਤਾ ਦੀ ਉਡੀਕ ਕਰਦਿਆਂ ਜਾਨਾਂ ਗੁਆਉਣ ਵਾਲਿਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਇਸ ਦੌਰਾਨ ਵਿਟਕੌਫ ਨੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨਾਲ ਮੁਲਾਕਾਤ ਕਰਕੇ ਵਿਗੜ ਰਹੇ ਹਾਲਾਤ ਬਾਰੇ ਗੱਲਾਬਤ ਕੀਤੀ। ਟਰੰਪ ਨੇ ਸੋਸ਼ਲ ਮੀਡੀਆ 'ਤੇ ਹਮਾਸ ਨੂੰ ਹਥਿਆਰ ਸੁੱਟ ਕੇ ਬੰਧਕਾਂ ਨੂੰ ਰਿਹਾਅ ਕਰਨ ਲਈ ਕਿਹਾ ਹੈ। ਅਮਰੀਕੀ ਰਾਸ਼ਟਰਪਤੀ ਦੇ ਦਫ਼ਤਰ ਵ੍ਹਾਈਟ ਹਾਊਸ ਨੇ ਕਿਹਾ ਕਿ ਵਿਟਕੌਫ ਅਤੇ ਅਮਰੀਕੀ ਰਾਜਦੂਤ ਮਾਈਕ ਹਕਾਬੀ ਗਾਜ਼ਾ ਵਿਚ ਭੋਜਨ ਵੰਡ ਪ੍ਰਣਾਲੀ ਦਾ ਨਿਰੀਖਣ ਕਰਨਗੇ। ਗਾਜ਼ਾ ਦੇ ਸਿਹਤ ਮੰਤਰਾਲੇ ਨੇ ਵੀਰਵਾਰ ਨੂੰ ਕਿਹਾ ਕਿ ਪਿਛਲੇ 24 ਘੰਟਿਆਂ ਵਿਚ ਸਹਾਇਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਿਆਂ ਘੱਟੋ-ਘੱਟ 91 ਫਲਸਤੀਨੀ ਮਾਰੇ ਗਏ, ਜਦਕਿ 600 ਤੋਂ ਵੱਧ ਜ਼ਖਮੀ ਹੋਏ ਹਨ। ਉੱਤਰੀ ਗਾਜ਼ਾ ਦੇ ਜ਼ਿਕਿਮ ਚੌਰਾਹੇ 'ਤੇ ਭੋਜਨ ਦੀ ਉਡੀਕ ਕਰਦਿਆਂ ਬੁੱਧਵਾਰ ਨੂੰ 54 ਵਿਅਕਤੀਆਂ ਦੀ ਮੌਤ ਹੋਈ ਸੀ। ਇਜ਼ਰਾਈਲ ਦੀ ਫੌਜ ਨੇ ਕਿਹਾ ਕਿ ਫਲਸਤੀਨੀਆਂ ਨੇ ਸਹਾਇਤਾ ਲਈ ਪੁੱਜੇ ਟਰੱਕਾਂ ਨੂੰ ਘੇਰ ਲਿਆ ਸੀ ਅਤੇ ਇਜ਼ਰਾਇਲੀ ਫੌਜ ਨੇ ਚਿਤਾਵਨੀ ਵਜੋਂ ਗੋਲੀਬਾਰੀ ਕੀਤੀ। ਦੂਜੇ ਪਾਸੇ ਇੱਕ ਸੁਰੱਖਿਆ ਅਧਿਕਾਰੀ ਨੇ ਕਿਹਾ ਕਿ ਗੋਲੀਬਾਰੀ ਭੀੜ ਦੇ ਅੰਦਰੋਂ ਹੋਈ ਸੀ। ਗਾਜ਼ਾ ਵਿਚ ਭੋਜਨ ਦੀ ਭਾਰੀ ਕਮੀ ਕਾਰਨ ਕਈ ਸੰਸਥਾਵਾਂ ਹਵਾਈ ਜਹਾਜ਼ਾਂ ਰਾਹੀਂ ਭੋਜਨ ਸੁੱਟ ਰਹੀਆਂ ਹਨ। ਹਾਲਾਂਕਿ ਇਸ ਕਾਰਨ ਭੀੜ ਵਿਚ ਝਗੜੇ ਹੋ ਰਹੇ ਹਨ, ਜਿਸ ਨਾਲ ਲੋਕਾਂ ਨੂੰ ਭੋਜਨ ਮਿਲਣ ਵਿਚ ਵੀ ਮੁਸ਼ਕਲ ਆ ਰਹੀ ਹੈ। ਕੌਮਾਂਤਰੀ ਭਾਈਚਾਰੇ ਵੱਲੋਂ ਗਾਜ਼ਾ ਦੀ ਮਾੜੀ ਸਥਿਤੀ ਲਈ ਇਜ਼ਰਾਈਲ ਦੀ ਆਲੋਚਨਾ ਕੀਤੀ ਜਾ ਰਹੀ ਹੈ।

## ਹੀਰੋਸ਼ੀਮਾ 'ਤੇ ਪ੍ਰਮਾਣੂ ਹਮਲੇ ਦੇ 80 ਸਾਲ ਬਾਅਦ ਵੀ ਮ੍ਰਿਤਕਾਂ ਦੇ ਅਵਸ਼ੇਸ਼ਾਂ ਦੀ ਭਾਲ ਜਾਰੀ

ਨਿਨੋਸ਼ੀਮਾ, (ਪੰਜਾਬ ਮੇਲ)-ਜਦੋਂ 80 ਸਾਲ ਪਹਿਲਾਂ 6 ਅਗਸਤ 1945 ਨੂੰ ਪਹਿਲਾ ਪ੍ਰਮਾਣੂ ਬੰਬ ਫਟਿਆ ਸੀ, ਤਾਂ ਹਜ਼ਾਰਾਂ ਮ੍ਰਿਤਕਾਂ ਨੂੰ ਆਤਮਘਾਤੀ ਹਮਲਿਆਂ ਲਈ ਸਿਖਲਾਈ ਪ੍ਰਾਪਤ ਫੌਜੀ ਕਿਸ਼ਤੀਆਂ ਰਾਹੀਂ ਹੀਰੋਸ਼ੀਮਾ ਦੇ ਦੱਖਣ ਵਿਚ ਇਕ ਛੋਟੇ ਜਿਹੇ ਪੇਂਡੂ ਟਾਪੂ ਨਿਨੋਸ਼ੀਮਾ 'ਤੇ ਲਿਆਂਦਾ ਗਿਆ ਸੀ। 8 ਦਹਾਕੇ ਪਹਿਲਾਂ ਹੋਏ ਪ੍ਰਮਾਣੂ ਹਮਲੇ ਤੋਂ ਬਾਅਦ ਹੀਰੋਸ਼ੀਮਾ ਨੇੜਲੇ ਇਸ ਟਾਪੂ 'ਤੇ ਮ੍ਰਿਤਕਾਂ ਦੇ ਅਵਸ਼ੇਸ਼ਾਂ ਦੀ ਭਾਲ ਅਜੇ ਵੀ ਜਾਰੀ ਹੈ। ਬਹੁਤ ਸਾਰੇ ਪੀੜਤਾਂ ਦੇ ਕੱਪੜੇ ਸੜ ਗਏ ਸਨ ਅਤੇ ਉਨ੍ਹਾਂ ਦੇ ਚਿਹਰਿਆਂ ਅਤੇ ਅੰਗਾਂ ਤੋਂ ਮਾਸ ਦੇ ਟੁਕੜੇ ਲਟਕ ਰਹੇ ਸਨ। ਉਹ ਦਰਦ ਨਾਲ ਕੁਰਲਾ ਰਹੇ ਸਨ। ਇਤਿਹਾਸਕ ਰਿਕਾਰਡਾਂ ਅਨੁਸਾਰ 25 ਅਗਸਤ ਨੂੰ ਮਾੜੇ ਡਾਕਟਰੀ ਇਲਾਜ ਅਤੇ ਦੇਖਭਾਲ ਕਾਰਨ ਜਦੋਂ ਫੀਲਡ ਹਸਪਤਾਲ ਬੰਦ ਹੋ ਗਿਆ ਸੀ, ਤਾਂ ਸਿਰਫ਼ ਕੁਝ ਸੌ ਲੋਕ ਹੀ ਜ਼ਿੰਦਾ ਬਚੇ ਸਨ।






# ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਸਰੀ ਯੂਨਿਟ ਨੇ ਕਰਵਾਇਆ 20ਵਾਂ ਤਰਕਸ਼ੀਲ ਮੇਲਾ

## ਡਾ. ਸੁਰਿੰਦਰ ਸ਼ਰਮਾ ਦੇ ਨਾਟਕ 'ਦੋ ਰੋਟੀਆਂ' ਨੇ ਦਰਸ਼ਕ-ਮਨਾਂ ਨੂੰ ਖੂਬ ਟੁੰਬਿਆ



**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਕੈਨੇਡਾ ਦੇ ਸਰੀ ਯੂਨਿਟ ਵੱਲੋਂ ਬੀਤੇ ਦਿਨੀਂ ਸਰੀ ਆਰਟ ਸੈਂਟਰ ਵਿਖੇ 20ਵਾਂ ਸਾਲਾਨਾ ਤਰਕਸ਼ੀਲ ਮੇਲਾ ਕਰਵਾਇਆ ਗਿਆ। ਮੇਲੇ ਵਿਚ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਡਾ. ਸੁਰਿੰਦਰ ਸ਼ਰਮਾ ਵੱਲੋਂ ਲਿਖਿਆ ਅਤੇ ਨਿਰਦੇਸ਼ਿਤ ਕੀਤਾ ਨਾਟਕ 'ਦੋ ਰੋਟੀਆਂ' ਖੇਡਿਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਰੀ ਯੂਨਿਟ ਦੇ ਪ੍ਰਧਾਨ ਜਸਵਿੰਦਰ ਹੇਅਰ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਉਨ੍ਹਾਂ ਦਰਸ਼ਕਾਂ ਅਤੇ ਪ੍ਰੋਗਰਾਮ ਦੀ ਆਰਥਿਕ ਮਦਦ ਕਰਨ ਵਾਲੇ ਸਪੌਂਸਰਜ਼ ਦਾ ਧੰਨਵਾਦ ਕੀਤਾ ਅਤੇ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਕੌਮੀ ਸਰਪ੍ਰਸਤ ਅਵਤਾਰ ਬਾਈ ਦੀਆਂ ਘਾਲਣਾਵਾਂ ਨੂੰ ਸਿਜਦਾ ਕੀਤਾ।

ਸਟੇਜ ਸਕੱਤਰ ਨਿਰਮਲ ਕਿੰਗਰਾ ਨੇ ਆਤਮਾ ਅਤੇ ਰੱਬ ਆਦਿ ਦੀ ਹੋਂਦ ਦੀ ਧਾਰਨਾ ਨੂੰ ਉਦਾਹਰਨਾ ਸਹਿਤ ਰੱਦ ਕੀਤਾ। ਇੰਜ. ਪਿਆਰਾ ਸਿੰਘ ਚਾਹਲ ਅਤੇ ਮਾਸਟਰ ਮਨਜੀਤ ਮੱਲ੍ਹਾ ਨੇ ਲੋਕ ਪੱਖੀ ਗੀਤਾਂ ਨੂੰ ਸੁਰੀਲੇ ਸੁਰ ਪ੍ਰਦਾਨ ਕੀਤੇ। ਤਰਕਸ਼ੀਲ ਸੁਸਾਇਟੀ ਯੂਨਿਟ ਐਬਟਸਫੋਰਡ ਦੇ ਪ੍ਰਧਾਨ ਡਾ. ਸੁਖਦੇਵ ਮਾਨ ਨੇ ਕੌਮੀ ਤਰਕਸ਼ੀਲ ਆਗੂ ਡਾ. ਬਲਜਿੰਦਰ ਸੇਖੋਂ ਦੇ ਅਚਾਨਕ ਸਦੀਵੀ ਵਿਛੋੜੇ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੀ ਜ਼ਿੰਦਗੀ ਬਾਰੇ ਚਾਨਣਾ ਪਾਇਆ।

ਅਵਤਾਰ ਬਾਈ ਨੇ ਆਪਣੇ ਸੰਬੋਧਨ ਰਾਹੀਂ ਸਭ ਦਾ ਧੰਨਵਾਦ ਕਰਦਿਆਂ ਲੁਕਾਈ ਨੂੰ ਵਹਿਮਾਂ-ਭਰਮਾਂ ਸਮੇਤ ਹਰ ਕਿਸਮ ਦੀ ਲੁੱਟ ਦੇ ਖ਼ਿਲਾਫ਼ ਅੱਖਾਂ ਖੋਲ੍ਹ ਕੇ ਰੱਖਣ ਅਤੇ ਮੱਥੇ ਸੋਚਣ ਲਈ ਵਰਤਣ ਦੀ ਅਪੀਲ ਕੀਤੀ। ਲਗਾਤਾਰ ਬਿਮਾਰ ਰਹਿਣ ਕਰਕੇ ਆਈ ਸਰੀਰਕ ਕਮਜ਼ੋਰੀ ਦੇ ਬਾਵਜੂਦ ਪੂਰੀ ਤਨਦੇਹੀ ਨਾਲ ਸਰਗਰਮ ਭੂਮਿਕਾ ਨਿਭਾਉਂਦੇ ਹੋਇਆਂ ਉਨ੍ਹਾਂ ਸਿੱਧ ਕਰ ਦਿਖਾਇਆ ਕਿ ਜਦੋਂ ਤੱਕ ਸਾਡੇ ਦਿਮਾਗ ਵਿਚ ਕੁਝ ਕਰਨ ਦੀ ਇੱਛਾ ਹੁੰਦੀ ਹੈ, ਓਦੋਂ ਤੱਕ ਇਨਸਾਨ ਬੁੱਢਾ ਨਹੀਂ ਹੁੰਦਾ। ਉਨ੍ਹਾਂ ਉੱਘੇ ਸ਼ਾਇਰ ਕਵਿੰਦਰ ਚਾਂਦ ਦੀ ਸ਼ਾਇਰੀ ਦੇ ਇਸ ਸ਼ੇਅਰ ਨਾਲ ਆਪਣੀ ਗੱਲ ਖਤਮ ਕੀਤੀ ਕਿ 'ਓ ਸ਼ਾਇਰੋ, ਕਲਮਕਾਰੋ ਤੇ ਅਦਾਕਾਰੋ, ਬੋਲੋ ਹੁਣ ਬੋਲਣ ਦਾ ਸਮਾਂ ਹੈ'। ਪ੍ਰੋਗਰਾਮ ਦੇ ਮੁੱਖ ਬੁਲਾਰੇ, ਪ੍ਰਸਿੱਧ ਖੇਤੀ ਬਾੜੀ - ਅਰਥ ਸ਼ਾਸ਼ਤਰੀ ਡਾ. ਅਮਰਜੀਤ ਭੁੱਲਰ ਨੇ ਧਰਮਾਂ ਦੀ ਆਪਸੀ ਨਫਰਤ 'ਚੋਂ ਉਪਜੇ ਸਿੱਟਿਆਂ 'ਤੇ ਇਸ ਕਾਰਨ ਬੀਤੇ ਸਮਿਆਂ ਵਿਚ ਵਿਰੋਧੀ ਧਰਮਾਂ ਦੇ ਕਤਲੇਆਮ ਦੀਆਂ ਉਦਾਹਰਨਾਂ ਦਿੰਦਿਆਂ ਆਮ ਲੋਕਾਂ ਨੂੰ ਵਿਗਿਆਨਿਕ ਸੋਚ ਅਪਨਾਉਣ ਦਾ ਸੁਨੇਹਾ ਦਿੱਤਾ ਤੇ ਕਿਹਾ ਕਿ ਆਰਥਿਕ ਬਰਾਬਰੀ ਹੀ ਮਨੁੱਖ ਨੂੰ ਮੁਕਤੀ ਦੁਆ ਸਕਦੀ ਹੈ।

ਨਾਟਕ 'ਦੋ ਰੋਟੀਆਂ' ਵਿਚ ਪੰਜਾਬ ਤੋਂ ਕੈਨੇਡਾ ਆ ਰਹੇ ਵਿਦਿਆਰਥੀਆਂ ਦੀ ਕੈਨੇਡਾ 'ਚ ਕਾਰੋਬਾਰੀਆਂ, ਕਿਰਾਏਦਾਰਾਂ ਵੱਲੋਂ ਕੀਤੇ ਜਾਂਦੇ ਸ਼ੋਸ਼ਣ, ਕੰਮ ਨਾ ਮਿਲਣ ਕਰਕੇ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਣਾ, ਹੋਰ ਦੁਸ਼ਵਾਰੀਆਂ ਦਾ ਸਾਹਮਣਾ ਨਾ ਕਰ ਸਕਣਾ ਅਤੇ ਨਸ਼ਿਆਂ ਨੂੰ ਸਹਾਰਾ ਬਣਾ ਲੈਣ ਦੀ ਪੇਸ਼ਕਾਰੀ ਦੇ ਨਾਲ-ਨਾਲ ਸਮਾਜ ਵਿਚਲੇ ਵਹਿਮਾਂ-ਭਰਮਾਂ ਅਤੇ ਹੋਰ ਕਈ ਵਰਤਾਰਿਆਂ ਉੱਪਰ ਕਰਾਰੀ ਚੋਟ ਕੀਤੀ ਗਈ ਅਤੇ ਬਰਾਬਰੀ ਦਾ ਸਮਾਜ ਸਿਰਜਣ ਦਾ ਸੁਨੇਹਾ ਦਿੱਤਾ ਗਿਆ। ਸਿਮਰਨ, ਬੀਰ ਬਟਾਲਵੀ, ਅਮਰਦੀਪ ਸਿੱਧੂ, ਬਲਵਿੰਦਰ ਕੌਰ ਗਰੇਵਾਲ, ਰਵੀ ਲੰਗਾਹ, ਗੁਰਮੇਲ ਗਿੱਲ, ਨਵਲਪ੍ਰੀਤ ਰੰਗੀ ਅਤੇ ਪ੍ਰਿੰਸ ਗੋਸਵਾਮੀ ਨੇ ਆਪਣੀ ਕਲਾ ਰਾਹੀਂ ਦਰਸ਼ਕਾਂ ਦੀ ਮਾਨਸਿਕਤਾ ਨੂੰ ਧੁਰ ਅੰਦਰ ਤੀਕ ਝੰਜੋੜਿਆ। ਡਾ. ਨਵਦੀਪ ਬਰਾੜ ਤੇ ਤਾਰਿਸ਼ ਨੇ ਲਾਈਟ ਅਤੇ ਮਿਊਜ਼ਿਕ ਰਾਹੀਂ ਵੱਡਮੁੱਲਾ ਯੋਗਦਾਨ ਦਿੱਤਾ। ਪ੍ਰਿੰਸ. ਗੋਸਵਾਮੀ ਦਾ ਪਾਗਲ ਵਾਲਾ ਰੋਲ ਸਾਡੇ ਭਾਰਤੀ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਵਿਅੰਗਾਤਮਕ ਚੋਟ ਸੀ, ਜਿਸ ਨੂੰ ਵੀ ਬਹੁਤ ਸਲਾਹਿਆ ਗਿਆ।

ਤਰਕਸ਼ੀਲ ਸੁਸਾਇਟੀ ਸਰੀ ਯੂਨਿਟ ਦੇ ਸਕੱਤਰ ਪਰਮਜੀਤ ਸਿੱਧੂ ਵੱਲੋਂ ਜਾਰੀ ਪ੍ਰੈੱਸ ਨੋਟ ਵਿਚ ਕਿਹਾ ਗਿਆ ਹੈ ਕਿ ਸੁਸਾਇਟੀ ਭਵਿੱਖ ਵਿਚ ਵੀ ਲੋਕਾਂ ਦੇ ਮਸਲਿਆਂ ਨਾਲ ਸੰਬੰਧਤ ਅਤੇ ਸੋਚ ਬਦਲਣ ਦੇ ਅਜਿਹੇ ਉਪਰਾਲੇ ਜਾਰੀ ਰੱਖੇਗੀ।

# ਬੋਇੰਗ ਲੜਾਕੂ ਜਹਾਜ਼ ਬਣਾਉਣ ਵਾਲੀ ਕੰਪਨੀ ਦੇ 3200 ਕਰਮਚਾਰੀ ਹੜਤਾਲ 'ਤੇ




**ਬਰਕਲੇਅ 'ਚ ਬੋਇੰਗ ਕੰਪਨੀ ਦੇ ਪਲਾਂਟ ਅੱਗੇ ਰੋਸ ਜ਼ਾਹਿਰ ਕਰਦੇ ਹੋਏ ਕਰਮਚਾਰੀ।**

**ਨਿਊਯਾਰਕ, (ਪੰਜਾਬ ਮੇਲ)-** ਬੋਇੰਗ ਲੜਾਕੂ ਜਹਾਜ਼ ਬਣਾਉਣ ਵਾਲੇ ਕਰਮਚਾਰੀ ਅੱਧੀ ਰਾਤ ਨੂੰ ਹੜਤਾਲ 'ਤੇ ਚਲੇ ਗਏ। ਇੰਟਰਨੈਸ਼ਨਲ ਐਸੋਸੀਏਸ਼ਨ ਆਫ ਮਸ਼ੀਨਿਸਟਸ ਐਂਡ ਏਅਰੋਸਪੇਸ ਵਰਕਰਜ਼ ਯੂਨੀਅਨ ਨੇ ਐਤਵਾਰ ਨੂੰ ਦੱਸਿਆ ਕਿ ਸੇਂਟ ਲੂਈ, ਸੇਂਟ ਚਾਰਲਸ, ਮਿਸੂਰੀ ਅਤੇ ਮਸਕਾਊਟਾ (ਇਲੀਨੋਇਸ) ਵਿਚ ਸਥਿਤ ਬੋਇੰਗ ਪਲਾਂਟਾਂ ਵਿਚ ਕੰਮ ਕਰਦੇ ਲਗਪਗ 3,200 ਕਰਮਚਾਰੀਆਂ ਨੇ ਬੋਇੰਗ ਨਾਲ ਸੋਧੇ ਹੋਏ ਚਾਰ ਸਾਲਾ ਕਿਰਤ ਸਮਝੌਤੇ ਨੂੰ ਅਸਵੀਕਾਰ ਕਰਨ ਦੇ ਪੱਖ ਵਿਚ ਵੋਟ ਪਾਈ ਹੈ। ਇਹ ਵੋਟਿੰਗ ਪਿਛਲੇ ਹਫ਼ਤੇ ਸੰਕਟ ਨਾਲ ਜੂਝ ਰਹੀ ਕੰਪਨੀ ਦੀ ਪਿਛਲੀ ਪੇਸ਼ਕਸ਼ ਨੂੰ ਰੱਦ ਕੀਤੇ ਜਾਣ ਮਗਰੋਂ ਹੋਈ। ਇਸ ਪੇਸ਼ਕਸ਼ ਵਿਚ ਚਾਰ ਸਾਲਾਂ ਵਿਚ 20 ਫ਼ੀਸਦੀ ਤਨਖਾਹ ਵਧਾਉਣ ਦੀ ਤਜਵੀਜ਼ ਸੀ। ਯੂਨੀਅਨ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ, "ਬੋਇੰਗ ਦੇ 200 ਉੱਚ ਕੁਸ਼ਲਤਾ ਵਾਲੇ ਆਈ.ਏ.ਐੱਮ. ਯੂਨੀਅਨ ਮੈਂਬਰ ਅੱਧੀ ਰਾਤ ਨੂੰ ਹੜਤਾਲ 'ਤੇ ਚਲੇ ਗਏ...।"

# ਕਿਰਪਾਨ ਪਹਿਨਣ ਦੇ ਅਧਿਕਾਰ ਦੀ ਮੰਗ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਹਾਈ ਕੋਰਟ 'ਚ ਪੀ.ਆਈ.ਐੱਲ. ਦਾਇਰ

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਇਕ ਜਨਹਿੱਤ ਪਟੀਸ਼ਨ ਦਾਇਰ ਕੀਤੀ ਹੈ, ਜਿਸ 'ਚ ਸਿੱਖਾਂ ਦੇ 'ਕਿਰਪਾਨ' ਪਹਿਨਣ ਤੇ ਰੱਖਣ ਦੇ ਮੌਲਿਕ ਅਧਿਕਾਰ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਮੰਗ ਕੀਤੀ ਗਈ ਹੈ। ਪਟੀਸ਼ਨ 'ਚ ਭਾਰਤ ਦੇ ਸੰਵਿਧਾਨ ਦੀ ਧਾਰਾ 25 ਦਾ ਹਵਾਲਾ ਦਿੱਤਾ ਗਿਆ ਹੈ, ਜੋ ਨਾਗਰਿਕਾਂ ਨੂੰ ਆਪਣੇ ਧਰਮ ਦਾ ਪਾਲਣ ਤੇ ਪ੍ਰਚਾਰ ਕਰਨ ਦਾ ਅਧਿਕਾਰ ਦਿੰਦੀ ਹੈ। ਇਸ ਪਟੀਸ਼ਨ ਦਾ ਪਿਛੋਕੜ 23 ਜੂਨ, 2024 ਨੂੰ ਰਾਜਸਥਾਨ ਦੇ ਜੋਧਪੁਰ 'ਚ ਵਾਪਰੀ ਇਕ ਘਟਨਾ ਹੈ, ਜਿੱਥੇ ਇਕ ਅੰਮ੍ਰਿਤਧਾਰੀ ਸਿੱਖ ਤੇ ਪੇਸ਼ੇ ਵਜੋਂ ਵਕੀਲ ਨੂੰ ਰਾਜਸਥਾਨ ਨਿਆਇਕ ਸੇਵਾਵਾਂ ਦੀ ਮੁੱਢਲੀ ਪ੍ਰੀਖਿਆ 'ਚ ਸਿਰਫ਼ ਇਸ ਲਈ ਬੈਠਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਕਿਉਂਕਿ ਉਸ ਨੇ ਪੰਜ ਇੰਚ ਦੀ 'ਕਿਰਪਾਨ' ਪਹਿਨੀ ਹੋਈ ਸੀ।

ਪਟੀਸ਼ਨ ਮੁਤਾਬਕ ਪ੍ਰੀਖਿਆ ਕੇਂਦਰ 'ਚ ਮੌਜੂਦ ਨੋਡਲ ਅਧਿਕਾਰੀ, ਜੋ ਕਿ ਇਕ ਜ਼ਿਲ੍ਹਾ ਜੱਜ ਸੀ, ਨੇ ਉਸ ਨੂੰ ਪ੍ਰੀਖਿਆ ਹਾਲ 'ਚ ਦਾਖਲ ਹੋਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਹਰਿਆਣਾ ਤੇ ਦਿੱਲੀ 'ਚ ਹੋਈਆਂ ਕਈ ਪ੍ਰੀਖਿਆਵਾਂ 'ਚ ਵੀ ਅਜਿਹਾ ਹੀ ਕੁਝ ਕੀਤਾ ਗਿਆ ਸੀ। ਪਟੀਸ਼ਨ 'ਚ ਮੰਗ ਕੀਤੀ ਗਈ ਹੈ ਕਿ ਕੇਂਦਰ ਤੇ ਸੂਬਾ ਸਰਕਾਰਾਂ ਮਿਲ ਕੇ



ਅਜਿਹੇ ਵਰਦੀ ਦਿਸ਼ਾ-ਨਿਰਦੇਸ਼ ਤਿਆਰ ਕਰਨ, ਤਾਂ ਜੋ ਸਿੱਖ ਧਾਰਮਿਕ ਚਿੰਨ੍ਹਾਂ ਨਾਲ ਵਿਤਕਰਾ ਕੀਤੇ ਬਿਨਾਂ ਪ੍ਰੀਖਿਆ ਕੇਂਦਰਾਂ, ਹਵਾਈ ਅੱਡਿਆਂ, ਰੇਲਵੇ ਸਟੇਸ਼ਨਾਂ ਅਤੇ ਹੋਰ ਜਨਤਕ ਥਾਵਾਂ 'ਤੇ ਦਾਖਲ ਹੋ ਸਕਣ। ਪਟੀਸ਼ਨ 'ਚ ਇਕ ਵਿਸ਼ੇਸ਼ ਕਮੇਟੀ ਬਣਾਉਣ ਦੀ ਵੀ ਸਿਫ਼ਾਰਸ਼ ਕੀਤੀ ਗਈ ਹੈ। ਜਿਸ 'ਚ ਧਰਮ, ਕਾਨੂੰਨ ਤੇ ਇਤਿਹਾਸ ਦੇ ਮਾਹਿਰ ਸ਼ਾਮਲ ਹੋਣ, ਤਾਂ ਜੋ ਉਹ ਕਿਰਪਾਨ ਤੇ ਹੋਰ ਸਿੱਖ ਚਿੰਨ੍ਹਾਂ ਬਾਰੇ ਸਪੱਸ਼ਟ ਦਿਸ਼ਾ-ਨਿਰਦੇਸ਼ ਤਿਆਰ ਕਰ ਸਕਣ। ਕੇਂਦਰ ਤੇ ਸੂਬਾ ਸਰਕਾਰਾਂ ਨੂੰ ਕਿਰਪਾਨ ਪਹਿਨਣ ਦੇ ਅਧਿਕਾਰ ਦੀ ਸੰਵਿਧਾਨਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਜਾਣੇ ਚਾਹੀਦੇ ਹਨ। ਇਕਸਾਰ ਤੇ ਸਪੱਸ਼ਟ ਦਿਸ਼ਾ-ਨਿਰਦੇਸ਼ ਬਣਾਏ ਜਾਣੇ ਚਾਹੀਦੇ ਹਨ ਤਾਂ ਜੋ ਸਿੱਖ ਭਾਈਚਾਰੇ ਨੂੰ ਧਾਰਮਿਕ ਚਿੰਨ੍ਹਾਂ ਬਾਰੇ ਕਦੇ ਵੀ ਵਿਤਕਰੇ ਦਾ ਸਾਹਮਣਾ ਨਾ ਕਰਨਾ ਪਵੇ। ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਇਸ ਪਟੀਸ਼ਨ 'ਚ ਕੇਂਦਰ, ਪੰਜਾਬ, ਹਰਿਆਣਾ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਪ੍ਰਤੀਵਾਦੀ ਬਣਾਇਆ ਗਿਆ ਹੈ।

# ਬ੍ਰਿਟੇਨ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਕੰਟਰੋਲ ਕਰਨ ਲਈ ਕਰੇਗਾ 100 ਮਿਲੀਅਨ ਪੌਂਡ ਦਾ ਨਿਵੇਸ਼

**ਲੰਡਨ, (ਪੰਜਾਬ ਮੇਲ)-** ਬ੍ਰਿਟੇਨ ਨੇ ਐਲਾਨ ਕੀਤਾ ਹੈ ਕਿ ਉਹ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਕੰਟਰੋਲ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਦੇ ਹਿੱਸੇ ਵਜੋਂ 100 ਮਿਲੀਅਨ ਪੌਂਡ ਦਾ ਨਿਵੇਸ਼ ਕਰੇਗਾ। ਬ੍ਰਿਟੇਨ ਦੇ ਗ੍ਰਹਿ ਮੰਤਰਾਲੇ ਨੇ ਇੱਕ ਬਿਆਨ ਵਿਚ ਕਿਹਾ ਕਿ ਨਵੀਂ ਫੰਡਿੰਗ ਰਾਸ਼ਟਰੀ ਅਪਰਾਧ ਏਜੰਸੀ (ਐੱਨ.ਸੀ.ਏ.) ਵਿਚ 300 ਵਾਧੂ ਅਧਿਕਾਰੀਆਂ ਦੀ ਨਿਯੁਕਤੀ, ਅਤਿ-ਆਧੁਨਿਕ ਜਾਂਚ ਤਕਨਾਲੋਜੀ ਅਤੇ ਮਨੁੱਖੀ ਤਸਕਰੀ ਦੇ ਪਿੱਛੇ ਅਪਰਾਧਿਕ ਨੈੱਟਵਰਕ ਨੂੰ ਨਿਸ਼ਾਨਾ ਬਣਾਉਣ ਵਾਲੇ ਨਵੇਂ ਉਪਕਰਣਾਂ ਲਈ ਰੱਖੀ ਗਈ ਹੈ। ਇਹ ਵਿੱਤੀ ਸਹਾਇਤਾ ਐੱਨ.ਸੀ.ਏ. ਦੀ ਬਾਰਡਰ ਪ੍ਰੋਟੈਕਸ਼ਨ ਕਮਾਂਡ ਅਤੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਤਸਕਰੀ ਦੇ ਕਿੰਗਪਿਨਾਂ ਵਿਰੁੱਧ ਜਾਂਚ ਨੂੰ ਮਜ਼ਬੂਤ ਕਰਨ ਅਤੇ ਯੂਰਪ, ਪੱਛਮੀ ਏਸ਼ੀਆ, ਅਫਰੀਕਾ ਅਤੇ ਏਸ਼ੀਆ ਵਿਚ ਉਨ੍ਹਾਂ ਦੇ ਕਾਰਜਾਂ ਵਿਚ ਵਿਘਨ ਪਾਉਣ ਵਿਚ ਸਹਾਇਤਾ ਕਰੇਗੀ।

ਫੰਡਿੰਗ ਦੀ ਵਰਤੋਂ 'ਵਨ-ਇਨ, ਵਨ-ਆਊਟ ਯੂ.ਕੇ. ਰਿਟਰਨ' ਸਮਝੌਤੇ ਦੇ ਇੱਕ ਨਵੇਂ ਪਾਇਲਟ ਪ੍ਰੋਜੈਕਟ ਦਾ ਸਮਰਥਨ ਕਰਨ ਲਈ ਕੀਤੀ ਜਾਵੇਗੀ, ਜਿਸ ਦੇ ਤਹਿਤ ਛੋਟੀਆਂ ਕਿਸ਼ਤੀਆਂ 'ਤੇ ਗੈਰ-ਕਾਨੂੰਨੀ ਤੌਰ 'ਤੇ ਪਹੁੰਚਣ ਵਾਲੇ ਪ੍ਰਵਾਸੀਆਂ ਨੂੰ ਫਰਾਂਸ ਵਾਪਸ ਭੇਜਿਆ ਜਾਵੇਗਾ। ਇਹ ਨਵੀਆਂ ਸ਼ਕਤੀਆਂ ਦਾ ਵੀ ਸਮਰਥਨ ਕਰੇਗਾ, ਜੋ ਸਰਹੱਦੀ ਸੁਰੱਖਿਆ, ਸ਼ਰਣ ਅਤੇ ਇਮੀਗ੍ਰੇਸ਼ਨ ਬਿੱਲ ਦੇ ਕਾਨੂੰਨ ਬਣਨ 'ਤੇ ਲਾਗੂ ਹੋਣਗੀਆਂ, ਜਿਸ ਦੇ ਤਹਿਤ ਇਮੀਗ੍ਰੇਸ਼ਨ ਕਾਨੂੰਨ ਦੀ ਉਲੰਘਣਾ ਨੂੰ ਉਤਸ਼ਾਹਿਤ ਕਰਨ ਵਾਲੀ ਔਨਲਾਈਨ ਸਮੱਗਰੀ ਦੀ ਸਿਰਜਣਾ ਅਤੇ ਪ੍ਰਕਾਸ਼ਨ ਨੂੰ ਅਪਰਾਧ ਘੋਸ਼ਿਤ ਕੀਤਾ ਜਾਵੇਗਾ।

ਯੂ.ਕੇ. ਦੀ ਗ੍ਰਹਿ ਸਕੱਤਰ ਯਵੇਟ ਕੂਪਰ ਨੇ ਕਿਹਾ, "ਇਹ ਵਾਧੂ ਫੰਡਿੰਗ ਸਾਡੀ ਯੋਜਨਾ ਦੇ ਹਰ ਪਹਿਲੂ ਨੂੰ ਮਜ਼ਬੂਤ ਕਰੇਗੀ ਅਤੇ ਸਾਡੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਗੈਂਗਾਂ ਦੀ ਨਿਗਰਾਨੀ ਅਤੇ ਖਾਤਮੇ ਦੀ ਯੋਗਤਾ ਨੂੰ ਵਧਾਏਗੀ।" ਲੇਬਰ ਪਾਰਟੀ ਦੇ ਮੰਤਰੀ ਨੇ ਪਿਛਲੀ ਕੰਜ਼ਰਵੇਟਿਵ ਪਾਰਟੀ ਸਰਕਾਰ 'ਤੇ ਦੋਸ਼ ਲਗਾਇਆ ਕਿ ਉਸਨੇ ਛੋਟੀਆਂ ਕਿਸ਼ਤੀਆਂ ਦੀ ਤਸਕਰੀ ਕਰਨ ਵਾਲੇ ਗਿਰੋਹਾਂ ਨੂੰ ਇੰਗਲਿਸ਼ ਚੈਨਲ ਦੇ ਪਾਰ ਆਪਣੀਆਂ ਅਪਰਾਧਿਕ ਗਤੀਵਿਧੀਆਂ ਜਾਰੀ ਰੱਖਣ ਦੀ ਆਗਿਆ ਦਿੱਤੀ, ਜਿਸ ਨਾਲ ਖਤਰਨਾਕ ਪ੍ਰਵਾਸੀ ਰਸਤਿਆਂ ਕਾਰਨ ਲੋਕਾਂ ਦੀਆਂ ਜਾਨਾਂ ਖ਼ਤਰੇ ਵਿਚ ਪੈ ਗਈਆਂ।

# ਪੰਜਾਬ ਦੇ ਕਿਸਾਨਾਂ ਸਿਰ ਕਰਜ਼ਿਆਂ ਦੀ ਪੰਡ ਹਰ ਵਰ੍ਹੇ ਭਾਰੀ ਹੋਣ ਲੱਗੀ

**ਬਠਿੰਡਾ, (ਪੰਜਾਬ ਮੇਲ)-** ਦੇਸ਼ ਲਈ 51 ਫੀਸਦੀ ਅਨਾਜ ਪੈਦਾ ਕਰਨ ਵਾਲੇ ਪੰਜਾਬ ਦੇ ਕਿਸਾਨਾਂ ਸਿਰ ਲਗਾਤਾਰ ਵਧ ਰਹੀ ਕਰਜ਼ਿਆਂ ਦੀ ਪੰਡ ਦਿਨ-ਬ-ਦਿਨ ਭਾਰੀ ਹੁੰਦੀ ਜਾ ਰਹੀ ਹੈ। ਦੇਸ਼ ਦੀ ਸੰਸਦ ਵਿਚ ਵਿੱਤ ਮੰਤਰਾਲੇ ਵੱਲੋਂ ਪੇਸ਼ ਕੀਤੀ ਗਈ ਤਾਜ਼ਾ ਰਿਪੋਰਟ ਵਿਚ ਸਾਹਮਣੇ ਆਇਆ ਕਿ ਪੰਜਾਬ ਦੇ 37 ਲੱਖ 26 ਹਜ਼ਾਰ ਕਿਸਾਨਾਂ ਸਿਰ 1 ਲੱਖ 4353 ਕਰੋੜ ਦਾ ਕਰਜ਼ਾ ਚੜ੍ਹ ਚੁੱਕਾ ਹੈ। ਬੈਂਕਾਂ ਵਲੋਂ ਕਿਸਾਨਾਂ ਦੇ ਖੇਤੀ ਕਰਜ਼ਿਆਂ 'ਤੇ ਹਰ ਸਾਲ ਲਗਾਏ ਜਾ ਰਹੇ ਵਿਆਜ ਨਾਲ ਪੰਜਾਬ ਦੇ ਕਿਸਾਨਾਂ ਸਿਰ ਕਰਜ਼ੇ ਦੀ ਪੰਡ ਹੋਰ ਵੀ ਭਾਰੀ ਹੋ ਰਹੀ ਹੈ।




ਲੰਘੇ ਪੰਜ ਸਾਲਾਂ ਦੇ ਅੰਕੜਿਆਂ ਦੀ ਰਿਪੋਰਟ ਤੋਂ ਪਤਾ ਚੱਲਿਆ ਕਿ ਕਿਸਾਨਾਂ ਵੱਲੋਂ ਖੇਤੀ ਸੰਦਾਂ ਲਈ ਲਏ ਗਏ ਕਰਜ਼ੇ ਤੇ ਫ਼ਸਲਾਂ ਨੂੰ ਪਾਲਣ ਲਈ ਬੀਜਾਂ, ਖਾਦਾਂ, ਕੀੜੇਮਾਰ ਦਵਾਈ ਅਤੇ ਡੀਜ਼ਲ ਖਰੀਦਣ ਲਈ ਬਣਾਏ ਗਏ ਕਿਸਾਨ ਕ੍ਰੈਡਿਟ ਕਾਰਡਾਂ ਦੀਆਂ ਲਿਮਟਾਂ ਦੇ ਕਰਜ਼ੇ ਹਰ ਸਾਲ ਵੱਧ ਰਹੇ ਹਨ। ਸੰਨ 2021 ਵਿਚ ਕਿਸਾਨਾਂ ਦੇ ਕੇ.ਸੀ.ਸੀ. ਕਰਜ਼ੇ ਦੀ ਬਕਾਇਆ ਰਾਸ਼ੀ 54,526 ਕਰੋੜ ਸੀ, ਜੋ 2023 ਵਿਚ ਵੱਧ ਕੇ 55,428 ਕਰੋੜ ਤੱਕ ਪੁੱਜ ਗਈ। ਸੰਨ 2024 ਵਿਚ ਇਹ ਕਰਜ਼ਾ 57,380 ਕਰੋੜ ਤੋਂ ਪਾਰ ਕਰ ਗਿਆ। 2025 ਵਿਚ ਕਿਸਾਨਾਂ ਦੇ ਕਰਜ਼ੇ ਵਿਚ ਰਿਕਾਰਡ ਵਾਧਾ ਹੋਇਆ ਕਰਜ਼ੇ ਦੀ ਰਾਸ਼ੀ 7536 ਕਰੋੜ ਤੱਕ ਪੁੱਜ ਗਈ।

ਇਨ੍ਹਾਂ ਅੰਕੜਿਆਂ ਤੋਂ ਸਪੱਸ਼ਟ ਹੋ ਰਿਹਾ ਕਿ ਸੂਬੇ ਦੇ ਕਿਸਾਨ ਆਪਣੀ ਖੇਤੀ ਦੀ ਆਮਦਨ ਤੋਂ ਆਪਣੇ ਘਰ ਚਲਾਉਣੇ ਅਸਮਰੱਥ ਹੋ ਚੁੱਕੇ ਹਨ। ਵਿੱਤ ਮੰਤਰਾਲੇ ਦੀ ਰਿਪੋਰਟ ਅਨੁਸਾਰ ਪੰਜਾਬ ਦੇ ਕਿਸਾਨਾਂ ਸਿਰ 1 ਲੱਖ 4353 ਕਰੋੜ, ਹਰਿਆਣਾ ਦੇ ਕਿਸਾਨਾਂ ਸਿਰ 99,026 ਕਰੋੜ, ਹਿਮਾਚਲ ਦੇ ਕਿਸਾਨਾਂ ਸਿਰ 14293 ਕਰੋੜ, ਜੰਮੂ ਕਸ਼ਮੀਰ ਦੇ ਕਿਸਾਨਾਂ ਸਿਰ 11,716 ਕਰੋੜ ਦਾ ਕਰਜ਼ਾ ਚੜ੍ਹ ਚੁੱਕਾ ਹੈ। ਕੇਂਦਰੀ ਵਿੱਤ ਮੰਤਰਾਲੇ ਵਲੋਂ ਪੇਸ਼ ਕੀਤੀ ਗਈ ਰਿਪੋਰਟ ਤੋਂ ਇਹ ਸਪੱਸ਼ਟ ਹੋ ਰਿਹਾ ਹੈ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਣ ਜਾ ਰਹੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# ਪੰਜਾਬੀ ਗਾਇਕ ਤੇ ਅਦਾਕਾਰ ਹਰਭਜਨ ਮਾਨ ਹਾਦਸੇ 'ਚ ਵਾਲ-ਵਾਲ ਬਚੇ

**ਕੁਰੂਕਸ਼ੇਤਰ, (ਪੰਜਾਬ ਮੇਲ)-** ਉੱਘੇ ਪੰਜਾਬੀ ਗਾਇਕ ਤੇ ਅਦਾਕਾਰ ਹਰਭਜਨ ਮਾਨ ਉਸ ਵੇਲੇ ਵਾਲ-ਵਾਲ ਬਚ ਗਏ, ਜਦੋਂ ਉਨ੍ਹਾਂ ਦੀ ਕਾਰ ਇਥੇ ਪਿਪਲੀ ਫਲਾਈਓਵਰ ਕੋਲ ਹਾਦਸੇ ਦਾ ਸ਼ਿਕਾਰ ਹੋ ਗਈ। ਜਾਣਕਾਰੀ ਅਨੁਸਾਰ ਹਰਭਜਨ ਮਾਨ ਦਿੱਲੀ ਤੋਂ ਮੁਹਾਲੀ ਜਾ ਰਹੇ ਸਨ, ਜਦੋਂ ਉਨ੍ਹਾਂ ਦੀ ਕਾਰ ਅਵਾਰਾ ਗਾਂ ਨਾਲ ਟਕਰਾਉਣ ਮਗਰੋਂ ਪਲਟ ਗਈ। ਹਾਲਾਂਕਿ ਗਾਇਕ ਤੇ ਉਨ੍ਹਾਂ ਦੇ ਪੁੱਤਰ ਨੂੰ ਕੋਈ ਵੱਡੀ ਸੱਟ ਫੇਟ ਲੱਗਣ ਤੋਂ ਬਚਾਅ ਰਿਹਾ। ਉਹ ਆਪਣੇ ਪੁੱਤਰ, ਗੰਨਮੈਨ ਅਤੇ ਡਰਾਈਵਰ ਨਾਲ ਯਾਤਰਾ ਕਰ ਰਹੇ ਸਨ।



ਜਾਣਕਾਰੀ ਅਨੁਸਾਰ ਤੜਕੇ 4 ਵਜੇ ਦੇ ਕਰੀਬ, ਜਦੋਂ ਉਨ੍ਹਾਂ ਦੀ ਕਾਰ ਪਿਪਲੀ ਫਲਾਈਓਵਰ ਪਾਰ ਕਰ ਰਹੀ ਸੀ, ਤਾਂ ਡਰਾਈਵਰ ਨੇ ਨੈਸ਼ਨਲ ਹਾਈਵੇਅ 'ਤੇ ਇੱਕ ਅਵਾਰਾ ਗਾਂ ਬੈਠੀ ਦੇਖੀ। ਡਰਾਈਵਰ ਨੇ ਅਚਾਨਕ ਬਰੇਕ ਲਗਾਈ, ਪਰ ਕਾਰ ਗਾਂ ਨਾਲ ਟਕਰਾ ਗਈ ਅਤੇ ਪਲਟ ਗਈ। ਰਾਹਗੀਰ ਅਤੇ ਪੁਲਿਸ ਨੇ ਗਾਇਕ ਅਤੇ ਹੋਰ ਸਵਾਰਾਂ ਦੀ ਮਦਦ ਕੀਤੀ। ਉਨ੍ਹਾਂ ਨੂੰ ਮੁੱਢਲੀ ਸਹਾਇਤਾ ਲਈ ਕੁਰੂਕਸ਼ੇਤਰ ਦੇ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੋਂ ਉਹ ਮੁਹਾਲੀ ਲਈ ਰਵਾਨਾ ਹੋ ਗਏ ਅਤੇ ਉੱਥੇ ਇੱਕ ਨਿੱਜੀ ਹਸਪਤਾਲ ਵਿਚ ਹੋਰ ਇਲਾਜ ਕਰਵਾਇਆ। ਇਸ ਘਟਨਾ ਵਿਚ ਅਦਾਕਾਰ ਦੇ ਸੁਰੱਖਿਆ ਮੁਲਾਜ਼ਮ ਦਾ ਹਥਿਆਰ (ਏ.ਕੇ.-47) ਅਤੇ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ।

# ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ 'ਚ ਦਿਲਜੀਤ ਸਿੰਘ ਬੇਦੀ ਦੀ ਲਿਖੀ ਪੁਸਤਕ "ਅਕਾਲ ਪੁਰਖ ਕੀ ਫੌਜ" ਸਮੂਹ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀਆਂ ਵੱਲੋਂ ਲੋਕ ਅਰਪਣ




ਸਮੂਹ ਨਿਹੰਗ ਸਿੰਘ ਜਥੇਬੰਦੀਆਂ ਦਿਲਜੀਤ ਸਿੰਘ ਬੇਦੀ ਨੂੰ ਸਨਮਾਨਤ ਕਰਦੀਆਂ ਹੋਈਆਂ ਅਤੇ ਦਿਲਜੀਤ ਸਿੰਘ ਬੇਦੀ ਦੀ ਕਿਤਾਬ "ਅਕਾਲ ਪੁਰਖ ਕੀ ਫੌਜ" ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਤੇ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀਆਂ ਵੱਲੋਂ ਲੋਕ ਅਰਪਣ ਕਰਨ ਸਮੇਂ।

**ਅੰਮ੍ਰਿਤਸਰ, (ਪੰਜਾਬ ਮੇਲ)-** ਬੁੱਢਾ ਦਲ ਦੇ ਗਿਆਰਵੇਂ ਜਥੇਦਾਰ ਸਿੰਘ ਸਾਹਿਬ ਬਾਬਾ ਸਾਹਿਬ ਸਿੰਘ ਕਲਾਧਾਰੀ ਦੀ 83ਵੀਂ ਸਾਲਾਨਾ ਬਰਸੀ ਮੌਕੇ ਬੁੱਢਾ ਦਲ ਦੇ ਸਕੱਤਰ ਪੰਥਕ ਵਿਦਵਾਨ ਸ. ਦਿਲਜੀਤ ਸਿੰਘ ਬੇਦੀ ਦੀ ਲਿਖੀ ਪੁਸਤਕ "ਅਕਾਲ ਪੁਰਖ ਕੀ ਫੌਜ" ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿਚ ਸਮੁੱਚੀਆਂ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀਆਂ ਤੇ ਨੁਮਾਇੰਦਿਆਂ ਵੱਲੋਂ ਜੈਕਾਰਿਆਂ ਦੀ ਗੂੰਜ ਵਿਚ ਗੁਰੂਕਾਸ਼ੀ ਤਲਵੰਡੀ ਸਾਬੋ ਕੀ ਵਿਖੇ ਲੋਕ ਅਰਪਣ ਕੀਤੀ ਗਈ।

ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿ. ਰਘਬੀਰ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇ ਗਿ. ਹਰਪ੍ਰੀਤ ਸਿੰਘ ਨੇ ਸ. ਦਿਲਜੀਤ ਸਿੰਘ ਬੇਦੀ ਦੀਆਂ ਬਤੌਰ

**■ ਦਿਲਜੀਤ ਸਿੰਘ ਬੇਦੀ ਦਾ ਸਮੁੱਚੀਆਂ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਹੋਇਆ ਸਨਮਾਨ**

ਸਾਹਿਤਕਾਰ ਪੰਥਕ ਸੇਵਾਵਾਂ ਦੀ ਭਰਵੀਂ ਪ੍ਰਸ਼ੰਸਾ ਕੀਤੀ। ਸੰਪਰਦਾਇ ਬਾਬਾ ਬਿਧੀਚੰਦ ਸਾਹਿਬ ਤਰਨਾਦਲ ਸੁਰਸਿੰਘ ਦੇ ਮੁਖੀ ਬਾਬਾ ਅਵਤਾਰ ਸਿੰਘ ਵੱਲੋਂ ਬਾਬਾ ਨਾਹਰ ਸਿੰਘ ਸਾਧ ਅਤੇ ਭਾਈ ਸੁਖਜੀਤ ਸਿੰਘ ਕਨੱਈਆ ਨੇ ਵੀ ਸ. ਬੇਦੀ ਦੇ ਲਿਖਤੀ ਕਾਰਜਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਇਨ੍ਹਾਂ ਦੇ ਉਦਮ ਨਾਲ ਹੀ ਸ੍ਰੀ ਸਰਬਲੋਹ ਗ੍ਰੰਥ, ਦੁਸਹਿਰਾ ਮਹਾਤਮ, ਬੁੱਢਾ ਦਲ ਦੇ ਪਹਿਲੇ ਮੁਖੀ ਬਾਬਾ ਬਿਨੋਦ ਸਿੰਘ, ਨਵਾਬ ਕੂਪਰ ਸਿੰਘ, ਸ. ਜੱਸਾ ਸਿੰਘ ਆਹਲੂਵਾਲੀਆ, ਅਕਾਲੀ ਫੂਲਾ ਸਿੰਘ ਦੇ ਜੀਵਨ ਸਬੰਧੀ ਪ੍ਰਕਾਸਤ ਪੁਸਤਕਾਂ ਤੋਂ ਇਲਾਵਾ, ਬੁੱਢਾ ਦਲ ਦੇ ਮੁਖੀਆਂ ਦਾ ਸੰਖੇਪ ਇਤਿਹਾਸ ਪੁਸਤਕ ਰੂਪ 'ਚ ਪ੍ਰਕਾਸ਼ਤ ਹੋਇਆ ਹੈ। ਉਨ੍ਹਾਂ ਕਿਹਾ ਸ਼ਹੀਦ ਭਾਈ ਰਤਨ ਸਿੰਘ ਭੰਗੂ ਦਾ ਪ੍ਰਾਚੀਨ ਪੰਥ ਪ੍ਰਕਾਸ਼ ਦੁਬਾਰਾ ਦੋ ਭਾਗਾਂ 'ਚ ਪ੍ਰਕਾਸ਼ਤ ਹੋ ਕੇ ਸੰਗਤਾਂ ਤੱਕ ਪੁੱਜ ਚੁੱਕਾ ਹੈ। ਵੱਖ-ਵੱਖ ਸੁੰਦਰ ਰੂਪ 'ਚ ਗੁਰਬਾਣੀ ਦੇ ਗੁਟਕੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਦੀ ਅਗਵਾਈ ਹੇਠ ਤੇ ਸ. ਬੇਦੀ ਦੇ ਜਤਨਾ ਸਦਕਾ ਪ੍ਰਕਾਸ਼ਤ ਹੋਏ ਹਨ। ਉਨ੍ਹਾਂ ਕਿਹਾ ਸ. ਦਿਲਜੀਤ ਸਿੰਘ ਬੇਦੀ ਵੱਲੋਂ ਖਾਲਸਾ ਪੰਥ ਬੁੱਢਾ ਦਲ ਦੇ ਸ਼ਹੀਦਾਂ ਦਾ ਜੀਵਨ ਬਿਉਰਾ "ਸ਼ਹੀਦ ਸਿੰਘਾਂ ਦੀ ਗਾਥਾ" ਕਿਤਾਬ ਵੀ ਆਉਣ ਵਾਲੇ ਸਮੇਂ ਵਿਚ ਸੰਗਤਾਂ ਦੇ ਅਰਪਣ ਹੋਵੇਗੀ।

ਇਥੇ ਇਹ ਵੀ ਵਰਨਣਯੋਗ ਹੈ ਕਿ ਬੁੱਢਾ ਦਲ ਦੀ ਅਗਵਾਈ ਵਿਚ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਪੰਥਕ ਵਿਦਵਾਨ ਸ. ਦਿਲਜੀਤ ਸਿੰਘ ਬੇਦੀ ਦੀਆਂ ਪੰਥ ਪ੍ਰਤੀ ਨਿਭਾਈਆਂ ਸੇਵਾਵਾਂ ਦੇ ਸਤਿਕਾਰ ਵਜੋਂ ਖਾਲਸਾਈ ਜੈਕਾਰਿਆਂ ਦੀ ਗੂੰਜ ਵਿਚ ਸਨਮਾਨਤ ਕੀਤਾ ਗਿਆ। ਇਸ ਮੌਕੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਤੋਂ ਇਲਾਵਾ ਸੰਪਰਦਾ ਬਾਬਾ ਬਿਧੀਚੰਦ ਸਾਹਿਬ ਸੁਰਸਿੰਘ ਦੇ ਮੁਖੀ ਬਾਬਾ ਅਵਤਾਰ ਸਿੰਘ ਵੱਲੋਂ ਬਾਬਾ ਨਾਹਰ ਸਿੰਘ ਸਾਧ, ਬਾਬਾ ਨਾਗਰ ਸਿੰਘ ਤਰਨਾ ਦਲ ਹਰੀਆਂ ਵੇਲਾਂ, ਬਾਬਾ ਦੀਪ ਸਿੰਘ ਸ਼ਹੀਦ ਮਿਸਲ ਤਰਨਾਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ ਵੱਲੋਂ ਬਾਬਾ ਜੈਮਲ ਸਿੰਘ ਗੋਇੰਦਵਾਲ, ਬਾਬਾ ਸਵਰਨਜੀਤ ਸਿੰਘ ਬਾਬਾ ਬਕਾਲਾ, ਬਾਬਾ ਬਲਵਿੰਦਰ ਸਿੰਘ ਵੱਲਾ, ਬਾਬਾ ਰਘਬੀਰ ਸਿੰਘ ਖਿਆਲਾ, ਬਾਬਾ ਬਲਦੇਵ ਸਿੰਘ ਢੋਡੀਵਿੰਡ, ਬਾਬਾ ਅਵਤਾਰ ਸਿੰਘ ਧੂਰਕੋਟ, ਬਾਬਾ ਕਾਕਾ ਸਿੰਘ ਬੁੰਗਾ ਮਸਤੂਆਣਾ, ਬਾਬਾ ਭਗਤ ਸਿੰਘ ਬਹਾਦਰਗੜ੍ਹ ਤੇ ਸ. ਪਰਮਜੀਤ ਸਿੰਘ ਬਾਜਵਾ ਆਦਿ ਹਾਜ਼ਰ ਸਨ।

# ਯੂ.ਕੇ. ਨੇ ਭਾਰਤ ਨੂੰ 12 ਦਮਨਕਾਰੀ ਦੇਸ਼ਾਂ 'ਚ ਕੀਤਾ ਸ਼ਾਮਲ

**ਲੰਡਨ, (ਪੰਜਾਬ ਮੇਲ)-** ਅਮਰੀਕਾ ਤੋਂ ਬਾਅਦ ਯੂ.ਕੇ. ਨੇ ਭਾਰਤ ਨੂੰ ਵੱਡਾ ਝਟਕਾ ਦਿੱਤਾ ਹੈ। ਅਸਲ ਵਿਚ ਬ੍ਰਿਟੇਨ ਦੀ ਇੱਕ ਸੰਸਦੀ ਕਮੇਟੀ ਨੇ ਇਕ ਅਜਿਹੀ ਰਿਪੋਰਟ ਜਾਰੀ ਕੀਤੀ ਹੈ, ਜਿਸ ਤੋਂ ਬਾਅਦ ਦੇਸ਼ ਵਿਚ ਹੰਗਾਮਾ ਹੋਣਾ ਤੈਅ ਹੈ ਅਤੇ ਇਹ ਸ਼ੁਰੂ ਹੋ ਗਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਬ੍ਰਿਟੇਨ ਨੇ ਆਪਣੀ ਰਿਪੋਰਟ ਵਿਚ ਭਾਰਤ ਨੂੰ ਉਨ੍ਹਾਂ 12 ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਹੈ, ਜਿਨ੍ਹਾਂ 'ਤੇ ਬ੍ਰਿਟੇਨ ਵਿਚ ਰਹਿਣ ਵਾਲੇ ਲੋਕਾਂ ਨੂੰ ਡਰਾਉਣ ਜਾਂ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਦਾ ਦੋਸ਼ ਹੈ।

ਇਸ ਰਿਪੋਰਟ ਦਾ ਨਾਮ '**Transnational Repression in the UK**' ਮਤਲਬ ਯੂ.ਕੇ. ਵਿਚ ਸੀਮਾ ਪਾਰ ਦਮਨ ਹੈ। ਇਸ ਵਿਚ ਕਿਹਾ ਗਿਆ ਹੈ ਕਿ ਕੁਝ ਵਿਦੇਸ਼ੀ ਸਰਕਾਰਾਂ ਧਮਕੀਆਂ, ਨਿਗਰਾਨੀ ਜਾਂ ਦਬਾਅ ਦੀ ਵਰਤੋਂ ਕਰਕੇ ਯੂ.ਕੇ. ਵਿਚ ਰਹਿਣ ਵਾਲੇ ਆਲੋਚਕਾਂ, ਕਾਰਕੁਨਾਂ ਜਾਂ ਅਸੰਤੁਸ਼ਟ ਲੋਕਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ।

ਭਾਰਤ ਤੋਂ ਇਲਾਵਾ ਇਸ ਸੂਚੀ ਵਿਚ ਬਹਿਰੀਨ, ਚੀਨ, ਮਿਸਰ, ਏਰੀਟ੍ਰੀਆ, ਈਰਾਨ, ਪਾਕਿਸਤਾਨ, ਰੂਸ, ਰਵਾਂਡਾ, ਸਾਊਦੀ ਅਰਬ, ਤੁਰਕੀ ਅਤੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਰਗੇ ਦੇਸ਼ ਵੀ ਸ਼ਾਮਲ ਹਨ। ਕਮੇਟੀ ਦਾ ਕਹਿਣਾ ਹੈ ਕਿ ਅਜਿਹੀਆਂ ਕਾਰਵਾਈਆਂ ਮਨੁੱਖੀ ਅਧਿਕਾਰਾਂ ਲਈ ਖ਼ਤਰਾ ਹਨ ਅਤੇ ਬ੍ਰਿਟਿਸ਼ ਸਰਕਾਰ ਨੂੰ ਇਸਨੂੰ ਰੋਕਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ। ਭਾਰਤ ਨੇ ਅਜੇ ਤੱਕ ਇਸ ਰਿਪੋਰਟ 'ਤੇ ਕੋਈ ਅਧਿਕਾਰਤ ਬਿਆਨ ਨਹੀਂ ਦਿੱਤਾ ਹੈ। ਰਿਪੋਰਟ ਵਿਚ ਭਾਰਤ ਦੇ ਸੰਦਰਭ ਵਿਚ ਖਾਲਿਸਤਾਨੀ ਸੰਗਠਨ 'ਸਿੱਖਸ ਫਾਰ ਜਸਟਿਸ' (ਐੱਸ.ਐੱਫ.ਜੇ.) ਦਾ ਨਾਮ ਲਿਆ ਗਿਆ ਹੈ। ਇਹ ਸੰਗਠਨ ਭਾਰਤ ਵਿਚ ਪਾਬੰਦੀਸ਼ੁਦਾ ਹੈ ਅਤੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂ.ਏ.ਪੀ.ਏ.) ਤਹਿਤ ਇਸਨੂੰ 'ਗੈਰ-ਕਾਨੂੰਨੀ' ਘੋਸ਼ਿਤ ਕੀਤਾ ਗਿਆ ਹੈ। ਰਿਪੋਰਟ ਵਿਚ ਇਸ ਸੰਗਠਨ ਨਾਲ ਸਬੰਧਤ ਕੁਝ ਸਬੂਤਾਂ ਦਾ ਹਵਾਲਾ ਦਿੰਦੇ ਹੋਏ ਸਰਹੱਦ ਪਾਰ ਦਮਨ ਦੀਆਂ ਚਿੰਤਾਵਾਂ ਜ਼ਾਹਰ ਕੀਤੀਆਂ ਗਈਆਂ ਹਨ।

ਇਹ ਰਿਪੋਰਟ ਮਨੁੱਖੀ ਅਧਿਕਾਰਾਂ ਦੀ ਸਾਂਝੀ ਕਮੇਟੀ (ਜੇ.ਸੀ.ਐੱਚ.ਆਰ.) ਦੁਆਰਾ ਜਾਰੀ ਕੀਤੀ ਗਈ ਹੈ, ਜਿਸ ਵਿਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਸੰਸਦ ਮੈਂਬਰ ਸ਼ਾਮਲ ਹਨ। ਇਸ ਵਿਚ ਕਿਹਾ ਗਿਆ ਹੈ ਕਿ ਬਹੁਤ ਸਾਰੀਆਂ ਵਿਦੇਸ਼ੀ ਸਰਕਾਰਾਂ ਧਮਕੀਆਂ ਅਤੇ ਡਰਾਵੇ ਰਾਹੀਂ ਯੂ.ਕੇ. ਵਿਚ ਰਹਿਣ ਵਾਲੇ ਲੋਕਾਂ ਦੀਆਂ ਆਵਾਜ਼ਾਂ ਨੂੰ ਦਬਾ ਰਹੀਆਂ ਹਨ। ਇਸ ਨਾਲ ਉੱਥੇ ਰਹਿਣ ਵਾਲੇ ਕੁਝ ਭਾਈਚਾਰਿਆਂ ਵਿਚ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ, ਜਿਸ ਨਾਲ ਉਨ੍ਹਾਂ ਦੀ ਬੋਲਣ ਅਤੇ ਆਵਾਜਾਈ ਦੀ ਆਜ਼ਾਦੀ ਪ੍ਰਭਾਵਿਤ ਹੋ ਰਹੀ ਹੈ। ਲੋਕ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।

ਰਿਪੋਰਟ ਵਿਚ ਯੂ.ਕੇ. ਸੁਰੱਖਿਆ ਏਜੰਸੀ ਐੱਮ.ਆਈ.5 ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ 2022 ਤੋਂ ਵਿਦੇਸ਼ੀ ਸਰਕਾਰਾਂ ਦੁਆਰਾ ਲੋਕਾਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲਿਆਂ ਵਿਚ 48% ਵਾਧਾ ਹੋਇਆ ਹੈ। ਕਮੇਟੀ ਨੇ ਬ੍ਰਿਟਿਸ਼ ਸਰਕਾਰ ਤੋਂ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਹੋਰ ਸਖ਼ਤ ਕਦਮ ਚੁੱਕਣ ਦੀ ਮੰਗ ਕੀਤੀ ਹੈ।

# ਇਸ ਹਫਤੇ ਰੂਸ-ਯੂਕਰੇਨ ਯੁੱਧ ਲੈ ਸਕਦੈ ਅਹਿਮ ਮੋੜ!

**ਮਾਸਕੋ, (ਪੰਜਾਬ ਮੇਲ)-** ਰੂਸ ਅਤੇ ਯੂਕਰੇਨ ਵਿਚਕਾਰ ਤਿੰਨ ਸਾਲ ਤੋਂ ਵੱਧ ਸਮੇਂ ਤੋਂ ਜਾਰੀ ਜੰਗ ਇਸ ਹਫ਼ਤੇ ਇੱਕ ਅਹਿਮ ਮੋੜ ਲੈ ਸਕਦੀ ਹੈ ਕਿਉਂਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੀਵ ਨਾਲ ਸ਼ਾਂਤੀ ਸਮਝੌਤੇ 'ਤੇ ਪਹੁੰਚਣ ਲਈ ਮਾਸਕੋ ਨੂੰ ਦਿੱਤੀ ਗਈ ਸਮਾਂ ਸੀਮਾ ਖਤਮ ਹੋਣ ਵਾਲੀ ਹੈ। ਟਰੰਪ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਫ ਦੇ ਇਸ ਹਫ਼ਤੇ ਦੇ ਮੱਧ ਵਿਚ ਮਾਸਕੋ ਪਹੁੰਚਣ ਦੀ ਉਮੀਦ ਹੈ। ਸਾਰਿਆਂ ਦੀਆਂ ਨਜ਼ਰਾਂ ਵਿਟਕੌਫ ਦੀ ਫੇਰੀ 'ਤੇ ਹਨ ਕਿਉਂਕਿ ਅਮਰੀਕੀ ਰਾਸ਼ਟਰਪਤੀ ਨੇ ਰੂਸ ਨੂੰ ਯੂਕਰੇਨ ਵਿਚ ਜੰਗ ਰੋਕਣ ਲਈ ਸ਼ੁੱਕਰਵਾਰ ਦੀ ਸਮਾਂ ਸੀਮਾ ਦਿੱਤੀ ਹੈ ਅਤੇ ਜੇਕਰ ਉਹ ਅਜਿਹਾ ਨਹੀਂ ਕਰਦਾ ਹੈ, ਤਾਂ ਮਾਸਕੋ ਵਿਰੁੱਧ ਸਖ਼ਤ ਆਰਥਿਕ ਪਾਬੰਦੀਆਂ

**■ ਟਰੰਪ ਵੱਲੋਂ ਕੀਵ ਨਾਲ ਸ਼ਾਂਤੀ ਸਮਝੌਤੇ 'ਤੇ ਪਹੁੰਚਣ ਲਈ ਮਾਸਕੋ ਨੂੰ ਦਿੱਤੀ ਸਮਾਂ ਸੀਮਾ ਹੋਣ ਵਾਲੀ ਹੈ ਖਤਮ**

ਲਗਾਉਣ ਦੀ ਧਮਕੀ ਦਿੱਤੀ ਹੈ। ਹਾਲਾਂਕਿ ਟਰੰਪ ਦੇ ਪਿਛਲੇ ਵਾਅਦੇ, ਚੇਤਾਵਨੀਆਂ ਅਤੇ ਪ੍ਰੇਰਨਾਵਾਂ ਯੁੱਧ ਨੂੰ ਰੋਕਣ ਵਿਚ ਅਸਫਲ ਰਹੀਆਂ ਹਨ, ਇਸ ਲਈ ਮਾਹਰ ਦੋਵਾਂ ਧਿਰਾਂ ਵਿਚਕਾਰ ਸ਼ਾਂਤੀ ਸਮਝੌਤੇ ਦੀ ਬਹੁਤ ਘੱਟ ਉਮੀਦ ਦੇਖਦੇ ਹਨ।

ਇਸ ਦੌਰਾਨ ਯੂਕਰੇਨ ਫਰੰਟ ਲਾਈਨ 'ਤੇ ਹੋਰ ਖੇਤਰਾਂ 'ਤੇ ਕੰਟਰੋਲ ਗੁਆ ਰਿਹਾ ਹੈ। ਹਾਲਾਂਕਿ ਇਸਦੇ ਸੁਰੱਖਿਆ ਢਾਂਚੇ ਦੇ ਕਮਜ਼ੋਰ ਹੋਣ ਦਾ ਕੋਈ ਸੰਕੇਤ ਨਹੀਂ ਹੈ। ਟਰੰਪ ਅਨੁਸਾਰ ਵਿਟਕੌਫ ਦੇ ਇਜ਼ਰਾਈਲ ਅਤੇ ਗਾਜ਼ਾ ਪੱਟੀ ਦੇ ਦੌਰੇ ਤੋਂ ਬਾਅਦ ਬੁੱਧਵਾਰ ਜਾਂ ਵੀਰਵਾਰ ਨੂੰ ਮਾਸਕੋ ਪਹੁੰਚਣ ਦੀ ਉਮੀਦ ਹੈ। ਟਰੰਪ ਨੇ ਐਤਵਾਰ ਨੂੰ ਰੂਸ ਬਾਰੇ ਕਿਹਾ, "ਉਹ (ਵਿਟਕੌਫ) ਨੂੰ ਮਿਲਣਾ ਚਾਹੁੰਦੇ ਹਨ। ਉਨ੍ਹਾਂ ਨੇ ਵਿਟਕੌਫ ਨੂੰ ਮਿਲਣ ਦੀ ਬੇਨਤੀ ਕੀਤੀ ਹੈ, ਤਾਂ ਦੇਖਦੇ ਹਾਂ ਕੀ ਹੁੰਦਾ ਹੈ।" ਟਰੰਪ ਇਸ ਗੱਲ ਤੋਂ ਨਾਰਾਜ਼ ਹਨ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਯੂਕਰੇਨੀ ਸ਼ਹਿਰਾਂ 'ਤੇ ਬੰਬਾਰੀ ਬੰਦ ਕਰਨ ਦੇ ਉਨ੍ਹਾਂ ਦੇ ਸੱਦੇ 'ਤੇ ਧਿਆਨ ਨਹੀਂ ਦਿੱਤਾ। ਇੱਕ ਹਫ਼ਤਾ ਪਹਿਲਾਂ ਉਨ੍ਹਾਂ ਨੇ ਰੂਸ 'ਤੇ ਵਾਧੂ ਪਾਬੰਦੀਆਂ ਲਗਾਉਣ ਦੇ ਨਾਲ-ਨਾਲ ਚੀਨ ਅਤੇ ਭਾਰਤ ਸਮੇਤ ਹੋਰ ਦੇਸ਼ਾਂ 'ਤੇ ਟੈਰਿਫ ਲਗਾਉਣ ਦੀ ਚੇਤਾਵਨੀ ਦਿੱਤੀ ਸੀ, ਜੋ ਰੂਸ ਤੋਂ ਤੇਲ ਖਰੀਦਦੇ ਹਨ।

ਸਫਾ 1 ਦਾ ਬਾਕੀ

## ਟਰੰਪ ਵੱਲੋਂ ਇਕ ਵਾਰ ਫਿਰ ਵੀਜ਼ਾ..

ਇਨ੍ਹਾਂ ਵਿਚ ਫੋਟੋਆਂ, ਦੋਵਾਂ ਧਿਰਾਂ ਦੀਆਂ ਵਿੱਤੀ ਵੇਰਵੇ, ਜਿਵੇਂ ਕਿ ਬੈਂਕ ਖਾਤੇ, ਜਾਇਦਾਦ ਅਤੇ ਦੋਸਤਾਂ ਅਤੇ ਪਰਿਵਾਰਕ ਮੈਂਬਰਾਂ ਦੇ ਹਲਫਨਾਮੇ ਸ਼ਾਮਲ ਹਨ। ਇਸ ਦੇ ਨਾਲ ਵੀਜ਼ਾ ਲਈ ਅਰਜ਼ੀ ਦੇਣ ਵਾਲੇ ਜੋੜਿਆਂ ਨੂੰ ਇਹ ਨਿਰਧਾਰਤ ਕਰਨ ਲਈ ਨਿੱਜੀ ਇੰਟਰਵਿਊ ਵਿਚ ਸ਼ਾਮਲ ਹੋਣਾ ਹੈ ਕਿ ਕੀ ਇਹ ਵਿਆਹੁਤਾ ਰਿਸ਼ਤਾ ਸੱਚਾ ਹੈ, ਜਿਸ ਵਿਚ ਪੁਰਾਣੀਆਂ ਅਰਜ਼ੀਆਂ ਦੀ ਵੀ ਸਮੀਖਿਆ ਕੀਤੀ ਜਾਵੇਗੀ। ਇਹ ਕਿਸੇ ਵੀ ਬੇਨਿਯਮੀਆਂ ਦੀ ਪਛਾਣ ਕਰਨ ਵਿਚ ਮਦਦ ਕਰੇਗਾ।

ਲੋਕਾਂ ਦੇ ਪਿਛੋਕੜ ਦੀ ਜਾਂਚ ਵੀ ਹੋਵੇਗੀ, ਜੋ ਵਿਆਹ ਰਾਹੀਂ ਅਮਰੀਕਾ ਵਿਚ ਗ੍ਰੀਨ ਕਾਰਡ ਪ੍ਰਾਪਤ ਕਰਨਾ ਚਾਹੁੰਦੇ ਹਨ, ਖਾਸ ਕਰਕੇ ਉਹ ਜਿਹੜੇ ਪਹਿਲਾਂ ਹੀ ਐੱਚ-1ਬੀ ਵਰਗੇ ਹੋਰ ਵੀਜ਼ਾ 'ਤੇ ਅਮਰੀਕਾ ਵਿਚ ਹਨ। ਜੇਕਰ ਕਿਸੇ ਦੀ ਗ੍ਰੀਨ ਕਾਰਡ ਪਟੀਸ਼ਨ ਮਨਜ਼ੂਰ ਹੋ ਜਾਂਦੀ ਹੈ ਅਤੇ ਉਹ ਦੇਸ਼ ਤੋਂ ਕੱਢਣ ਲਈ ਅਯੋਗ ਜਾਂ ਯੋਗ ਪਾਇਆ ਜਾਂਦਾ ਹੈ, ਤਾਂ ਇੱਕ ਨੋਟਿਸ ਟੂ ਅਪੀਅਰ ਵੀ ਜਾਰੀ ਕੀਤਾ ਜਾਵੇਗਾ। ਇਸਦਾ ਮਤਲਬ ਹੈ ਕਿ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਹੋਣ ਲਈ ਇੱਕ ਨੋਟਿਸ ਵੀ ਭੇਜਿਆ ਜਾਵੇਗਾ।

ਸਫਾ 1 ਦਾ ਬਾਕੀ

## ਅਮਰੀਕਾ ਵੱਲੋਂ ਭਾਰਤੀ ਵਿਦਿਆਰਥੀਆਂ...

ਦੂਤਘਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਨਿਯਮਿਤ ਤੌਰ 'ਤੇ ਕਲਾਸਾਂ ਵਿਚ ਜਾਣਾ ਚਾਹੀਦਾ ਹੈ ਅਤੇ ਕਿਸੇ ਵੀ ਅਕਾਦਮਿਕ ਜਾਂ ਨਿੱਜੀ ਸਮੱਸਿਆ ਦੀ ਸਥਿਤੀ ਵਿਚ ਆਪਣੇ ਮਨੋਨੀਤ ਸਕੂਲ ਅਧਿਕਾਰੀ (ਡੀ.ਐੱਸ.ਓ.) ਨੂੰ ਸੂਚਿਤ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਅਣਅਧਿਕਾਰਤ ਰੁਜ਼ਗਾਰ ਤੋਂ ਬਚਣਾ ਚਾਹੀਦਾ ਹੈ ਅਤੇ ਆਪਣੀਆਂ ਵੀਜ਼ਾ ਜ਼ਿੰਮੇਵਾਰੀਆਂ ਤੋਂ ਜਾਣੂ ਹੋਣਾ ਚਾਹੀਦਾ ਹੈ। ਇਹ ਚੇਤਾਵਨੀ ਖਾਸ ਤੌਰ 'ਤੇ ਉਨ੍ਹਾਂ ਵਿਦਿਆਰਥੀਆਂ ਲਈ ਮਹੱਤਵਪੂਰਨ ਹੈ, ਜੋ ਐੱਫ-1 ਵੀਜ਼ਾ 'ਤੇ ਅਮਰੀਕਾ ਵਿਚ ਪੜ੍ਹ ਰਹੇ ਹਨ, ਕਿਉਂਕਿ ਇਸ ਵੀਜ਼ਾ ਤਹਿਤ ਵਿਦਿਆਰਥੀਆਂ ਨੂੰ ਇੱਕ ਖਾਸ ਕੋਰਸ ਲੋਡ ਅਤੇ ਨਿਯਮਤ ਹਾਜ਼ਰੀ ਬਣਾਈ ਰੱਖਣੀ ਪੈਂਦੀ ਹੈ। ਜੇਕਰ ਕੋਈ ਵਿਦਿਆਰਥੀ ਇਨ੍ਹਾਂ ਸ਼ਰਤਾਂ ਦੀ ਉਲੰਘਣਾ ਕਰਦਾ ਹੈ, ਤਾਂ ਉਸਨੂੰ ਪ੍ਰੋਗਰਾਮ ਤੋਂ ਹਟਾਇਆ ਜਾ ਸਕਦਾ ਹੈ ਅਤੇ ਦੇਸ਼ ਵਿਚ ਉਸਦੀ ਕਾਨੂੰਨੀ ਸਥਿਤੀ ਨੂੰ ਖ਼ਤਰਾ ਹੋ ਸਕਦਾ ਹੈ।

ਜੁਲਾਈ 2025 ਤੋਂ ਲਾਗੂ ਹੋਣ ਵਾਲੇ ਨਵੇਂ ਨਿਯਮਾਂ ਤਹਿਤ ਵਿਦਿਆਰਥੀ ਵੀਜ਼ਾ ਧਾਰਕਾਂ, ਜਿਨ੍ਹਾਂ ਵਿਚ ਐੱਫ-1 ਅਤੇ ਓ.ਪੀ.ਟੀ. ਸਥਿਤੀ ਵਾਲੇ ਵੀ ਸ਼ਾਮਲ ਹਨ, ਨੂੰ ਪੂਰਾ ਸਮਾਂ ਦਾਖਲਾ ਅਤੇ ਅਕਾਦਮਿਕ ਸਥਿਤੀ ਬਣਾਈ ਰੱਖਣੀ ਚਾਹੀਦੀ ਹੈ। ਅਜਿਹਾ ਨਾ ਕਰਨ 'ਤੇ ਤੁਰੰਤ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ ਅਤੇ ਭਵਿੱਖ ਵਿਚ ਅਮਰੀਕੀ ਵੀਜ਼ਾ ਅਰਜ਼ੀਆਂ 'ਤੇ ਪਾਬੰਦੀ ਲਗਾਈ ਜਾ ਸਕਦੀ ਹੈ। ਦੂਤਘਰ ਨੇ ਇਹ ਵੀ ਕਿਹਾ ਹੈ ਕਿ ਜੇਕਰ ਕਿਸੇ ਵਿਦਿਆਰਥੀ ਨੂੰ ਅਮਰੀਕਾ ਵਿਚ ਹਮਲੇ, ਘਰੇਲੂ ਹਿੰਸਾ ਜਾਂ ਹੋਰ ਅਪਰਾਧਾਂ ਲਈ ਗ੍ਰਿਫ਼ਤਾਰ ਕੀਤਾ ਜਾਂਦਾ ਹੈ, ਤਾਂ ਉਸਦਾ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ ਅਤੇ ਉਸਨੂੰ ਭਵਿੱਖ ਵਿਚ ਅਮਰੀਕੀ ਵੀਜ਼ਾ ਲਈ ਅਯੋਗ ਘੋਸ਼ਿਤ ਕੀਤਾ ਜਾ ਸਕਦਾ ਹੈ। ਇਹ ਚੇਤਾਵਨੀ ਅਜਿਹੇ ਸਮੇਂ ਆਈ ਹੈ ਜਦੋਂ ਅਮਰੀਕੀ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਹੈ ਅਤੇ ਹਜ਼ਾਰਾਂ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਲਈ ਯੁੱਧ ਸਮੇਂ ਦੇ ਕਾਨੂੰਨ ਦੀ ਵਰਤੋਂ ਕਰ ਰਿਹਾ ਹੈ।

ਸਫਾ 1 ਦਾ ਬਾਕੀ

## ਅਮਰੀਕਾ ਦਾਖਲੇ ਲਈ ਵਿਦੇਸ਼ੀਆਂ ਨੂੰ...

ਇਸ ਮਹੀਨੇ ਸ਼ੁਰੂ ਹੋਣ ਵਾਲਾ ਇਹ ਪਾਇਲਟ ਪ੍ਰੋਗਰਾਮ 5 ਅਗਸਤ, 2026 ਤੱਕ ਲਾਗੂ ਹੋਵੇਗਾ। ਇਹ ਪਾਇਲਟ ਪ੍ਰੋਗਰਾਮ ਟਰੰਪ ਪ੍ਰਸ਼ਾਸਨ ਵੱਲੋਂ ਗੈਰ-ਕਾਨੂੰਨੀ ਪਰਵਾਸ 'ਤੇ ਕਾਰਵਾਈ ਦਾ ਹਿੱਸਾ ਜਾਪਦਾ ਹੈ, ਜੋ ਕਿ ਅਮਰੀਕੀ ਰਾਸ਼ਟਰਪਤੀ ਦੀ ਚੋਣ ਮੁਹਿੰਮ ਅਤੇ ਵ੍ਹਾਈਟ ਹਾਊਸ ਵਿਚ ਉਨ੍ਹਾਂ ਦੇ ਦੂਜੇ ਕਾਰਜਕਾਲ ਦਾ ਇਕ ਪ੍ਰਮੁੱਖ ਏਜੰਡਾ ਹੈ। ਜਨਤਕ ਨੋਟਿਸ ਵਿਚ ਕਿਹਾ ਗਿਆ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਇਹ ਪਾਇਆ ਗਿਆ ਹੈ ਕਿ ਲੱਖਾਂ ਗੈਰ-ਪ੍ਰਵਾਸੀ ਸੈਲਾਨੀ ਸਮੇਂ 'ਤੇ ਅਮਰੀਕਾ ਤੋਂ ਵਾਪਸ ਨਹੀਂ ਜਾਂਦੇ ਹਨ ਅਤੇ ਆਪਣੇ ਵੀਜ਼ਾ ਦੀ ਮਿਆਦ ਨਾਲੋਂ ਵੱਧ ਸਮੇਂ ਤੱਕ ਉੱਥੇ ਰੁਕੇ ਰਹਿੰਦੇ ਹਨ।

ਇਸ ਪ੍ਰੋਗਰਾਮ ਦੇ ਦਾਇਰੇ ਵਿਚ ਆਉਣ ਵਾਲੇ ਦੇਸ਼ਾਂ ਦਾ ਐਲਾਨ ਨਹੀਂ ਕੀਤਾ ਗਿਆ ਹੈ। ਇਸ ਜਨਤਕ ਨੋਟਿਸ ਵਿਚ ਇਹ ਨਹੀਂ ਦੱਸਿਆ ਗਿਆ ਹੈ ਕਿ ਇਸ ਪ੍ਰੋਗਰਾਮ ਦੇ ਘੇਰੇ ਹੇਠ ਕਿਹੜੇ ਦੇਸ਼ ਆਉਣਗੇ। ਇਸ ਜਨਤਕ ਨੋਟਿਸ ਮੁਤਾਬਕ ਵਿਦੇਸ਼ ਵਿਭਾਗ ਵੱਲੋਂ ਇਸ ਪ੍ਰੋਗਰਾਮ ਦੇ ਘੇਰੇ ਵਿਚ ਆਉਣ ਵਾਲੇ ਦੇਸ਼ਾਂ ਦਾ ਐਲਾਨ ਪਾਇਲਟ ਪ੍ਰਾਜੈਕਟ ਦੇ ਲਾਗੂ ਹੋਣ ਤੋਂ ਘੱਟੋ-ਘੱਟ 15 ਦਿਨ ਪਹਿਲਾਂ ਕਰ ਦਿੱਤਾ ਜਾਵੇਗਾ ਅਤੇ ਇਹ ਸੂਚੀ ਜ਼ਰੂਰਤ ਮੁਤਾਬਕ ਸੋਧੀ ਜਾਂਦੀ ਰਹੇਗੀ।

ਸਫਾ 1 ਦਾ ਬਾਕੀ

## ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਹਰਜੋਤ...

ਉਪਰੰਤ ਉਹ ਗੁਰਦੁਆਰਾ ਸ੍ਰੀ ਅਨੰਦਪੁਰ ਸਾਹਿਬ ਵਿਖੇ 2 ਦਿਨ ਜੋੜਾ ਘਰ ਸੇਵਾ ਕਰਨ ਉਪਰੰਤ 1100 ਰੁਪਏ ਦੀ ਕੜਾਹ ਪ੍ਰਸ਼ਾਦਿ ਦੇ ਦੇਗ ਕਰਵਾ ਕੇ ਅਰਦਾਸ ਕਰਵਾਉਣਗੇ।

ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਆਪਣਾ ਪੱਖ ਸਪੱਸ਼ਟ ਕਰਨ ਲਈ ਤਲਬ ਕੀਤਾ ਗਿਆ ਸੀ। ਉਨ੍ਹਾਂ ਤੋਂ ਇਲਾਵਾ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜਫਰ ਨੂੰ ਵੀ ਤਲਬ ਕੀਤਾ ਗਿਆ ਸੀ। ਅਕਾਲ ਤਖ਼ਤ ਸਕੱਤਰੇਤ ਵਿਚ ਹੋਣ ਵਾਲੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੋਲਾ ਤੇ ਹੋਰ ਸ਼ਾਮਲ ਸਨ।

ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਪੁੱਜਣ ਤੋਂ ਪਹਿਲਾਂ ਇੱਥੇ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਮੱਥਾ ਟੇਕਿਆ ਅਤੇ ਸ੍ਰੀ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਆਪਣਾ ਪੱਖ ਰੱਖਣ ਲਈ ਪੁੱਜੇ। ਉਨ੍ਹਾਂ ਚਿੱਟੇ ਰੰਗ ਦਾ ਕੁੜਤਾ ਪਜਾਮਾ ਪਾਇਆ ਸੀ ਤੇ ਦਾਹੜੇ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋਫੈਸਰ ਕਰਮਜੀਤ ਸਿੰਘ ਦਾ ਮਾਮਲਾ ਵੀ ਵਿਚਾਰੇ ਜਾਣ ਦੀ ਸੰਭਾਵਨਾ ਹੈ। ਬੀਤੇ ਦਿਨੀਂ ਉਨ੍ਹਾਂ ਦੀ ਇੱਕ ਵੀਡੀਓ ਵਾਇਰਲ ਹੋਈ ਸੀ, ਜਿਸ ਵਿਚ ਉਹ ਆਰ.ਐੱਸ.ਐੱਸ. ਦੇ ਮੁਖੀ ਸਾਹਮਣੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰ ਰਹੇ ਸਨ। ਇਸ ਤੋਂ ਇਲਾਵਾ ਭਰਤੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਵਾਸਤੇ ਸ਼੍ਰੋਮਣੀ ਕਮੇਟੀ ਕੋਲੋਂ ਤੇਜਾ ਸਿੰਘ ਸਮੁੰਦਰੀ ਹਾਲ ਦੇਣ ਦੀ ਕੀਤੀ ਗਈ ਮੰਗ ਦਾ ਮਾਮਲਾ ਵੀ ਵਿਚਾਰੇ ਜਾਣ ਦੀ ਸੰਭਾਵਨਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਪੱਤਰ ਅਗਲੇਰੀ ਕਾਰਵਾਈ ਵਾਸਤੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਵੱਲ ਭੇਜ ਦਿੱਤਾ ਗਿਆ ਸੀ।

# 2024-25 ਸੈਸ਼ਨ ਲਈ ਰਿਕਾਰਡ ਗਿਣਤੀ ’ਚ ਅਮਰੀਕਾ ਪੁੱਜੇ ਭਾਰਤੀ ਵਿਦਿਆਰਥੀ

**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਖ਼ਤੀ ਦੇ ਬਾਵਜੂਦ ਅਮਰੀਕਾ ਭਾਰਤੀ ਵਿਦਿਆਰਥੀਆਂ ਲਈ ਪਸੰਦੀਦਾ ਦੇਸ਼ ਬਣਿਆ ਹੋਇਆ ਹੈ। ਤਾਜ਼ਾ ਜਾਣਕਾਰੀ ਮੁਤਾਬਕ ਇਸ ਸਾਲ ਅਮਰੀਕਾ ਵਿਚ ਉੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਨੇ ਇੱਕ ਨਵਾਂ ਰਿਕਾਰਡ ਕਾਇਮ ਕੀਤਾ ਹੈ। ਵਾਸ਼ਿੰਗਟਨ ਪੋਸਟ ਵਿਚ ਪ੍ਰਕਾਸ਼ਿਤ ਇੱਕ ਰਿਪੋਰਟ ਮੁਤਾਬਕ 2024-25 ਦੇ ਅਕਾਦਮਿਕ ਸੈਸ਼ਨ ਵਿਚ 3.5 ਲੱਖ ਤੋਂ ਵੱਧ ਭਾਰਤੀ ਵਿਦਿਆਰਥੀਆਂ ਨੇ ਅਮਰੀਕੀ ਯੂਨੀਵਰਸਿਟੀਆਂ ’ਚ ਦਾਖਲਾ ਲਿਆ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਧ ਗਿਣਤੀ ਹੈ।

ਰਿਪੋਰਟ ਅਨੁਸਾਰ ਭਾਰਤੀ ਵਿਦਿਆਰਥੀਆਂ ਦੀ ਵੱਧਦੀ ਮੌਜੂਦਗੀ ਨੇ ਅਮਰੀਕੀ ਵੀਜ਼ਾ ਨੀਤੀ ਨਿਰਮਾਤਾਵਾਂ ਨੂੰ ਮੁੜ ਵਿਚਾਰ ਕਰਨ ਲਈ ਮਜਬੂਰ ਕੀਤਾ ਹੈ। ਐੱਫ-1 ਅਤੇ ਓ.ਪੀ.ਟੀ. (ਵਿਕਲਪਿਕ ਪ੍ਰੈਕਟੀਕਲ ਟ੍ਰੇਨਿੰਗ) ਵੀਜ਼ਾ ਨੀਤੀ ਬਾਰੇ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਅਤੇ ਵਿਦੇਸ਼ ਵਿਭਾਗ ਵਿਚ ਕੁਝ ਸਕਾਰਾਤਮਕ ਸੋਧਾਂ ’ਤੇ ਚਰਚਾ ਕੀਤੀ ਜਾ ਰਹੀ ਹੈ। ਮਿਸ਼ੀਗਨ ਯੂਨੀਵਰਸਿਟੀ ਵਿੱਚ ਅੰਤਰਰਾਸ਼ਟਰੀ ਸਿੱਖਿਆ ਦੀ ਡਾਇਰੈਕਟਰ ਐਲਿਜ਼ਾਬੈਥ ਕਾਰਟਰ ਅਨੁਸਾਰ ਭਾਰਤੀ ਵਿਦਿਆਰਥੀ ਨਾ ਸਿਰਫ਼ ਗਿਣਤੀ ਵਿਚ ਸਗੋਂ ਖੋਜ, ਨਵੀਨਤਾ ਅਤੇ ਕੈਂਪਸ ਲੀਡਰਸ਼ਿਪ ਵਿਚ ਵੀ ਮੋਹਰੀ ਭੂਮਿਕਾ ਨਿਭਾ ਰਹੇ ਹਨ। ਅਮਰੀਕਾ ਵਿਚ ਆਈ.ਆਈ.ਟੀ.ਐੱਸ., ਐੱਨ.ਆਈ.ਟੀ.ਐੱਸ. ਅਤੇ ਦਿੱਲੀ ਯੂਨੀਵਰਸਿਟੀ ਵਰਗੇ ਸੰਸਥਾਨਾਂ ਤੋਂ ਗ੍ਰੈਜੂਏਟ ਵਿਦਿਆਰਥੀ ਉੱਚ ਸਿੱਖਿਆ ਲਈ ਵੱਧ ਰਹੇ ਹਨ ਅਤੇ ਇਨ੍ਹਾਂ ਵਿਦਿਆਰਥੀਆਂ ਦੇ ਉੱਚ ਗ੍ਰੇਡ ਅਤੇ ਖੋਜ ਸਮਰੱਥਾਵਾਂ ਨੇ ਵੀ ਯੂਨੀਵਰਸਿਟੀ ਦੇ ਉੱਚ ਪ੍ਰਸ਼ਾਸਨ ਨੂੰ ਪ੍ਰਭਾਵਿਤ ਕੀਤਾ ਹੈ।

ਭਾਰਤੀ ਵਿਦਿਆਰਥੀਆਂ ਦੀ ਰਵਾਇਤੀ ਤੌਰ ’ਤੇ ਗਣਿਤ, ਵਿਗਿਆਨ ਅਤੇ ਵਿਸ਼ਲੇਸ਼ਣਾਤਮਕ ਸੋਚ ਵਿਚ ਮਜ਼ਬੂਤ ਪਕੜ ਰਹੀ ਹੈ। ਅਮਰੀਕੀ ਯੂਨੀਵਰਸਿਟੀਆਂ ਵਿਚ STEM (ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ, ਗਣਿਤ) ਅਧਾਰਤ ਕੋਰਸਾਂ ਲਈ ਜ਼ਿਆਦਾਤਰ ਅਰਜ਼ੀਆਂ ਹੁਣ ਭਾਰਤ ਤੋਂ ਆ ਰਹੀਆਂ ਹਨ। ਰਿਪੋਰਟ ਅਨੁਸਾਰ ਸਟੈਨਫੋਰਡ, ਐੱਮ.ਆਈ.ਟੀ. ਅਤੇ ਯੂ.ਸੀ. ਬਰਕਲੇ ਵਰਗੇ ਸੰਸਥਾਨਾਂ ਵਿਚ ਕੰਪਿਊਟਰ ਸਾਇੰਸ, ਏ.ਆਈ. ਅਤੇ ਡੇਟਾ ਸਾਇੰਸ ਦੇ ਅੰਡਰਗ੍ਰੈਜੂਏਟ/ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ਵਿਚ ਭਾਰਤੀ ਵਿਦਿਆਰਥੀਆਂ ਦੀ ਮੌਜੂਦਗੀ ਲਗਾਤਾਰ ਵੱਧ ਰਹੀ ਹੈ।

# ਟਰੰਪ ਦੀ ਫਾਰਮਾ ਸੈਕਟਰ ’ਤੇ ਭਾਰੀ ਟੈਰਿਫ ਦੀ ਚੇਤਾਵਨੀ

■ **ਇੱਕ ਸਾਲ ’ਚ 150% ਅਤੇ ਫਿਰ 250% ਵਧੇਗਾ ਟੈਕਸ**

**ਨਵੀਂ ਦਿੱਲੀ/ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਭਾਰਤ ’ਤੇ ਟੈਰਿਫ ਲਗਾਉਣ ਸਬੰਧੀ ਸਖ਼ਤ ਹੁੰਦੇ ਜਾ ਰਹੇ ਹਨ। ਵਪਾਰਕ ਤਣਾਅ ਵਧਾਉਂਦੇ ਹੋਏ ਹਾਲ ਹੀ ਵਿਚ ਉਨ੍ਹਾਂ ਨੇ ਦਵਾਈਆਂ ਦੇ ਆਯਾਤ ’ਤੇ ਭਾਰੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ। ਟਰੰਪ ਨੇ ਕਿਹਾ, ‘ਅਸੀਂ ਦਵਾਈਆਂ ’ਤੇ ਇੱਕ ਛੋਟਾ ਟੈਕਸ ਲਗਾਵਾਂਗੇ। ਪਰ ਇੱਕ ਸਾਲ ਵਿਚ ਇਹ 150% ਅਤੇ ਫਿਰ 250% ਵਧੇਗਾ। ਇਸ ਦਾ ਉਦੇਸ਼ ਘਰੇਲੂ ਉਤਪਾਦਨ ਵਧਾਉਣਾ ਹੈ। ਅਸੀਂ ਚਾਹੁੰਦੇ ਹਾਂ ਕਿ ਦਵਾਈਆਂ ਸਿਰਫ਼ ਅਮਰੀਕਾ ਵਿਚ ਹੀ ਬਣਾਈਆਂ ਜਾਣ।’ ਉਨ੍ਹਾਂ ਨੇ ਸੈਮੀਕੰਡਕਟਰਾਂ ਅਤੇ ਚਿਪਸ ’ਤੇ ਨਵਾਂ ਟੈਕਸ ਲਗਾਉਣ ਦਾ ਵੀ ਸੰਕੇਤ ਦਿੱਤਾ ਹੈ।

ਟਰੰਪ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਭਾਰਤ ਰੂਸ ਨਾਲ ਤੇਲ ਦਾ ਵਪਾਰ ਜਾਰੀ ਰੱਖਦਾ ਹੈ, ਤਾਂ ਭਾਰਤੀ ਸਾਮਾਨਾਂ ’ਤੇ ਟੈਰਿਫ ਬਹੁਤ ਵਧਾ ਸਕਦਾ ਹੈ। ਟਰੰਪ ਨੇ ਇਹ ਗੱਲਾਂ ਇੱਕ ਇੰਟਰਵਿਊ ਦੌਰਾਨ ਕਹੀਆਂ ਹਨ। ਇਸ ਫੈਸਲੇ ਦਾ ਦੁਨੀਆਂ ਭਰ ਦੇ ਦੇਸ਼ਾਂ ’ਤੇ ਅਸਰ ਪੈਣ ਦੀ ਸੰਭਾਵਨਾ ਹੈ। ਖਾਸ ਕਰਕੇ ਇਸਦਾ ਭਾਰਤ ’ਤੇ ਬੁਰਾ ਪ੍ਰਭਾਵ ਪੈਣ ਦੀ ਉਮੀਦ ਹੈ।

ਇਸ ਦੌਰਾਨ ਅਮਰੀਕੀ ਰਾਜਨੀਤਿਕ ਵਿਗਿਆਨੀ ਜੌਨ ਮੀਅਰਸ਼ਾਈਮਰ ਨੇ ਚੇਤਾਵਨੀ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਨਜ਼ਦੀਕੀ ਸਹਿਯੋਗੀਆਂ ’ਤੇ ਟੈਰਿਫ ਲਗਾਉਣ ਨਾਲ ਉਹ ਚੀਨ ਵੱਲ ਰੁਖ਼ ਕਰ ਸਕਦੇ ਹਨ। ਇਨ੍ਹਾਂ ਵਿਚ ਜਾਪਾਨ ਅਤੇ ਦੱਖਣੀ ਕੋਰੀਆ ਸ਼ਾਮਲ ਹਨ। ਇਸ ਨਾਲ ਅਮਰੀਕਾ ਲਈ ਚੀਨ ਨੂੰ ਕੰਟਰੋਲ ਕਰਨਾ ਹੋਰ ਵੀ ਮੁਸ਼ਕਲ ਹੋ ਜਾਵੇਗਾ। ਸਾਬਕਾ ਅਮਰੀਕੀ ਅਧਿਕਾਰੀ ਇਵਾਨ ਏ. ਫੀਗੇਨਬੌਮ ਨੇ ਵੀ ਟਰੰਪ ਦੇ ਫੈਸਲਿਆਂ ਨੂੰ ਭਾਰਤ ਅਤੇ ਅਮਰੀਕਾ ਦੇ 25 ਸਾਲਾਂ ਦੇ ਸਬੰਧਾਂ ਲਈ ‘ਵਿਨਾਸ਼ਕਾਰੀ’ ਦੱਸਿਆ ਹੈ।

ਇੱਥੇ ਦੱਸ ਦਈਏ ਕਿ ਭਾਰਤ ਆਪਣੇ ਜ਼ਿਆਦਾਤਰ ਫਾਰਮਾਸਿਊਟੀਕਲ ਉਤਪਾਦ ਅਮਰੀਕਾ ਨੂੰ ਨਿਰਯਾਤ ਕਰਦਾ ਹੈ, ਖਾਸ ਕਰਕੇ ਜੈਨਰਿਕ ਦਵਾਈਆਂ। ਇਹ ਭਾਰਤ ਦੇ ਕੁੱਲ ਫਾਰਮਾਸਿਊਟੀਕਲ ਨਿਰਯਾਤ ਦਾ 31% ਤੋਂ ਵੱਧ ਹੈ। ਵਿੱਤੀ ਸਾਲ 2024 ਵਿਚ ਭਾਰਤ ਦਾ ਅਮਰੀਕਾ ਨੂੰ ਫਾਰਮਾਸਿਊਟੀਕਲ ਨਿਰਯਾਤ 8.73 ਬਿਲੀਅਨ ਡਾਲਰ ਸੀ। ਜੇਕਰ ਟਰੰਪ ਇਸ ਖੇਤਰ ’ਤੇ ਟੈਰਿਫ ਲਗਾਉਣ ਨੂੰ ਅੰਤਿਮ ਰੂਪ ਦਿੰਦੇ ਹਨ, ਤਾਂ ਭਾਰਤ ਆਪਣੇ ਨਿਰਯਾਤ ਦਾ ਇੱਕ ਵੱਡਾ ਹਿੱਸਾ ਗੁਆ ਸਕਦਾ ਹੈ।

## ਕੈਨੇਡਾ ’ਚ ਪੰਜਾਬੀ ਨੌਜਵਾਨ ਦੇ ਕਤਲ ਮਾਮਲੇ ’ਚ 4 ਵਿਅਕਤੀਆਂ ’ਤੇ ਫਸਟ ਡਿਗਰੀ ਕਤਲ ਦੇ ਦੋਸ਼ ਆਇਦ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਐਬਸਫੋਰਡ ਸ਼ਹਿਰ ਨਾਲ ਸਬੰਧਿਤ ਜਨਵਰੀ ਮਹੀਨੇ ’ਚ ਕਤਲ ਕੀਤੇ ਇੱਕ 19 ਸਾਲਾਂ ਨੌਜਵਾਨ ਦੇ ਕਤਲ ਦੇ ਸਬੰਧ ਵਿਚ ਪੁਲਿਸ ਵੱਲੋਂ ਚਾਰ ਵਿਅਕਤੀਆਂ ’ਤੇ ਪਹਿਲੀ ਡਿਗਰੀ ਕਤਲ ਦੇ ਦੋਸ਼ ਆਇਦ ਕੀਤੇ ਗਏ ਹਨ।

ਉਪਰੋਕਤ ਘਟਨਾ ਦੀ ਤਫਦੀਸ਼ ਕਰ ਰਹੀਆਂ ਏਜੰਸੀਆਂ ਅਨੁਸਾਰ ਹੱਤਿਆ ਦੀ ਇਸ ਘਟਨਾ ਨੂੰ ਪਹਿਲਾਂ ਤੋਂ ਘੜੀ ਯੋਜਨਾ ਤਹਿਤ ਅੰਜਾਮ ਦਿੱਤਾ ਗਿਆ ਸੀ ਅਤੇ ਘਟਨਾ ਮਗਰੋਂ ਏਜੰਸੀਆਂ ਵੱਲੋਂ ਆਰੰਭ ਕੀਤੀ ਜਾਂਚ ਮਗਰੋਂ ਸ਼ੱਕ ਦੇ ਆਧਾਰ ’ਤੇ ਚਾਰ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਸੀ ਅਤੇ ਸਾਰੇ ਸਬੂਤ ਮਿਲਣ ਤੋਂ ਬਾਅਦ ਉਨ੍ਹਾਂ ਤੇ ਪਹਿਲੀ ਡਿਗਰੀ ਕਤਲ ਦੇ ਦੋਸ਼ ਆਇਦ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਇਸ ਘਟਨਾ ’ਚ ਮਾਰੇ ਗਏ ਨੌਜਵਾਨ ਦੇ ਮਾਪਿਆਂ ਵੱਲੋਂ ਲਗਾਤਾਰ ਇਨਸਾਫ ਦੀ ਮੰਗ ਕੀਤੀ ਜਾ ਰਹੀ ਸੀ।

## ਅਮਰੀਕਾ ’ਚ ਪੈਦਾ ਹੋਏ ਬੱਚੇ ਅਮਰੀਕੀ ਨਾਗਰਿਕ ਹਨ : ਨਿਊਜਰਸੀ ਅਟਾਰਨੀ ਜਨਰਲ



**ਵਾਸ਼ਿੰਗਟਨ, (ਪੰਜਾਬ ਮੇਲ)-** ਨਿਊਜਰਸੀ ਦੇ ਅਟਾਰਨੀ ਜਨਰਲ ਮੈਥਿਊ ਪਲੈਟਕਿਨ ਨੇ ਕਿਹਾ ਹੈ ਕਿ ਅਮਰੀਕਾ ’ਚ ਪੈਦਾ ਹੋਏ ਬੱਚੇ ਅਮਰੀਕੀ ਨਾਗਰਿਕ ਹਨ। ਜਿਵੇਂ ਕਿ ਪਹਿਲਾਂ ਤੋਂ ਸਾਡੇ ਇਤਿਹਾਸ ’ਚ ਅਮਰੀਕਾ ’ਚ ਪੈਦਾ ਹੋਏ ਬੱਚਿਆਂ ਨੂੰ ਨਾਗਰਿਕਤਾ ਮਿਲਦੀ ਆਈ ਹੈ, ਹੁਣ ਵੀ ਮਿਲੇਗੀ। ਅਟਾਰਨੀ ਜਨਰਲ ਦਾ ਇਹ ਬਿਆਨ ਬੋਸਟਨ, ਮਾਸਾਚੂਸੈਟਸ, ਦੇ ਇਕ ਸੰਘੀ ਜੱਜ ਵੱਲੋਂ ਅਮਰੀਕਾ ’ਚ ਜੰਮੇ ਬੱਚਿਆਂ ਦੀ ਨਾਗਰਿਕਤਾ ਖ਼ਤਮ ਕਰਨ ਬਾਰੇ ਟਰੰਪ ਪ੍ਰਸ਼ਾਸਨ ਦੇ ਫੁਰਮਾਨ ਉਪਰ ਰੋਕ ਲਾਉਣ ਤੋਂ ਬਾਅਦ ਆਇਆ ਹੈ। ਯੂ.ਐੱਸ. ਜਿਲ੍ਹਾ ਜੱਜ ਲੀਓ ਸੋਰੋਕਿਨ ਨੇ ਟਰੰਪ ਪ੍ਰਸ਼ਾਸਨ ਦੇ ਆਦੇਸ਼ ਨੂੰ ਸੰਵਿਧਾਨ ਦੀ ਉਲੰਘਣਾ ਕਰਾਰ ਦਿੱਤਾ ਹੈ। ਅਮਰੀਕਾ ਦੀ ਇਹ ਤੀਸਰੀ ਅਦਾਲਤ ਹੈ, ਜਿਸ ਨੇ ਟਰੰਪ ਪ੍ਰਸ਼ਾਸਨ ਦੇ ਵਿਵਾਦਿਤ ਆਦੇਸ਼ ਨੂੰ ਲਾਗੂ ਹੋਣ ਤੋਂ ਰੋਕਣ ਲਈ ਆਦੇਸ਼ ਜਾਰੀ ਕੀਤਾ ਹੈ।



ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲUSA



# ਭੰਬਲਭੂਸੇ ਵਿਚ ਪਈ ਹੋਈ ਹੈ ਏਅਰ ਇੰਡੀਆ ਹਾਦਸੇ ਦੀ ਜਾਂਚ















ਇੰਗਲੈਂਡ ਜਾ ਰਹੇ ਏਅਰ ਇੰਡੀਆ ਦੇ ਜਹਾਜ਼ ਦੀ 12 ਜੂਨ 2025 ਨੂੰ ਅਹਿਮਦਾਬਾਦ ਵਿਖੇ ਹੋਏ ਹਾਦਸੇ ਦੀ ਜਾਂਚ ਜਿਸ ਵਿਚ 230 ਮੁਸਾਫਰ ਅਤੇ 12 ਸਟਾਫ ਮੈਂਬਰਾਂ ਦੀ ਮੌਤ ਹੋ ਗਈ ਸੀ, ਤਕਰੀਬਨ ਡੇਢ ਮਹੀਨਾ ਬੀਤ ਜਾਣ ਤੋਂ ਬਾਅਦ ਵੀ ਕਿਸੇ ਤਣ ਪੱਤਣ ਨਹੀਂ ਲੱਗ ਸਕੀ ਹੈ। ਇਹ ਬੋਇੰਗ ਵੱਲੋਂ ਨਿਰਮਤ ਮਾਡਲ ਬੋਇੰਗ 787-8 ਦਾ ਪਹਿਲਾ ਭਿਆਨਕ ਹਵਾਈ ਹਾਦਸਾ ਸੀ। ਬੀਤੀ 12 ਜੁਲਾਈ ਨੂੰ ਏਅਰ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (ਏ.ਏ.ਆਈ.ਬੀ.) ਵੱਲੋਂ ਹਾਦਸੇ ਬਾਰੇ ਜਾਰੀ ਕੀਤੀ ਅੰਤਰਿਮ ਰਿਪੋਰਟ ਤੋਂ ਬਾਅਦ ਤਾਂ ਜਿਵੇਂ ਭਾਨੂਮਤੀ ਦਾ ਪਿਟਾਰਾ ਖੁੱਲ੍ਹ ਗਿਆ ਹੈ। ਏ.ਏ.ਆਈ.ਬੀ. ਨੇ ਇਸ ਰਿਪੋਰਟ ਵਿਚ ਦਸਿਆ ਹੈ ਕਿ ਇਸ ਹਾਦਸੇ ਦਾ ਕਾਰਨ ਉਡਾਣ ਭਰਨ ਤੋਂ ਫੌਰਨ ਬਾਅਦ ਦੋਵਾਂ ਇੰਜਣਾਂ ਨੂੰ ਤੇਲ ਦੀ ਸਪਲਾਈ ਦਾ ਬੰਦ ਹੋ ਜਾਣਾ ਸੀ। ਪਰ ਰਿਪੋਰਟ ਵਿਚ ਇਹ ਕਿਤੇ ਵੀ ਜ਼ਿਕਰ ਨਹੀਂ ਕੀਤਾ ਗਿਆ ਕਿ ਸਪਲਾਈ ਕਿਸੇ ਤਕਨੀਕੀ ਨੁਕਸ ਕਾਰਨ ਬੰਦ ਹੋਈ ਸੀ ਜਾਂ ਮਨੁੱਖੀ ਗਲਤੀ ਕਾਰਨ। ਹਾਦਸੇ ਦਾ ਸਹੀ ਕਾਰਨ ਨਾ ਦੱਸੇ ਜਾਣ ਕਾਰਨ ਅਫਵਾਹਾਂ ਦਾ ਬਾਜ਼ਾਰ ਗਰਮ ਹੋ ਗਿਆ ਹੈ ਤੇ ਲੋਕ ਦੋ ਗਰੁੱਪਾਂ ਵਿਚ ਵੰਡੇ ਗਏ ਹਨ। ਪਹਿਲੇ ਗਰੁੱਪ ਦੀ ਥਿਊਰੀ ਇਹ ਹੈ ਕਿ ਤੇਲ ਤਕਨੀਕੀ ਖਰਾਬੀ ਕਾਰਨ ਬੰਦ ਹੋਇਆ ਸੀ। ਪਰ ਦੂਸਰੇ ਗਰੁੱਪ ਵਾਲੇ ਦਲੀਲ ਦਿੰਦੇ ਹਨ ਕਿ ਇਨਸਾਨੀ ਦਖਲਅੰਦਾਜ਼ੀ ਤੋਂ ਬਗੈਰ ਤੇਲ ਦੀ ਸਪਲਾਈ ਬੰਦ ਹੀ ਨਹੀਂ ਹੋ ਸਕਦੀ। ਮਤਲਬ ਤੇਲ ਦੋਵਾਂ ਪਾਇਲਟਾਂ ਵਿਚੋਂ ਕਿਸੇ ਇੱਕ ਨੇ ਬੰਦ ਕੀਤਾ ਸੀ, ਜੋ ਆਤਮਘਾਤੀ ਪ੍ਰਵਿਰਤੀ ਦਾ ਸੀ।

ਦੂਸਰੀ ਥਿਊਰੀ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਪਾਠਕਾਂ ਨੂੰ ਸ਼ਾਇਦ ਯਾਦ ਹੋਵੇਗਾ ਕਿ 27 ਮਾਰਚ 2015 ਵਾਲੇ ਦਿਨ ਜਰਮਨੀ ਵਿਖੇ ਜਰਮਨਵਿੰਗਜ਼ ਨਾਮਕ ਏਅਰਲਾਈਨ ਦੀ ਇੱਕ ਫਲਾਈਟ ਸਮੇਂ ਸਹਿ ਪਾਇਲਟ ਐਂਡਰੀਆਜ਼ ਲੂਬਿਜ਼ ਨੇ ਮੁੱਖ ਪਾਇਲਟ ਨੂੰ ਕੈਬਿਨ ਵਿਚੋਂ ਬਾਹਰ ਕੱਢ ਕੇ ਜਹਾਜ਼ ਨੂੰ ਐਲਪਸ ਪਰਬਤ ਮਾਲਾ ਨਾਲ ਟਕਰਾ ਦਿੱਤਾ। ਉਸ ਹਾਦਸੇ ਵਿਚ ਉਸ ਸਮੇਤ ਸਾਰੇ 150 ਮੁਸਾਫਰ ਮਾਰੇ ਗਏ ਸਨ। ਏ.ਏ.ਆਈ.ਬੀ. ਦੀ ਰਿਪੋਰਟ ਦੇ ਕੁਝ ਚੋਣਵੇਂ ਹਿੱਸਿਆਂ ਨੂੰ ਪੱਛਮੀ ਮੀਡੀਆ ਨੂੰ ਲੀਕ ਕਰ ਦਿੱਤਾ ਗਿਆ ਹੈ, ਜਿਨ੍ਹਾਂ ਦੀ ਬਿਨਾਂ 'ਤੇ ਅਮਰੀਕਾ ਦੀ ਚੋਟੀ ਦੀ ਅਖਬਾਰ ਨਿਊਯਾਰਕ ਟਾਈਮਜ਼ ਨੇ ਰਿਪੋਰਟ ਜਾਰੀ ਕੀਤੀ ਹੈ ਕਿ ਇਸ ਹਾਦਸੇ ਦਾ ਜ਼ਿੰਮੇਵਾਰ ਦੋਵਾਂ ਵਿਚੋਂ ਇੱਕ ਪਾਇਲਟ ਹੈ। ਉਸ ਦੇ ਬੋਇੰਗ ਕੰਪਨੀ ਨੂੰ ਨਿਰਦੋਸ਼ ਕਰਾਰ ਦੇਣ ਨਾਲ ਬੋਇੰਗ ਕੰਪਨੀ ਦੇ ਸ਼ੇਅਰ ਰਾਤੋਂ ਰਾਤ ਚੜ੍ਹ ਗਏ ਹਨ। ਵੈਸੇ ਇਹ ਵਿਚਾਰਣ ਯੋਗ ਹੈ ਕਿ ਨਿਊਯਾਰਕ ਟਾਈਮਜ਼ ਅਤੇ ਬੋਇੰਗ ਦੋਵੇਂ ਅਮਰੀਕਾ ਦੇ ਅਦਾਰੇ ਹਨ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਨੇ ਤਹਿਲਕਾ ਮਚਾ ਦਿੱਤਾ ਹੈ। ਇਸ ਥਿਊਰੀ ਨਾਲ ਸਬੰਧ ਰੱਖਣ ਵਾਲੇ ਵਿਅਕਤੀਆਂ ਤੇ ਗਰੁੱਪਾਂ ਨੇ ਬਿਨਾਂ ਕਿਸੇ ਠੋਸ ਸਬੂਤ ਦੇ ਯੂ ਟਿਊਬ, ਵੱਟਸਐਪ ਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਇਸ ਨੂੰ ਰੱਜ ਕੇ ਪ੍ਰਚਾਰਿਆ ਹੈ ਤੇ ਇਸ ਨੂੰ ਕਰੋੜਾਂ ਵਿਊਜ਼ ਮਿਲੇ ਹਨ। ਇਥੋਂ ਤੱਕ ਕਿ ਕੁਝ ਰਿਟਾਇਰ ਭਾਰਤੀ ਪਾਇਲਟਾਂ ਨੇ ਵੀ ਇਹ ਕਹਿ ਦਿੱਤਾ ਹੈ ਕਿ ਇਹ ਆਤਮਘਾਤੀ ਪਾਇਲਟ ਦਾ ਕਾਰਾ ਹੈ।

ਪਰ ਹਰ ਕੋਈ ਇਸ ਥਿਊਰੀ ਨਾਲ ਸਹਿਮਤ ਨਹੀਂ ਹੈ। ਇਸ ਦੇ ਵਿਰੋਧੀਆਂ ਨੇ ਵੀ ਪਾਇਲਟਾਂ ਦੇ ਹੱਕ ਵਿਚ ਸੋਸ਼ਲ ਮੀਡੀਆ 'ਤੇ ਜ਼ਬਰਦਸਤ ਮੁਹਿੰਮ ਚਲਾਈ ਹੋਈ ਹੈ। ਇਸ ਗਰੁੱਪ ਵਿਚ ਜ਼ਿਆਦਾਤਰ ਭਾਰਤੀ ਨਾਗਰਿਕ, ਪਾਇਲਟ, ਏਅਰ ਕਰਿਊ ਯੂਨੀਅਨਾਂ ਅਤੇ ਹਵਾਬਾਜ਼ੀ ਉਦਯੋਗ ਨਾਲ ਜੁੜੇ ਅਹਿਮ ਵਿਅਕਤੀ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਹਾਦਸੇ ਲਈ ਪਾਇਲਟ ਜ਼ਿੰਮੇਵਾਰ ਨਹੀਂ ਹਨ, ਬਲਕਿ ਜਹਾਜ਼ ਦੇ ਡਿਜ਼ਾਈਨ ਵਿਚ ਖਾਮੀ, ਸਾਫਟਵੇਅਰ ਵਿਚ ਨੁਕਸ ਅਤੇ ਟਾਟਾ ਗਰੁੱਪ ਵੱਲੋਂ ਜਹਾਜ਼ਾਂ ਦੀ ਕੀਤੀ ਜਾ ਰਹੀ ਘਟੀਆ ਸਾਂਭ-ਸੰਭਾਲ ਜ਼ਿੰਮੇਵਾਰ ਹੈ। ਇਸ ਤੋਂ ਇਲਾਵਾ ਇਹ ਵੀ ਇਲਜ਼ਾਮ ਲਗਾਇਆ ਜਾ ਰਿਹਾ ਹੈ ਕਿ ਇਹ ਘਟਨਾ ਕਿਸੇ ਸ਼ਰਾਰਤੀ ਵੱਲੋਂ ਕੀਤੀ ਗਈ ਭੰਨ-ਤੋੜ ਕਾਰਨ ਵੀ ਵਾਪਰੀ ਹੋਈ ਹੋ ਸਕਦੀ ਹੈ। ਇਸ ਤੋਂ ਇਲਾਵਾ ਇਹ ਵੀ ਤਰਕ ਦਿੱਤਾ ਜਾ ਰਿਹਾ ਹੈ ਕਿ ਜੇ ਤੇਲ ਬੰਦ ਕਰਨ ਵਾਲੇ ਸਵਿੱਚ ਆਪਣੇ ਆਪ ਬੰਦ ਨਹੀਂ ਹੋ ਸਕਦੇ, ਤਾਂ ਫਿਰ ਐਮੀਰੇਟਸ ਅਤੇ ਸਿੰਗਾਪੁਰ ਏਅਰ ਲਾਈਨ ਵਰਗੀਆਂ ਚੋਟੀ ਦੀਆਂ ਹਵਾਈ ਕੰਪਨੀਆਂ ਉਨ੍ਹਾਂ ਦਾ ਵਾਰ-ਵਾਰ ਨਿਰੀਖਣ ਕਿਉਂ ਕਰਵਾਉਂਦੀਆਂ ਹਨ। ਭਾਰਤ ਦੇ ਅਨੇਕਾਂ ਪਾਇਲਟਾਂ ਨੇ ਕਿਹਾ ਹੈ ਕਿ ਇਸ ਹਾਦਸੇ ਤੋਂ ਬਾਅਦ ਉਨ੍ਹਾਂ ਦਾ ਬੋਇੰਗ 787-8 ਜਹਾਜ਼ਾਂ ਤੋਂ ਵਿਸ਼ਵਾਸ਼ ਉੱਠ ਗਿਆ ਹੈ।

ਇਸ ਤੋਂ ਇਲਾਵਾ ਇਹ ਵੀ ਹੈਰਾਨੀਜਨਕ ਹੈ ਕਿ ਇਸ ਹਵਾਈ ਹਾਦਸੇ ਦੇ ਕਾਰਨਾਂ ਨੂੰ ਜਨਤਕ ਕਰਕੇ ਅਫਵਾਹਾਂ ਨੂੰ ਠੱਲ੍ਹ ਪਾਉਣ ਲਈ ਜ਼ਿੰਮੇਵਾਰ ਏ.ਏ.ਆਈ.ਬੀ., ਭਾਰਤ ਸਰਕਾਰ, ਏਅਰ ਇੰਡੀਆ, ਟਾਟਾ ਮੈਨੇਜਮੈਂਟ, ਬੋਇੰਗ ਕੰਪਨੀ ਅਤੇ ਜੀ.ਈ. ਕੰਪਨੀ (ਜੋ ਬੋਇੰਗ ਦੇ ਇੰਜਣ ਤਿਆਰ ਕਰਦੀ ਹੈ) ਦੇ ਅਧਿਕਾਰੀਆਂ ਨੇ ਰਹੱਸਮਈ ਖਾਮੋਸ਼ੀ ਅਖਤਿਆਰ ਕਰ ਲਈ ਹੈ। ਸਿਰਫ ਅਮਰੀਕਾ ਦੇ ਨੈਸ਼ਨਲ ਟਰਾਂਸਪੋਰਟ ਸੇਫਟੀ ਬੋਰਡ ਨੇ ਇੱਕ ਬਿਆਨ ਜਾਰੀ ਕੀਤਾ ਹੈ, ਜਿਸ ਦੁਆਰਾ ਇਸ ਹਾਦਸੇ ਲਈ ਪਾਇਲਟਾਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਅਮਰੀਕਾ ਦੇ ਵਿਸ਼ਵ ਪ੍ਰਸਿੱਧ ਨਿਊਜ਼ ਪੋਰਟਲ ਬਲੂਮਬਰਗ ਨੇ ਕੁਝ ਦਿਨ ਪਹਿਲਾਂ ਇਹ ਖਬਰ ਦਿੱਤੀ ਹੈ ਕਿ ਇਸ ਹਾਦਸੇ ਦੀ ਜਾਂਚ ਸਹੀ ਨਹੀਂ ਚੱਲ ਰਹੀ। ਕੋਈ ਵੀ ਜ਼ਿੰਮੇਵਾਰ ਅਧਿਕਾਰੀ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਨਹੀਂ ਹੈ। ਸਾਡੇ ਵੱਲੋਂ ਏ.ਏ.ਆਈ.ਬੀ ਨੂੰ ਈਮੇਲ ਰਾਹੀਂ ਕਈ ਸਵਾਲ ਭੇਜੇ ਗਏ ਸਨ ਪਰ ਕੋਈ ਜਵਾਬ ਨਹੀਂ ਮਿਲਿਆ। ਇਸ ਤੋਂ ਅਮਰੀਕਾ ਦੇ ਨੈਸ਼ਨਲ ਟਰਾਂਸਪੋਰਟ ਸੇਫਟੀ ਬੋਰਡ (ਜੋ ਕਿ ਇਸ ਜਾਂਚ ਵਿਚ ਸਹਿਯੋਗ ਕਰ ਰਿਹਾ ਹੈ) ਨੇ ਵੀ ਇਨ੍ਹਾਂ ਅਦਾਰਿਆਂ ਨੂੰ ਕਈ ਸਵਾਲ ਪੁੱਛੇ ਹਨ, ਜਿਨ੍ਹਾਂ ਦਾ ਕੋਈ ਜਵਾਬ ਨਹੀਂ ਮਿਲਿਆ। ਜਿਹੜੇ 260 ਬੇਕਸੂਰ ਮੁਸਾਫਰ ਇਸ ਹਾਦਸੇ ਵਿਚ ਮਾਰੇ ਗਏ ਹਨ, ਉਨ੍ਹਾਂ ਦੇ ਵਾਰਸਾਂ ਨੂੰ ਇਸ ਸਵਾਲ ਦਾ ਜਵਾਬ ਮਿਲਣਾ ਚਾਹੀਦਾ ਹੈ ਕਿ ਆਖਰ ਹਾਦਸਾ ਕਿਉਂ ਹੋਇਆ। ਏਅਰ ਇੰਡੀਆ ਦੀ ਪਾਇਲਟ ਯੂਨੀਅਨ ਨੇ ਇਲਜ਼ਾਮ ਲਗਾਇਆ ਹੈ ਕਿ ਇਸ ਹਾਦਸੇ ਵਿਚ ਮਾਰੇ ਗਏ ਉਨ੍ਹਾਂ ਦੇ ਸਾਥੀਆਂ ਨੂੰ ਬਲੀ ਦਾ ਬਕਰਾ ਬਣਾਉਣ ਲਈ ਏ.ਏ.ਆਈ.ਬੀ. ਅਤੇ ਬੋਇੰਗ ਵਿਚ ਗੁਪਤ ਸਮਝੌਤਾ ਹੋ ਗਿਆ ਹੈ। ਉਨ੍ਹਾਂ ਦੀ ਮੰਗ ਹੈ ਕਿ ਉਨ੍ਹਾਂ ਵਿਚੋਂ ਪੰਜ ਸਭ ਤੋਂ ਸੀਨੀਅਰ ਪਾਇਲਟਾਂ ਨੂੰ ਇਸ ਜਾਂਚ ਕਮੇਟੀ ਦਾ ਹਿੱਸਾ ਬਣਾਇਆ ਜਾਵੇ।

ਦੁਨੀਆਂ ਵਿਚ ਵੱਡੇ ਯਾਤਰੀ ਜਹਾਜ਼ ਬਣਾਉਣ ਵਾਲੀਆਂ ਸਿਰਫ ਦੋ ਕੰਪਨੀਆਂ ਹਨ, ਏਅਰ ਬੱਸ ਅਤੇ ਬੋਇੰਗ। ਇਨ੍ਹਾਂ ਵਿਚੋਂ ਬੋਇੰਗ ਨੰਬਰ ਇੱਕ 'ਤੇ ਅਤੇ ਏਅਰ ਬੱਸ ਨੰਬਰ ਦੋ 'ਤੇ ਹੈ। ਬੋਇੰਗ ਇੱਕ ਅਮਰੀਕੀ ਕੰਪਨੀ ਹੈ, ਜਿਸ ਦਾ ਹੈੱਡਕਵਾਟਰ ਕਰਿਸਟਲ ਸਿਟੀ ਵਰਜੀਨੀਆਂ ਵਿਖੇ ਹੈ। ਇਸ ਦੀ ਸਥਾਪਨਾ 15 ਜੁਲਾਈ 1916 ਨੂੰ ਹੋਈ ਸੀ। ਏਅਰ ਬੱਸ ਵਿਚ ਯੂਰਪ ਦੀਆਂ ਕਈ ਕੰਪਨੀਆਂ ਦੀ ਹਿੱਸੇਦਾਰੀ ਹੈ ਤੇ ਇਸ ਦੀ ਸਥਾਪਨਾ 18 ਦਸੰਬਰ 1970 ਵਿਚ ਹੋਈ ਸੀ। ਇਸ ਦਾ ਹੈੱਡਕਵਾਟਰ ਲੀਡਨ (ਹਾਲੈਂਡ) ਅਤੇ ਬਲਾਗਨਾਕ (ਫਰਾਂਸ) ਵਿਖੇ ਹੈ। ਦੋਵਾਂ ਕੰਪਨੀਆਂ ਵਿਚ ਸਿਰ ਵੱਢਵਾਂ ਵੈਰ ਚੱਲ ਰਿਹਾ ਹੈ। ਅਮਰੀਕਾ ਦੀ ਇੱਕ ਸੰਸਥਾ ਇੰਸਟੀਚਿਊਸ਼ਨ ਫਾਰ ਫਲਾਈਟ ਸੇਫਟੀ (ਨਿਊਯਾਰਕ) ਅਨੁਸਾਰ ਪਿਛਲੇ ਦਸ ਸਾਲਾਂ ਦੇ ਡਾਟਾ ਤੋਂ ਇਹ ਵੇਖਿਆ ਗਿਆ ਹੈ ਕਿ ਏਅਰ ਬੱਸ ਹਵਾਈ ਹਾਦਸਿਆਂ ਦੇ ਮਾਮਲੇ ਵਿਚ ਬੋਇੰਗ ਤੋਂ ਕਿਤੇ ਬੇਹਤਰ ਹੈ। ਬੋਇੰਗ ਕੰਪਨੀ ਦਾ ਮਾਡਲ ਬੋਇੰਗ 747 ਮੈਕਸ ਹਵਾਈ ਹਾਦਸਿਆਂ ਲਈ ਬਹੁਤ ਬਦਨਾਮ ਹੈ। 2018 ਅਤੇ 2019 ਵਿਚ ਹੋਏ ਦੋ ਏਅਰ ਕਰੈਸ਼ਾਂ ਵਿਚ 346 ਮੁਸਾਫਰ ਮਾਰੇ ਗਏ ਸਨ, ਜਿਸ ਕਾਰਨ ਇਨ੍ਹਾਂ ਜਹਾਜ਼ਾਂ ਨੂੰ ਦੋ ਸਾਲਾਂ ਤੱਕ ਉਡਾਣ ਭਰਨ ਤੋਂ ਰੋਕੀ ਰੱਖਿਆ ਗਿਆ ਸੀ। ਪਰ ਉਨ੍ਹਾਂ ਨਾਲ ਇਹ ਵੀ ਕਿਹਾ ਕਿ ਹਵਾਈ ਹਾਦਸੇ ਏਅਰ ਕੰਪਨੀਆਂ ਵੱਲੋਂ ਜਹਾਜ਼ਾਂ ਦੀ ਕੀਤੀ ਜਾਂਦੀ ਦੇਖਭਾਲ, ਪਾਇਲਟਾਂ ਦੀ ਟਰੇਨਿੰਗ ਅਤੇ ਸੇਫਟੀ ਰੂਲਾਂ ਦੀ ਪਾਲਣਾ 'ਤੇ ਵੀ ਨਿਰਭਰ ਕਰਦਾ ਹੈ। ਵੈਸੇ ਜਦੋਂ ਤੋਂ ਏਅਰ ਇੰਡੀਆ ਟਾਟਾ ਗਰੁੱਪ ਦੇ ਹੱਥ ਆਈ ਹੈ, ਇਸ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਜਿਨ੍ਹਾਂ ਲੋਕਾਂ ਨੇ ਪਿਛਲੇ ਸਮੇਂ ਏਅਰ ਇੰਡੀਆ ਦੇ ਜਹਾਜ਼ਾਂ 'ਤੇ ਇੰਟਰਨੈਸ਼ਨਲ ਸਫਰ ਕੀਤਾ ਹੈ, ਉਹ ਜਾਣਦੇ ਹਨ ਕਿ ਏਅਰ ਇੰਡੀਆ ਦਾ ਟਾਟਾ ਗਰੁੱਪ ਨੇ ਕੀ ਹਾਲ ਕਰ ਦਿੱਤਾ ਹੈ। ਟੁੱਟੀਆਂ ਤੇ ਗੰਦੀਆਂ ਸੀਟਾਂ, ਖਰਾਬ ਟੀ.ਵੀ., ਆਊਟ ਆਫ ਆਰਡਰ ਟਾਇਲਟ, ਸਟਾਫ ਦਾ ਘਟੀਆ ਵਤੀਰਾ ਅਤੇ ਏਅਰ ਕੰਡੀਸ਼ਨਰ ਦਾ ਵਾਰ-ਵਾਰ ਬੰਦ ਹੋ ਜਾਣਾ ਆਦਿ ਆਮ ਮੁਸ਼ਕਿਲਾਂ ਹਨ। ਜੇ ਟਾਟਾ ਕੰਪਨੀ ਜਹਾਜ਼ਾਂ ਦੀ ਸਾਫ-ਸਫਾਈ ਤੱਕ ਵੀ ਨਹੀਂ ਕਰਵਾ ਸਕਦੀ, ਤਾਂ ਉਸ ਨੇ ਇੰਜਣਾਂ, ਸਾਫਟਵੇਅਰ ਅਤੇ ਇਲੈੱਕਟਰੋਨਿਕਸ ਆਦਿ ਦਾ ਕੀ ਖਿਆਲ ਕੀਤਾ ਹੋਣਾ ਹੈ। ਇਸ ਤੋਂ ਇਲਾਵਾ ਯਾਤਰੀਆਂ ਦੇ ਸਮਾਨ ਗੁੰਮ ਹੋਣ ਦੇ ਮਾਮਲੇ ਵਿਚ ਵੀ ਏਅਰ ਇੰਡੀਆ ਭਾਰਤ ਵਿਚ ਨੰਬਰ ਇੱਕ 'ਤੇ ਹੈ।

# ਕਿਸੇ ਵੀ ਕਾਰਜ ਪਿੱਛੇ ਤੁਹਾਡੀ ਭਾਵਨਾ ਕੀ ਹੈ?

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA



ਅਜੇ ਤੱਕ ਅਜਿਹਾ ਆਦਰਸ਼ਿਕ ਸਮਾਜ ਕਿਉਂ ਨਹੀਂ ਬਣ ਸਕਿਆ ਭਾਵ ਅਜਿਹਾ ਸਮਾਜ ਜਿਸ ਵਿਚ ਹਰ ਮਨੁੱਖ ਨੂੰ ਸ਼ਾਂਤੀ, ਸੁੱਖ, ਖੁਸ਼ਹਾਲੀ, ਇਨਸਾਫ਼, ਆਜ਼ਾਦੀ ਤੇ ਮਨੁੱਖ ਨੂੰ ਮੁੱਢਲੀਆਂ ਲੋੜਾਂ ਮਿਲ ਸਕਣ। ਸਮਾਜ ਵਿਚ ਰਹਿੰਦੇ ਵਿਅਕਤੀਆਂ ਨਾਲ ਸਮਾਜ ਬਣਦਾ ਹੈ, ਇਸ ਦਾ ਭਾਵ ਇਹ ਹੋਇਆ ਕਿ ਆਦਰਸ਼ਿਕ ਸਮਾਜ ਲਈ ਆਦਰਸ਼ਿਕ ਵਿਅਕਤੀ ਚਾਹੀਦੇ ਹਨ ਪਰ ਸਾਰੇ ਵਿਅਕਤੀ ਆਦਰਸ਼ਿਕ ਨਹੀਂ ਬਣ ਸਕਦੇ। ਅਜਿਹਾ ਸਮਾਜ ਜਿਸ ਵਿਚ ਹਰ ਇਕ ਲਈ ਜਾਨ, ਮਾਲ ਤੇ ਇੱਜ਼ਤ ਸੁਰੱਖਿਅਤ ਹੋਵੇ।

ਇਸ ਲਈ ਕੁਝ ਇਕ ਵਿਅਕਤੀ ਜਿਨ੍ਹਾਂ ਨੇ ਸਮਾਜ ਨੂੰ ਇਕ ਸੇਧ ਦੇਣੀ ਹੁੰਦੀ ਹੈ ਤੇ ਸਮਾਜ ਦਾ ਪ੍ਰਬੰਧ ਕਰਨਾ ਹੁੰਦਾ ਹੈ ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹਲ ਕਰਨਾ ਹੁੰਦਾ ਹੈ, ਉਹ ਤਾਂ ਘੱਟੋ-ਘੱਟ ਵਿਸ਼ੇਸ਼ ਵਿਅਕਤੀ ਚਾਹੀਦੇ ਹਨ, ਜਿਵੇਂ ਧਾਰਮਿਕ, ਵਿੱਦਿਅਕ, ਰਾਜਨੀਤਿਕ, ਪੱਤਰਕਾਰ, ਸਾਹਿਤਕਾਰ ਤੇ ਪ੍ਰਬੰਧਕ ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਇਹ ਲੋਕ ਹੀ ਆਪਣੇ ਫ਼ਰਜ਼ਾਂ ਤੇ ਜ਼ਿੰਮੇਵਾਰੀ ਦੀ ਕੁਤਾਹੀ ਕਰ ਰਹੇ ਹਨ, ਭਾਵ ਵਾੜ ਹੀ ਖੇਤ ਨੂੰ ਖਾਈ ਜਾਂਦੀ ਹੈ। ਰਾਜੇ ਸ਼ੀਂਹ ਮੁਕੱਦਮ ਕੁੱਤੇ ਵਾਲੀ ਗੱਲ ਬਣੀ ਹੋਈ ਹੈ।

ਕਾਰਣ ਇਹ ਹੈ ਕਿ ਅੱਜ ਇਹ ਲੋਕ ਵੀ ਪੈਸੇ ਤੇ ਸੱਤਾ ਪਿੱਛੇ ਲੱਗੇ ਹੋਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਿਜ਼ਨਸਮੈਨ ਤੇ ਖੇਤੀਬਾੜੀ ਕਰਨ ਵਾਲੇ ਲੋਕਾਂ ਦਾ ਕੰਮ ਤੇ ਸਿਰਫ਼ ਪੈਸਾ ਇਕੱਠਾ ਕਰਨਾ ਤੇ ਕਮਾਉਣਾ ਹੁੰਦਾ ਹੈ। ਪਰ ਜੇ ਕੋਈ ਸੰਤ ਬਣ ਕੇ ਤੇ ਘਰ ਬਾਰ ਤਿਆਗ ਕਰਕੇ, ਫਿਰ ਵੀ ਉਹ ਦੁਨੀਆਵੀਂ ਚੀਜ਼ਾਂ ਦੀ ਭਾਵ ਪੈਸਾ ਇਕੱਠਾ ਕਰਨ ਦੀ ਸੋਚਦਾ ਹੈ, ਤਾਂ ਉਹ ਸੰਤ ਨਹੀਂ, ਸਗੋਂ ਭੇਖੀ ਹੈ ਤੇ ਸੰਤ ਹੋਣ ਦਾ ਢੋਂਗ ਰਚ ਰਿਹਾ ਹੈ। ਇਸੇ ਤਰ੍ਹਾਂ ਪੁਲਿਸ, ਨਿਆਂਪਾਲਿਕਾ ਤੇ ਰਾਜਨੀਤਿਕ ਇਨ੍ਹਾਂ ਲੋਕਾਂ ਨੇ ਲੋਕਾਂ ਬਾਰੇ ਸੋਚਣਾ ਹੁੰਦਾ ਹੈ ਤੇ ਜੇਕਰ ਉਨ੍ਹਾਂ ਦਾ ਲਕਸ਼ ਵੀ ਪੈਸਾ ਕਮਾਉਣਾ ਹੀ ਬਣ ਜਾਵੇ ਤਾਂ ਉਹ ਆਪਣੇ ਫ਼ਰਜ਼ ਵਲੋਂ ਕੁਤਾਹੀ ਕਰ ਰਹੇ ਹੋਣਗੇ ਕਿਉਂਕਿ ਉਹ ਆਪਣੇ ਅਸਲੀ ਲਕਸ਼ ਭਾਵ ਅਸਲੀ ਨੁਕਤੇ ਨੂੰ ਭੁੱਲ ਰਹੇ ਹੋਣਗੇ। ਪੁਲਿਸ ਦਾ ਕੰਮ ਲੋਕਾਂ ਦੀ ਜਾਨ, ਮਾਲ ਤੇ ਇੱਜ਼ਤ ਦੀ ਰੱਖਿਆ ਕਰਨਾ ਹੁੰਦਾ ਹੈ, ਨਿਆਂਪਾਲਿਕਾਂ ਨੇ ਲੋਕਾਂ ਨੂੰ ਇਨਸਾਫ਼ ਦੇਣਾ ਹੁੰਦਾ ਹੈ ਅਤੇ ਰਾਜਨੀਤਿਕ ਦਾ ਕੰਮ ਹੁੰਦਾ ਹੈ ਲੋਕਾਂ ਬਾਰੇ ਸੋਚਣਾ ਪਰ ਅੱਜਕੱਲ੍ਹ ਦਾ ਰਾਜਨੀਤਿਕ ਇੰਨਾ ਸੁਆਰਥੀ, ਪਦਾਰਥਵਾਦੀ ਤੇ ਸੱਤਾ ਦਾ ਭੁੱਖਾ ਹੈ ਕਿ ਉਸ ਨੂੰ ਇਸ ਤੋਂ ਬਿਨਾਂ ਕੁਝ ਹੋਰ ਨਜ਼ਰ ਨਹੀਂ ਆਉਂਦਾ।

ਇਸੇ ਤਰ੍ਹਾਂ ਧਰਮ ਦੇ ਖੇਤਰ ਵਿਚ ਵੀ ਇੰਨਾ ਪਾਖੰਡਵਾਦ ਆ ਗਿਆ ਹੈ ਕਿ ਧਾਰਮਿਕ ਆਗੂ ਕਰਦੇ ਕੁਝ ਹਨ, ਕਹਿੰਦੇ ਕੁਝ ਹਨ, ਭਾਵ ਕਹਿਣੀ ਤੇ ਕਰਨੀ ਤੋਂ ਕੋਹਾਂ ਦੂਰ ਹਨ ਤੇ ਲੋਕਾਂ ਵਿਚ ਏਕਤਾ, ਭਾਈਚਾਰਾ, ਪਿਆਰ, ਹਮਦਰਦੀ, ਨਿਮਰਤਾ, ਸਹਿਣਸ਼ੀਲਤਾ ਤੇ ਸਬਰ-ਸੰਤੋਖ ਕਿੱਥੋਂ ਆਵੇ ਕਿਉਂਕਿ ਧਰਮ ਵਿਚ ਅਸਲੀ ਨੁਕਤੇ ਤਾਂ ਗਾਇਬ ਹਨ। ਭਾਵ ਗੁਰਬਾਣੀ ਦੇ ਆਸ਼ੇ ਅਨੁਸਾਰ ਭਾਵ ਗੁਰੂਆਂ ਦੇ ਦਿੱਤੇ ਉਪਦੇਸ਼ ਉੱਤੇ ਚੱਲਣ ਦਾ ਤਾਂ ਕੋਈ ਯਤਨ ਹੀ ਨਹੀਂ ਕਰਦਾ ਤਾਂ ਆਦਰਸ਼ਿਕ ਸਮਾਜ ਦੀ ਉਸਾਰੀ ਕਿਵੇਂ ਹੋ ਸਕਦੀ ਹੈ। ਗੁਰੂ ਘਰਾਂ ਦੇ ਪ੍ਰਬੰਧਕ ਸ਼ਰਾਬੀ ਤੇ ਮੋਨੇ ਸੰਗਤ ਨੂੰ ਕੀ ਪ੍ਰਚਾਰ ਕਰਨਗੇ। ਇਸੇ ਤਰ੍ਹਾਂ ਵਿੱਦਿਆਂ ਦਾ ਖੇਤਰ ਹੈ। ਅਧਿਆਪਕਾਂ ਦਾ ਮੁੱਖ ਕਰਤੱਵ ਬੱਚਿਆਂ ਨੂੰ ਸਿੱਖਿਆ ਦੇਣੀ ਹੁੰਦਾ ਹੈ। ਪਰ ਅੱਜ ਦਾ ਅਧਿਆਪਕ ਵੀ ਇੰਨਾ ਪਦਾਰਥਵਾਦੀ ਹੋ ਗਿਆ ਕਿ ਉਸ ਨੂੰ ਵੀ ਪੈਸਾ ਹੀ ਨਜ਼ਰ ਆਉਂਦਾ ਹੈ ਤੇ ਪੜ੍ਹਾਉਣ ਦੀ ਗੱਲ ਤਾਂ ਦੂਜੇ ਨੰਬਰ 'ਤੇ ਹੈ। ਸਕੂਲ ਵਿਚ ਪੜ੍ਹਾਈ ਨਾ ਕਰਾਉਣੀ ਤੇ ਮਗਰੋਂ ਵਿਦਿਆਰਥੀਆਂ ਨੂੰ ਟਿਊਸ਼ਨਾਂ ਰੱਖਣ ਲਈ ਮਜਬੂਰ ਕਰਨਾ। ਇਹੋ ਕਾਰਣ ਹੈ ਕਿ ਵਿਦਿਆਰਥੀਆਂ ਨੇ ਅਧਿਆਪਕਾਂ ਦੇ ਆਪਸੀ ਸਬੰਧ ਪਹਿਲੇ ਵਰਗੇ ਨਹੀਂ ਰਹੇ। ਪਹਿਲੇ ਸਮੇਂ ਵਿਚ ਅਧਿਆਪਕ ਤੇ ਵਿਦਿਆਰਥੀ ਦਾ ਆਪਸੀ ਸਬੰਧ ਗੁਰੂ ਤੇ ਚੇਲੇ ਵਾਲਾ ਹੁੰਦਾ ਸੀ ਪਰ ਹੁਣ ਇਹ ਕਦਰਾਂ-ਕੀਮਤਾਂ ਖੰਭ ਲਾ ਕੇ ਉਡ ਰਹੀਆਂ ਹਨ ਤੇ ਵਿਦਿਆਰਥੀਆਂ ਦੇ ਦਿਲਾਂ ਵਿਚ ਅਧਿਆਪਕਾਂ ਲਈ ਕੋਈ ਅਦਬ ਤੇ ਪਿਆਰ ਨਹੀਂ ਰਿਹਾ। ਪਹਿਲੇ ਸਮੇਂ ਵਿਚ ਅਧਿਆਪਕ ਮਿਹਨਤੀ, ਜ਼ਿੰਮੇਵਾਰ ਹੁੰਦੇ ਸਨ ਤੇ ਬੱਚਿਆਂ ਨੂੰ ਮੁਫ਼ਤ ਪੜ੍ਹਾਇਆ ਕਰਦੇ ਸਨ। ਅਧਿਆਪਕ ਅਤਿ ਦੇ ਉੱਚੇ ਕਿਰਦਾਰ ਦੇ ਮਾਲਕ ਹੁੰਦੇ ਸਨ।

ਇਸੇ ਤਰ੍ਹਾਂ ਗਾਇਕੀ ਦਾ ਖੇਤਰ ਹੈ, ਇਸ ਵਿਚ ਵੀ ਉਹ ਪੁਰਾਣੀਆਂ ਕੀਮਤਾਂ ਨਹੀਂ ਰਹੀਆਂ ਲੱਚਰਤਾ ਤੇ ਅਸ਼ਲੀਲਤਾ ਗਾਇਕਾਂ ਵਿਚ ਭਾਰੂ ਹੋ ਰਹੀ ਹੈ ਪਰ ਕੁਝ ਚੰਗਾ ਵੀ ਹੋ ਰਿਹਾ ਹੈ ਤੇ ਕੁਝ ਗਾਇਕ ਬਹੁਤ ਚੰਗੇ ਵੀ ਹਨ ਤੇ ਉਨ੍ਹਾਂ ਨੇ ਆਪਣੇ ਪੁਰਾਣੇ ਸੱਭਿਆਚਾਰ ਨੂੰ ਸਾਂਭਿਆ ਹੋਇਆ ਹੈ। ਪੁਰਾਣੇ ਗਾਇਕ ਜਿਵੇਂ ਯਮਲਾ ਜੱਟ, ਸੁਰਿੰਦਰ ਕੌਰ, ਪ੍ਰਕਾਸ਼ ਕੌਰ ਤੇ ਆਸਾ ਸਿੰਘ ਮਸਤਾਨਾ ਵਰਗਿਆਂ ਨੂੰ ਦਹਾਕੇ ਹੀ ਬੀਤ ਗਏ ਹਨ ਪਰ ਉਨ੍ਹਾਂ ਦੇ ਗੀਤ ਅੱਜ ਵੀ ਨਵੇਂ ਲੱਗਦੇ ਹਨ ਤੇ ਮਨ ਨੂੰ ਸਕੂਨ ਦਿੰਦੇ ਹਨ, ਜਦੋਂਕਿ ਅੱਜ ਦੀ ਗਾਇਕੀ ਵਿਚ ਸ਼ੋਰ-ਸ਼ਰਾਬਾ ਜ਼ਿਆਦਾ ਹੈ ਤੇ ਕੰਨਾਂ ਨੂੰ ਖਾਣ ਵਾਲਾ ਹੈ ਤੇ ਸਕੂਨ ਘੱਟ ਹੈ। ਇਸੇ ਤਰ੍ਹਾਂ ਸਾਹਿਤ ਦੇ ਖੇਤਰ ਵਿਚ ਹੈ। ਇੰਨਾ ਸਾਹਿਤ ਲਿਖਿਆ ਗਿਆ ਹੈ ਅਤੇ ਬੜੇ ਵਿਦਵਾਨ, ਸ਼ਾਇਰ ਤੇ ਲੇਖਕ ਪੈਦਾ ਹੋਏ ਹਨ। ਪਰ ਅੱਜ ਤੱਕ ਸਾਹਿਤ ਨੇ ਮਨੁੱਖੀ ਜੀਵਨ ਵਿਚ ਕਿੰਨੀ ਕੁ ਤਬਦੀਲੀ ਲਿਆਂਦੀ ਹੈ। ਜਦੋਂਕਿ ਸਾਹਿਤ ਦਾ ਕੰਮ ਤਾਂ ਮਨੁੱਖੀ ਜੀਵਨ ਵਿਚ ਕੋਈ ਪ੍ਰੀਵਰਤਨ ਲਿਆਉਣਾ ਹੁੰਦਾ ਹੈ। ਇਸ ਦਾ ਕਾਰਣ ਇਹ ਹੈ ਕਿ ਬਹੁਤ ਸਾਰਾ ਸਾਹਿਤ ਤਾਂ ਪੜ੍ਹਨ ਯੋਗ ਵੀ ਨਹੀਂ ਹੁੰਦਾ ਤੇ ਉਸ ਵਿਚ ਲੱਚਰਤਾ ਤੇ ਅਸ਼ਲੀਲਤਾ ਹੀ ਨਜ਼ਰ ਆਉਂਦੀ। ਕੁਝ ਲੇਖਕ ਅਜਿਹਾ ਤਾਂ ਜ਼ਰੂਰ ਲਿਖਦੇ ਹਨ ਕਿ ਉਨ੍ਹਾਂ ਦੀਆਂ ਰਚਨਾਵਾਂ ਪੜ੍ਹਨਯੋਗ ਜ਼ਰੂਰ ਹੁੰਦੀਆਂ ਹਨ ਪਰ ਉਨ੍ਹਾਂ 'ਚ ਵਿਸ਼ਾ ਬਿਲਕੁਲ ਹੀ ਗਾਇਬ ਹੁੰਦਾ ਹੈ। ਇਹ ਪਤਾ ਹੀ ਨਹੀਂ ਲੱਗਦਾ ਕਿ ਉਹ ਕਹਿਣਾ ਕੀ ਚਾਹੁੰਦੇ ਹਨ। ਕੁਝ ਲੇਖਕ ਅਜਿਹੇ ਹਨ, ਜਿਨ੍ਹਾਂ ਦੀ ਰਚਨਾ ਦਾ ਮੁੱਖ ਉਦੇਸ਼, ਸਮਾਜ ਨੂੰ ਕੋਈ ਨਾ ਕੋਈ ਸੰਦੇਸ਼ ਦੇਣਾ ਹੁੰਦਾ ਹੈ। ਜਿਵੇਂ ਗੁਰਦਿਆਲ ਸਿੰਘ, ਪ੍ਰੋ. ਸੁਰਿੰਦਰ ਸਿੰਘ ਨਰੂਲਾ ਤੇ ਢਾਡੀ ਸੋਹਣ ਸਿੰਘ ਸ਼ੀਤਲ ਆਦਿ। ਗੁਰਦਿਆਲ ਸਿੰਘ ਤਾਂ ਆਖਦਾ ਹੈ ਕਿ ਜੇ ਕੋਈ ਪਾਤਰ ਅਣ-ਮਨੁੱਖੀ ਕਦਰਾਂ-ਕੀਮਤਾਂ ਦੇ ਵਿਰੁੱਧ ਕੋਈ ਸੱਟ ਨਹੀਂ ਮਾਰਦਾ। ਭਾਵ ਕੋਈ ਵਿਰੋਧਤਾ ਨਹੀਂ ਕਰਦਾ, ਤਾਂ ਮੈਂ ਉਸ ਰਚਨਾ ਨੂੰ ਸਾਹਿਤਕ ਰਚਨਾ ਨਹੀਂ ਮੰਨਦਾ। ਬਾਕੀ ਸਾਹਿਤ ਵਿਚ ਕੁਝ ਲੇਖਕ ਆਪਣੀਆਂ ਰਚਨਾਵਾਂ ਵਿਚ ਵਿਸ਼ਾ ਤਾਂ ਜ਼ਰੂਰ ਛੋਹਦੇ ਹਨ ਪਰ ਉਹ ਬੋਲੀ ਅਜਿਹੀ ਲਿਖਦੇ ਹਨ ਕਿ ਆਮ ਸਾਧਾਰਣ ਮਨੁੱਖ ਦੀ ਸਮਝ ਤੋਂ ਬਾਹਰ ਹੁੰਦੀ ਹੈ ਤੇ ਉਸ ਰਚਨਾ ਦਾ ਲਾਭ ਕੀ ਹੋਵੇਗਾ। ਇਸ ਲਈ ਰਚਨਾ ਆਮ ਲੋਕਾਂ ਦੀ ਬੋਲੀ ਵਿਚ ਸਮਝ ਆਉਣ ਵਾਲੀ ਹੋਣੀ ਚਾਹੀਦੀ ਹੈ। ਪਰ ਅਜਿਹਾ ਨਹੀਂ ਹੁੰਦਾ ਕਿਉਂਕਿ ਲੇਖਕ ਵਿਸ਼ੇ ਦੀ ਥਾਂ ਆਪਣੀ ਪ੍ਰਭਾਵਸ਼ਾਲੀ ਬੋਲੀ ਰਾਹੀਂ ਪ੍ਰਭਾਵ ਦੇਣਾ ਚਾਹੁੰਦਾ ਹੈ। ਬਾਕੀ ਕੁਝ ਕਵੀ, ਲੇਖਕ ਲਿਖਦੇ ਸੁਹਣਾ ਹਨ ਪਰ ਉਨ੍ਹਾਂ ਦਾ ਆਪਣਾ ਨਿੱਜੀ ਜੀਵਨ ਉਸ ਦੇ ਅਨੁਸਾਰ ਨਹੀਂ ਹੁੰਦਾ ਤੇ ਜਿਸ ਕਰਕੇ ਪਾਠਕਾਂ ਤੇ ਉਸ ਰਚਨਾ ਦਾ ਬਹੁਤ ਚੰਗਾ ਪ੍ਰਭਾਵ ਨਹੀਂ ਹੁੰਦਾ।

ਲੇਖਕ ਦਾ ਆਪਣਾ ਜੀਵਨ ਵੀ ਆਪਣੀ ਰਚਨਾ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਲੋੜ ਹੈ, ਅਸਲੀ ਨੁਕਤੇ ਨੂੰ ਆਪਣੇ ਫ਼ਰਜ਼ ਨੂੰ ਸਮਝਾਣ ਦੀ ਕੋਈ ਮਨੁੱਖ ਜੋ ਕਹਿੰਦਾ ਹੈ ਤੇ ਕਰਦਾ ਹੈ, ਉਸ ਦੀ ਭਾਵਨਾ ਕੀ ਹੈ ? ਉਸ ਦਾ ਮਨਰੋਥ ਨਿੱਜੀ ਹੈ ਜਾਂ ਸਮੁੱਚੇ ਸਮਾਜ ਲਈ। ਇਸੇ ਤਰ੍ਹਾਂ ਹੀ ਸਾਡੇ ਘਰਾਂ ਤੇ ਸਮਾਜ ਦੀ ਦਸ਼ਾ ਹੈ। ਕੁਝ ਲੋਕ ਬੜਾ ਮਿੱਠਾ ਬੋਲਦੇ ਹਨ ਤੇ ਆਪਣੇ ਆਪ ਨੂੰ ਬਹੁਤ ਚੰਗਾ ਮਨੁੱਖ ਸਾਬਤ ਕਰਨ ਦਾ ਯਤਨ ਕਰਦੇ ਹਨ ਪਰ ਪਿੱਛੇ ਉਸ ਦੀ ਭਾਵਨਾ ਹੋਰ ਹੁੰਦੀ ਹੈ ਤੇ ਉਹ ਮਨੁੱਖ ਦੂਜਿਆਂ ਪ੍ਰਤੀ ਸੁਹਿਰਦ ਨਹੀਂ ਹੁੰਦਾ। ਅਜਿਹੇ ਭੇਖੀ ਲੋਕਾਂ ਨੂੰ ਪਰਖਣ ਦੀ ਲੋੜ ਹੁੰਦੀ ਹੈ ਤੇ ਦੂਜਿਆਂ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਤੇ ਚਾਲਾਂ ਤੋਂ ਬਚਣਾ ਚਾਹੀਦਾ ਹੈ। ਇਸੇ ਤਰ੍ਹਾਂ ਚੋਣ ਕਰਨ ਵੇਲੇ, ਵੋਟਰਾਂ ਨੂੰ ਚਾਹੀਦਾ ਹੈ ਕਿ ਭੇਖੀ ਭ੍ਰਿਸ਼ਟ ਰਾਜਨੀਤਿਕ ਦੀ ਚੋਣ ਨਾ ਕਰੋ ਤੇ ਆਪਣੇ ਨਿੱਜੀ ਸੁਆਰਥ ਤੋਂ ਉਪਰ ਉਠ ਕੇ ਯੋਗ ਉਮੀਦਵਾਰ ਦੀ ਚੋਣ ਕਰੋ। ਇਸ ਤਰ੍ਹਾਂ ਸਰਕਾਰੀ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਚੋਣ ਵੀ ਯੋਗ ਉਮੀਦਵਾਰ ਦੀ ਚੋਣ ਕਰਨੀ ਚਾਹੀਦੀ ਹੈ, ਤਾਂ ਜੋ ਸਾਰੀ ਸਰਕਾਰੀ ਮਸ਼ਨੀਰੀ ਚੰਗੀ ਤਰ੍ਹਾਂ ਕੰਮ ਕਰ ਸਕੇ ਤਾਂ ਸਮਾਜ ਦਾ ਹਰ ਵਿਅਕਤੀ ਆਪਣੀਆਂ ਲੋੜਾਂ ਤੇ ਸਮੱਸਿਆਵਾਂ ਦਾ ਹੱਲ ਪੂਰਾ ਕਰ ਸਕੇ। ਇਨ੍ਹਾਂ ਸਾਰੇ ਵਿਚਾਰਾਂ ਦਾ ਸਬੰਧ ਧਰਮ ਨਾਲ ਹੈ ਕਿਉਂਕਿ ਧਰਮ ਸਿਰਫ਼ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਹੀ ਸਾਧਨ ਨਹੀਂ, ਸਗੋਂ ਧਰਮ ਦਾ ਸਬੰਧ ਸਾਡੇ ਜੀਵਨ ਨਾਲ ਵੀ ਹੈ, ਭਾਵ ਧਰਮ ਇਕ ਮਨੁੱਖੀ ਜੀਵਨ ਜਾਂਚ ਹੈ। ਇਸ ਲਈ ਧਰਮ ਦਾ ਸਬੰਧ ਸਦਾਚਾਰ, ਈਮਾਨਦਾਰੀ, ਹਮਦਰਦੀ ਭਾਵ ਮੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਨਾਲ ਹੁੰਦਾ ਹੈ।

ਪੱਤਰਕਾਰੀ ਕਿਸੇ ਵੀ ਦੇਸ਼ ਦਾ ਚੌਥਾ ਥੰਮ੍ਹ ਹੁੰਦੀ ਹੈ। ਪਰ ਅੱਜਕੱਲ੍ਹ ਪੱਤਰਕਾਰੀ ਵਿਚ ਵੀ ਭ੍ਰਿਸ਼ਟਾਚਾਰ ਆਰੰਭ ਹੋ ਗਿਆ ਹੈ। ਪੱਤਰਕਾਰ ਦਾ ਅਸਲੀ ਮਨੋਰਥ ਜੋ ਹੋਣਾ ਚਾਹੀਦਾ ਹੈ, ਉਹ ਗਾਇਬ ਹੀ ਹੁੰਦਾ ਹੈ। ਦੇਖਣਾ ਇਹ ਹੁੰਦਾ ਹੈ ਕਿ ਸੰਪਾਦਕ ਜਦੋਂ ਕੋਈ ਪਰਚਾ ਕੱਢਣਾ ਆਰੰਭ ਕਰਦਾ ਹੈ, ਤਾਂ ਉਸ ਦੀ ਭਾਵਨਾ ਕੀ ਹੁੰਦੀ ਹੈ, ਭਾਵ ਪੱਤਰਕਾਰ ਜਾਂ ਸੰਪਾਦਕ ਦਾ ਮੁੱਖ ਉਦੇਸ਼ ਕੀ ਹੁੰਦਾ ਹੈ ? ਕੁਝ ਲੋਕ ਪਰਚਾ ਕੱਢਣ ਨੂੰ ਪੈਸਾ ਕਮਾਉਣ ਦਾ ਸਾਧਨ ਹੀ ਮੰਨਦੇ ਹਨ। ਇਹ ਠੀਕ ਹੈ ਪੈਸਾ ਵੀ ਜ਼ਿੰਦਗੀ ਦੀ ਲੋੜ ਹੈ ਪਰ ਪੈਸਾ ਜ਼ਿੰਦਗੀ ਲਈ means ਹੈ not end. ਪੱਤਰਕਾਰ ਦਾ ਪਹਿਲਾ ਕਰਤੱਵ ਹੈ ਕਿ ਉਹ ਹੱਕ, ਸੱਚ ਤੇ ਇਨਸਾਫ਼ ਬਾਰੇ ਲਿਖੇ ਤੇ ਭ੍ਰਿਸ਼ਟਾਚਾਰ ਤੇ ਜ਼ੁਲਮ-ਜਬਰ ਜਿੱਥੇ ਸਮਾਜ ਵਿਚ ਹੁੰਦਾ ਹੈ, ਉਸ ਨੂੰ ਨੰਗਿਆਂ ਕਰੇ ਤੇ ਆਪਣੀ ਆਵਾਜ਼ ਨੂੰ ਬੁਲੰਦ ਕਰੇ, ਲੇਖਕਾਂ ਦੀਆਂ ਉਨ੍ਹਾਂ ਰਚਨਾਵਾਂ ਨੂੰ ਵੀ ਪਹਿਲ ਦੇਵੇ, ਜਿਸ ਵਿਚ ਲੇਖਕ ਦੀ ਰਚਨਾ ਦਾ ਸਬੰਧ ਸਮਾਜ ਤੇ ਮਨੁੱਖੀ ਜੀਵਨ ਨਾਲ ਹੋਵੇ ਕਿਉਂਕਿ ਸਮਾਜ ਤੋਂ ਦੂਰ ਦਾ ਸਾਹਿਤ ਗੁਣਕਾਰੀ ਨਹੀਂ ਹੁੰਦਾ। ਸਾਹਿਤ ਉਹ ਚੰਗਾ ਹੁੰਦਾ ਹੈ ਜਿਹੜਾ ਮਨੁੱਖੀ ਜੀਵਨ ਦੇ ਦੁੱਖ-ਸੁੱਖ ਤੇ ਸੁਧਾਰ ਦੀ ਗੱਲ ਕਰੇ। ਸਿਰਜਣਾਤਮਿਕ ਸਾਹਿਤ ਦਾ ਇਹੋ ਹੀ ਫ਼ਰਜ਼ ਹੁੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਈ ਪੱਤਰਕਾਰ ਬਹੁਤ ਚੰਗਾ ਕਰਤੱਵ ਵੀ ਨਿਭਾ ਰਹੇ ਹਨ। ਪਰ ਕਈਆਂ ਨੇ ਆਪਣੇ ਅਸਲੀ ਨੁਕਤੇ ਤੋਂ ਬਹੁਤ ਦੂਰ ਦੀ ਗੱਲ ਕਰਦੇ ਹਨ ਤੇ ਸਿਰਫ਼ ਉਨ੍ਹਾਂ ਦਾ ਮੁੱਖ ਉਦੇਸ਼ ਪੈਸਾ ਕਮਾਉਣਾ ਹੀ ਹੁੰਦਾ ਹੈ ਜਿਹੜਾ ਕਿ ਸਮਾਜ ਲਈ ਬਹੁਤ ਹੀ ਖ਼ਤਰਨਾਕ ਰੁਝਾਨ ਹੈ। ਪੱਤਰਕਾਰੀ ਕੋਈ ਫੁੱਲਾਂ ਦਾ ਵਿਛਾਉਣਾ ਨਹੀਂ, ਸਗੋਂ ਕੰਡਿਆਂ ਦਾ ਸਫ਼ਰ ਹੈ। ਸੱਚੀ ਪੱਤਰਕਾਰੀ ਨੂੰ ਕੁਰਬਾਨੀ ਦੀ ਲੋੜ ਹੁੰਦੀ ਹੈ। ਕਈ ਪੱਤਰਕਾਰਾਂ ਨੇ ਇਸ ਸੱਚਾਈ ਨੂੰ ਸੱਚ ਕਰ ਵੀ ਦਿਖਾਇਆ ਹੈ, ਉਨ੍ਹਾਂ ਨੇ ਸ਼ਹਾਦਤ ਦਾ ਜਾਮ ਤਾਂ ਪੀ ਲਿਆ ਪਰ ਉਹ ਆਪਣੀ ਸੋਚ ਤੋਂ ਭਾਵ ਵਿਚਾਰਧਾਰਾ ਤੋਂ ਪਿੱਛੇ ਨਹੀਂ ਹਟੇ।

ਹਰ ਮਨੁੱਖ ਦੇ ਕੋਈ ਕੰਮ ਕਰਨ ਦੇ ਪਿੱਛੇ ਉਸ ਦਾ ਨਿੱਜੀ ਹਿੱਤ ਲੁਕਿਆ ਹੋਇਆ ਹੁੰਦਾ ਹੈ ਤੇ ਅਸਲੀ ਨੁਕਤਾ ਭਾਵ ਮੁੱਦਾ ਤਾਂ ਗਾਇਬ ਹੀ ਹੁੰਦਾ ਹੈ। ਹਰ ਮਨੁੱਖ ਸਭ ਤੋਂ ਪਹਿਲਾਂ ਸ਼ੋਹਰਤ ਦਾ ਭੁੱਖਾ ਹੈ। ਇਸ ਦੀ ਖ਼ਾਤਰ ਮਨੁੱਖ ਪਤਾ ਨਹੀਂ ਕੀ-ਕੀ ਪਾਖੰਡ ਕਰਦਾ ਹੈ ਤੇ ਲੋਕਾਂ ਨਾਲ ਫ਼ਰੇਬ ਕਰਦਾ ਹੈ। ਇਸ ਤੋਂ ਬਾਅਦ ਹਰ ਮਨੁੱਖ ਪੈਸੇ ਤੇ ਸੱਤਾ ਦਾ ਭੁੱਖਾ ਹੈ ਕਿ ਉਸ ਨੂੰ ਕਿਵੇਂ ਨਾ ਕਿਵੇਂ ਸੱਤਾ ਦੀ ਪ੍ਰਾਪਤੀ ਹੋ ਜਾਏ ਤੇ ਸੱਤਾ ਪ੍ਰਾਪਤ ਕਰਕੇ ਉਸ ਆਦਮੀ ਦਾ ਲਕਸ਼ ਕੀ ਹੈ, ਭਾਵ ਉਹ ਕੀ ਕਰਨਾ ਚਾਹੁੰਦਾ ਹੈ, ਸ਼ਾਇਦ ਉਸ ਨੂੰ ਆਪ ਵੀ ਨਾ ਪਤਾ ਹੋਵੇ। ਆਪਣਾ ਫ਼ਰਜ਼ ਦਾ ਵੀ ਪਤਾ ਨਹੀਂ ਹੁੰਦਾ, ਜਿਸ ਕੁਰਸੀ ਤੇ ਬੈਠੇ ਹਨ। ਅਜਿਹੇ ਵਿਸ਼ੇਸ਼ ਵਿਅਕਤੀ ਤੋਂ ਤੁਸੀਂ ਕੀ ਆਸ ਰੱਖ ਸਕਦੇ ਹੋ ਕਿ ਉਹ ਸਮਾਜ ਦਾ ਕੁਝ ਸੁਆਰੇਗਾ, ਜਿਵੇਂ ਕਿ ਅੱਜਕੱਲ੍ਹ ਹੋ ਰਿਹਾ ਹੈ।



ਅੱਜ ਇਹ ਲੋਕ ਵੀ ਪੈਸੇ ਤੇ ਸੱਤਾ ਪਿੱਛੇ ਲੱਗੇ ਹੋਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਿਜ਼ਨਸਮੈਨ ਤੇ ਖੇਤੀਬਾੜੀ ਕਰਨ ਵਾਲੇ ਲੋਕਾਂ ਦਾ ਕੰਮ ਤੇ ਸਿਰਫ਼ ਪੈਸਾ ਇਕੱਠਾ ਕਰਨਾ ਤੇ ਕਮਾਉਣਾ ਹੁੰਦਾ ਹੈ। ਪਰ ਜੇ ਕੋਈ ਸੰਤ ਬਣ ਕੇ ਤੇ ਘਰ ਬਾਰ ਤਿਆਗ ਕਰਕੇ, ਫਿਰ ਵੀ ਉਹ ਦੁਨੀਆਵੀਂ ਚੀਜ਼ਾਂ ਦੀ ਭਾਵ ਪੈਸਾ ਇਕੱਠਾ ਕਰਨ ਦੀ ਸੋਚਦਾ ਹੈ, ਤਾਂ ਉਹ ਸੰਤ ਨਹੀਂ, ਸਗੋਂ ਭੇਖੀ ਹੈ ਤੇ ਸੰਤ ਹੋਣ ਦਾ ਢੋਂਗ ਰਚ ਰਿਹਾ ਹੈ। ਇਸੇ ਤਰ੍ਹਾਂ ਪੁਲਿਸ, ਨਿਆਂਪਾਲਿਕਾ ਤੇ ਰਾਜਨੀਤਿਕ ਇਨ੍ਹਾਂ ਲੋਕਾਂ ਨੇ ਲੋਕਾਂ ਬਾਰੇ ਸੋਚਣਾ ਹੁੰਦਾ ਹੈ ਤੇ ਜੇਕਰ ਉਨ੍ਹਾਂ ਦਾ ਲਕਸ਼ ਵੀ ਪੈਸਾ ਕਮਾਉਣਾ ਹੀ ਬਣ ਜਾਵੇ ਤਾਂ ਉਹ ਆਪਣੇ ਫ਼ਰਜ਼ ਵਲੋਂ ਕੁਤਾਹੀ ਕਰ ਰਹੇ ਹੋਣਗੇ ਕਿਉਂਕਿ ਉਹ ਆਪਣੇ ਅਸਲੀ ਲਕਸ਼ ਭਾਵ ਅਸਲੀ ਨੁਕਤੇ ਨੂੰ ਭੁੱਲ ਰਹੇ ਹੋਣਗੇ। ਪੁਲਿਸ ਦਾ ਕੰਮ ਲੋਕਾਂ ਦੀ ਜਾਨ, ਮਾਲ ਤੇ ਇੱਜ਼ਤ ਦੀ ਰੱਖਿਆ ਕਰਨਾ ਹੁੰਦਾ ਹੈ, ਨਿਆਂਪਾਲਿਕਾਂ ਨੇ ਲੋਕਾਂ ਨੂੰ ਇਨਸਾਫ਼ ਦੇਣਾ ਹੁੰਦਾ ਹੈ ਅਤੇ ਰਾਜਨੀਤਿਕ ਦਾ ਕੰਮ ਹੁੰਦਾ ਹੈ ਲੋਕਾਂ ਬਾਰੇ ਸੋਚਣਾ ਪਰ ਅੱਜਕੱਲ੍ਹ ਦਾ ਰਾਜਨੀਤਿਕ ਇੰਨਾ ਸੁਆਰਥੀ, ਪਦਾਰਥਵਾਦੀ ਤੇ ਸੱਤਾ ਦਾ ਭੁੱਖਾ ਹੈ ਕਿ ਉਸ ਨੂੰ ਇਸ ਤੋਂ ਬਿਨਾਂ ਕੁਝ ਹੋਰ ਨਜ਼ਰ ਨਹੀਂ ਆਉਂਦਾ।

# ਹਰਜੀਤ ਸਿੰਘ ਸੰਧੂ ਦੀ ਕਿਤਾਬ "ਥੱਕੇ-ਹਾਰੇ ਸ਼ਹਿਰ ਦੀ ਨੀਂਦ" ਕਾਵਿ ਸੰਗ੍ਰਹਿ ਦੀ ਸੰਵੇਦਨਸ਼ੀਲਤਾ

-ਦਿਲਜੀਤ ਸਿੰਘ ਬੇਦੀ
ਪੰਜਾਬ ਮੇਲ USA



ਇਸ ਹੱਥਲੀ ਕਿਤਾਬ ਵਿਚ ਲੇਖਕ ਨੇ 43 ਕਵਿਤਾਵਾਂ ਦਰਜ਼ ਕੀਤੀਆਂ ਹਨ, ਜਿਨ੍ਹਾਂ ਵਿਚ ਥੱਕੇ-ਹਾਰੇ ਸ਼ਹਿਰ ਦੀ ਨੀਂਦ, ਗੋਦੀ ਮੀਡੀਆ, ਕਿਸ ਨੂੰ ਖ਼ਬਰ ਸੀ, ਕਿਉਂ ਨਾ ਹੋਵੇ, ਕਰਤਾਰਪੁਰ ਵਾਲ਼ਿਆ ਬਾਬਾ!, ਪਿੰਡ ਉਦਾਸ ਹੈ, ਮੇਰੇ ਹਿੱਸੇ ਦੀ ਕਵਿਤਾ, ਸਿਰਾਂ ਵਾਲ਼ੇ, ਜਦੋਂ-1, ਜਦੋਂ-2, ਜਦੋਂ-3, ਬੁਰਜੁਆ ਡੈਮੋਕ੍ਰੇਸੀ, ਸਿਆਸਤਦਾਨ, ਵਤਨ, ਸਫ਼ਰ ਤੇ ਫ਼ਾਸਲੇ, ਮਹਿੰਦੀ-ਮੁਕਾਬਲੇ, ਇੰਜ ਹੀ ਰਿਹਾ ਜੇ-1, ਇੰਜ ਹੀ ਰਿਹਾ ਜੇ-2, ਨੰਗੀ ਕਵਿਤਾ, ਆਪਣੇ ਲਗਦੇ ਖ਼ਤਰਨਾਕ ਲੋਕ, ਯਾਦ ਨਹੀਂ?, ਕਾਰਲ ਮਾਰਕਸ ਨੂੰ, ਲਟਕਦੇ ਪ੍ਰਸ਼ਨ, ਸ਼ਬਦਾਂ ਦੇ ਜਾਦੂਗਰ-1, ਸ਼ਬਦਾਂ ਦੇ ਜਾਦੂਗਰ-2, ਸ਼ਬਦਾਂ ਦੇ ਜਾਦੂਗਰ-3, ਸ਼ਬਦਾਂ ਦੇ ਜਾਦੂਗਰ-4, ਸ਼ਬਦਾਂ ਦੇ ਜਾਦੂਗਰ-5, ਹਿਸਾਬ ਬੈਠਾ ਹੈ, ਆਪਾਂ ਧਰਤੀ-ਪੁੱਤਰ, ਤੇਰੇ ਹਜ਼ੂਰ ਮੇਰੇ ਪੰਜਾਬ !-1, ਤੇਰੇ ਹਜ਼ੂਰ ਮੇਰੇ ਪੰਜਾਬ!-2, ਜੰਗਾਂ ਵਿਚ ਸੁਪਨੇ ਸਾਂਭਦੇ ਬੱਚਿਆਂ ਨੂੰ, ਸੱਤਾ-ਮੰਤਰ, ਜੇ ਆਪਾਂ, ਉਹ ਜਾਣ ਗਏ ਨੇ, ਕਦੇ ਤੂੰ ਅੰਨ-ਦਾਤਾ ਸੀ, ਭਵਿੱਖ ਦੀ ਫ਼ਿਕਰਮੰਦੀ, ਕਿਹਨਾਂ ਨਾਲ਼ ਹੋ, ਚਿੰਤਕਾਂ ਦੀ ਚਿੰਤਾ, ਕਾਫ਼ਿਲੇ ਤੋਂ ਅੱਡ ਹੋਣਾ, ਕ੍ਰਾਂਤੀ ਦੇ ਵਣਜਾਰੇ, ਕਵਿਤਾ ਚਾਹੁੰਦੀ ਹੈ, ਸ਼ਾਮਲ ਹਨ। ਇਕ ਕਵਿਤਾ ਦਾ ਸਿਰਲੇਖ ਪੰਜ ਪੰਜ ਕਵਿਤਾਵਾਂ ਨੂੰ ਜਨਮ ਦੇਂਦਾ ਹੈ। ਏਵੇਂ ਹੀ ਦੋ ਦੋ ਕਵਿਤਾਵਾਂ ਇਕੋ ਸਿਰਲੇਖ ਹੇਠ ਪ੍ਰਕਾਸ਼ਤ ਹੋਈਆਂ ਹਨ।

ਉਘੇ ਗ਼ਜ਼ਲਗੋ ਅਲੋਚਕ ਸ. ਸਰਬਜੀਤ ਸਿੰਘ ਸੰਧੂ ਨੇ "ਥੱਕੇ ਹਾਰੇ ਸ਼ਹਿਰ ਨਾਲ ਖਲੋਂਦੀ" ਕਵਿਤਾ ਦੇ ਸਿਰਲੇਖ ਕਿਤਾਬ ਦਾ ਮੁੱਖਬੰਦ ਕੁੰਜੀਵੰਤ ਕੀਤਾ ਹੈ। ਉਸ ਦੀ ਸਮੀਖਿਆ ਹੀ ਹੂਬਹੂ ਪਾਠਕਾਂ ਨਾਲ ਸਾਂਝੀ ਕਰ ਰਿਹਾ ਹਾਂ। ਸੱਭਿਆਚਾਰ ਮਨੁੱਖੀ ਇਤਿਹਾਸ ਦਾ ਇਕ ਖ਼ਾਸ ਪੜਾਅ ਹੈ, ਜਿੱਥੇ ਉਹਦੀ ਦੂਸਰੇ ਸਮੂਹਾਂ ਤੋਂ ਅਲੱਗ ਪਹਿਚਾਣ ਬਣਦੀ ਹੈ, ਸੰਸਾਰੀਕਰਨ ਦੇ ਦੌਰ ਨੇ ਸੰਸਾਰ ਦੇ ਵਿਭਿੰਨ ਸੱਭਿਆਚਾਰਾਂ ਵਿਚਕਾਰ ਮੇਲਾਂ, ਸੰਵਾਦਾਂ, ਟਕਰਾਵਾਂ ਦਾ ਰਣਖੇਤਰ ਸਿਰਜ ਦਿੱਤਾ ਹੈ, ਤਾਂ ਪੰਜਾਬੀ ਮਨੁੱਖ ਦਾ ਇਸ ਪ੍ਰਕਿਰਿਆ ਤੋਂ ਬੇਲਾਗ ਰਹਿਣਾ ਨਾਮੁਮਕਿਨ ਹੈ। ਹਰਜੀਤ ਸਿੰਘ ਸੰਧੂ ਨੇ ਸੱਭਿਆਚਾਰਕ ਪਰਿਵੇਸ਼ ਦੀਆਂ ਕਵਿਤਾਵਾਂ ਵਿਅੰਗ ਦੀਆਂ ਸੂਖਮ ਛੋਹਾਂ ਦੇ ਕੇ ਲਿਖੀਆਂ ਹਨ। ਭਾਸ਼ਾ ਹੀ ਕਵਿਤਾ ਦਾ ਮਾਧਿਅਮ ਬਣਦੀ ਹੈ। ਕਵਿਤਾ ਦੀ ਭਾਸ਼ਾ ਉਹਦੇ ਬਲਣਹਾਰਿਆਂ ਤੋਂ ਆਉਂਦੀ ਹੈ।

ਉਹਦੀ ਕਵਿਤਾ ਵਿਚਲੇ ਵਿਚਾਰ, ਪ੍ਰਤੀਕ, ਵਿਅੰਗ ਦੀਆਂ ਵਿਧੀਆਂ, ਭਾਸ਼ਾ ਦੀ ਵਰਤੋਂ, ਕਾਵਿ-ਲੈਅ ਉਹਦੀ ਆਪਣੀ ਕਮਾਈ ਹਨ, ਜਿਹੜੇ ਉਸਦੀ ਵਿਅਕਤੀਗਤ ਕਾਵਿ-ਸ਼ੈਲੀ ਨੂੰ ਘੜਦੇ ਹਨ। ਉਹਦੀ ਕਵਿਤਾ ਦੇ ਪ੍ਰਤੀਕ/ਬਿੰਬ ਸਾਧਾਰਨ ਹੁੰਦੇ ਹੋਏ ਵੀ ਵਿਲੱਖਣ ਹਨ, ਜਿਨ੍ਹਾਂ ਨੂੰ ਨਿਹਾਰਦਿਆਂ ਉਹਦੀ ਕਵਿਤਾ ਦੇ ਅਰਥਾਂ ਦੀਆਂ ਪਰਤਾਂ ਆਸਾਨੀ ਨਾਲ ਖੁੱਲ੍ਹਦੀਆਂ ਜਾਂਦੀਆਂ ਹਨ। ਇਸ ਸੰਗ੍ਰਹਿ ਦੀ ਪਹਿਲੀ ਹੀ ਕਵਿਤਾ 'ਥੱਕੇ-ਹਾਰੇ ਸ਼ਹਿਰ ਦੀ ਨੀਂਦ' ਵਿਚ ਆਏ ਸ਼ਬਦ/ਪ੍ਰਤੀਕ : 'ਸ਼ਹਿਰ', 'ਮੀਨਾਰ ਦੀ ਸਿਖਰ', 'ਟਾਰਚ', 'ਸ਼ਹਿਰ-ਵਾਸੀ', 'ਕੁੱਤੇ', 'ਬਘਿਆੜ' ਬਿਨਾਂ ਕਿਸੇ ਲਗ-ਲਬੇੜ ਦੇ ਸਭ ਕੁਝ ਕਹਿ ਦੇਂਦੇ ਹਨ। ਇਹ ਕਵਿਤਾ ਉਹਦੀ ਕਰੜੀ ਮਿਹਨਤ ਦੀ ਉਪਜ ਹੋ ਨਿਬੜਦੀ ਹੈ।

ਅੱਜ ਜਦੋਂ ਪੰਜਾਬੀ ਵਿਚ ਸਾਡੇ ਕੋਲ਼ ਅਜਿਹੀ ਕਵਿਤਾ ਹੈ, ਜਿਸ ਵਿਚ ਵਧੇਰੇ ਕਰਕੇ ਨਿੱਜ ਦੇ ਦੁੱਖਾਂ ਦਾ ਰੁਦਨ ਹੈ, ਸਮਾਜ ਦੇ ਦੁੱਖਾਂ, ਸੰਘਰਸ਼ਾਂ ਤੋਂ ਦੂਰੀ ਸਾਜ ਕੇ ਮਨਾਏ ਜਾਂਦੇ ਜਸ਼ਨ ਹਨ, ਜਾਂ ਪੰਜਾਬੀ ਕਵਿਤਾ ਨੂੰ ਜਿੱਚ ਕਰਦੀਆਂ ਹੋਰ ਭਾਰਤੀ ਭਾਸ਼ਾਵਾਂ ਦੇ ਲਿਜ਼ਲਿਜ਼ੇ ਅਨੁਵਾਦ ਹਨ, ਤਾਂ ਉਸ ਵੇਲ਼ੇ ਹਰਜੀਤ ਸਿੰਘ ਸੰਧੂ ਜਿਹੇ ਕਵੀਆਂ ਦੀ ਕਵਿਤਾ ਦੀ ਬਹੁਤ ਲੋੜ ਹੈ।

ਕਵਿਤਾ ਵੱਲ ਉਹ ਜੀਵਨ ਦੇ ਚੌਥੇ ਆਸ਼ਰਮ ਵਿਚ ਆਇਆ, ਪਰ ਆਇਆ ਸਾਬਤ ਕਦਮੀ; ਦੁਬਿਧਾਵਾਂ ਦੇ ਜਾਲ਼ੇ ਲਾਹ ਕੇ ਆਇਆ। ਕਵਿਤਾ ਉਹਦੇ ਮਨ-ਅੰਬਰ 'ਤੇ ਛਾਈ ਹੋਈ ਹੈ। ਅਨੁਭਵ ਉਹਦੇ ਜੀਵਨ ਦੀ ਜ਼ਰਖੇਜ਼ ਜ਼ਮੀਨ 'ਤੇ ਬੀਜਾਂ ਵਾਂਙੂ ਖਿੱਲਰੇ ਹੁੰਦੇ ਹਨ। ਅਨੁਭਵ ਜਦ ਕਵਿਤਾ ਨੂੰ ਮਿਹਣਾ ਮਾਰਦੇ ਹਨ, ਤਾਂ ਉਹ ਬਸ ਬਾਹਰ ਆਉਣ ਲਈ ਕੋਈ ਬਹਾਨਾ ਹੀ ਮੰਗਦੀ ਹੈ। ਅਨੁਭਵ ਉਸ ਨੂੰ ਘਟਨਾ-ਦੁਰਘਟਨਾ ਦਾ ਰੂਪ ਧਾਰ ਕੇ ਬਹਾਨਾ ਦੇਂਦੇ ਹਨ ਤੇ ਕਵਿਤਾ ਅਛੋਪਲੇ ਜਿਹੇ ਉੱਤਰ ਆਉਂਦੀ ਹੈ। ਏਨੀ ਹੀ ਉਹਦੀ ਸਿਰਜਨ-ਪ੍ਰਕਿਰਿਆ ਹੈ। ਉਹ ਵਾਪਰ ਗਏ ਦੇ ਕਾਰਨਾਂ ਤੇ ਪ੍ਰਭਾਵਾਂ ਨੂੰ ਤਰਕ ਦੀ ਤੱਕੜੀ 'ਤੇ ਰੱਖਦਾ ਹੈ। ਕਾਰਨਾਂ ਦੇ ਮੂਲ ਨੂੰ ਪਛਾਨਣ ਵਿਚ ਰੁਚਿਤ ਤੇ ਖਚਿਤ ਹੁੰਦਾ ਹੈ। ਉਨ੍ਹਾਂ ਦੀਆਂ ਖ਼ੂਬੀਆਂ-ਖ਼ਾਮੀਆਂ, ਸਮਰੱਥਾਵਾਂ-ਅਸਮਰੱਥਾਵਾਂ, ਉਹ ਜ਼ਮੀਨ ਜਿਨ੍ਹਾਂ ਵਿਚ ਉਹ ਪੈਦਾ ਹੁੰਦੇ ਹਨ, ਉਸਦੀ ਗੁਣਵੱਤਾ ਟੋਂਹਦਾ ਹੈ। ਫਿਰ ਉਨ੍ਹਾਂ ਕਾਰਨਾਂ ਦੇ ਸਮਰੂਪ ਪੈਦਾ ਹੁੰਦੇ ਪ੍ਰਭਾਵਾਂ, ਉਨ੍ਹਾਂ ਪ੍ਰਭਾਵਾਂ ਤੋਂ ਉਪਜੇ ਨਤੀਜਿਆਂ ਦੀ ਟੋਹ ਲੈਂਦਾ ਹੈ। ਇਸ ਕਾਵਿ-ਸਿਰਜਨ ਦੀ ਪ੍ਰਕਿਰਿਆ ਵਿਚ ਉਹਦੀ ਤਰਕਸ਼ੀਲਤਾ 'ਤੇ ਸੰਵੇਦਨਸ਼ੀਲਤਾ ਦਾ ਰੰਗ ਚੜ੍ਹਿਆ ਰਹਿੰਦਾ ਹੈ, ਭਾਵਨਾਵਾਂ ਦੇ ਨਿੱਘ, ਲੈਆਤਮਕਤਾ ਦੇ ਕਲਾਵੇ ਦਾ ਸਾਥ ਬਣਿਆ ਰਹਿੰਦਾ ਹੈ। ਕਿਉਂਕਿ ਕਵਿਤਾ ਲਈ ਲਾਜ਼ਮੀ ਹੈ ਕਿ ਉਸ 'ਤੇ ਤਰਕਸ਼ੀਲਤਾ ਭਾਰੂ ਹੋ ਕੇ ਉਹਦੇ ਸੁਹਜ ਦੇ ਕਸਾਰੇ ਦਾ ਕਾਰਨ ਨਾ ਬਣੇ। ਉਹਦੇ ਸ਼ੰਘਰਸ਼ੀ ਜੀਵਨ ਨੂੰ ਅਕਸਾਉਂਦੇ ਕਾਵਿ ਵਿਚੋਂ ਇਸ਼ਕ-ਮੁਸ਼ਕ ਵਾਲੀ ਸੱਭਿਆਚਾਰ ਦੀ ਪਰਿਕਰਮਾ ਨਹੀਂ ਕਰਦੀ ਹੈ। ਉਹਦੀ ਕਵਿਤਾ 'ਚੋਂ ਫੂਹੜ ਜਸ਼ਨਾਂ ਦੇ ਕਵਿਤਾ ਮਨਫ਼ੀ ਹੈ। ਇਸੇ ਕਰਕੇ ਉਹਦੀ ਲਗਭਗ ਸਾਰੀ ਕਵਿਤਾ ਰਾਜਨੀਤੀ ਤੇ ਪਸੀਨੇ ਦੀ ਬਦਬੂ ਦੀ ਥਾਂ ਮਿਹਨਤ ਦੇ ਮੁੜ੍ਹਕੇ ਦੀ ਖ਼ੁਸ਼ਬੋ ਆਉਂਦੀ ਹੈ। ਰਾਜਨੀਤੀ ਸਾਡੀ ਜ਼ਿੰਦਗੀ ਦੇ ਹਰ ਪਹਿਲ 'ਤੇ ਨਜ਼ਰਅੰਦਾਜ਼ ਹੁੰਦੀ ਹੈ। ਜਨਮ ਤੋਂ ਮਰਨ ਤੱਕ ਦਾ ਹਰ ਵਰਤਾਰਾ ਰਾਜਨੀਤੀ ਤੋਂ ਪਭਾਵਿਤ ਹੁੰਦਾ ਹੈ। ਸਾਡਾ ਖਾਣ-ਪੀਣ, ਰਹਿਣ-ਸਹਿਣ, ਸਿੱਖਿਆ, ਸਿਹਤ ਗੱਲ ਕੀ ਜੀਣ-ਢੰਗ ਰਾਜਨੀਤੀ ਹੀ ਤੈਅ ਕਰਦੀ ਹੈ। ਕਈਆਂ ਵਿਰੋਧਾਂ, ਅੰਤਰ-ਵਿਰੋਧਾਂ, ਤਤਕਾਲੀਨ ਕਾਵਿ ਰੁਝਾਣਾਂ ਦਾ ਸਾਹਮਣਾ ਕਰਦਿਆਂ ਅਤੇ ਨਾਬਰੀ ਦਾ ਰੁਖ਼ ਲੈਂਦਿਆਂ ਕਵਿਤਾ ਨੂੰ ਨਾਅਰਾ ਬਣਨੋਂ ਬਚਾਉਣਾ ਪੈਂਦਾ ਹੈ। ਕਵਿਤਾ ਦੇ ਕਵਿਤਾ ਹੋਣ 'ਤੇ ਪਹਿਰਾ ਦੇਣਾ ਪੈਂਦਾ ਹੈ।

ਹਰਜੀਤ ਸਿੰਘ ਸੰਧੂ ਆਪਣੇ ਦਿਲ ਦੀ ਗੱਲ ਵਿਚ ਲਿਖਦਾ ਹੈ ਕਿ ਮੈਂ ਆਪਣੀ ਕਾਵਿ-ਪੁਸਤਕ 'ਥੱਕੇ-ਹਾਰੇ ਸ਼ਹਿਰ ਦੀ ਨੀਂਦ' ਬਾਰੇ ਸੋਚਦਾ ਹਾਂ, ਤਾਂ ਇਕ ਭਾਵੀ ਦ੍ਰਿਸ਼ ਮਨ ਦੇ ਚਿਤਰਪਟ ਉੱਤੇ ਆ ਹਾਜ਼ਰ ਹੁੰਦਾ ਹੈ। ਜਿਵੇਂ, ਕਿਸੇ ਔਰਤ ਦੇ ਅੰਤਹੀਣ ਤਰਸੇਵੇਂ ਨਾਲ਼ ਭਰੀ ਮਮਤਾ ਨੇ, ਉਮਰ ਦੇ ਚੁਹੱਤਰਵੇਂ ਸਾਲ ਵਿਚ ਪਹੁੰਚ ਕੇ, ਪਲੇਠੀ ਦਾ ਪਿਆਰਾ ਤੇ ਮਾਸੂਮ ਬੱਚਾ ਜੰਮਿਆ ਹੋਵੇ ਤੇ ਉਹਦੀ ਸਾਰੀ ਦੁਨੀਆਂ ਸਿਮਟ ਕੇ ਉਸੇ ਅੱਖ ਦੇ ਤਾਰੇ ਤੱਕ ਮਹਿਦੂਦ ਹੋ ਗਈ ਹੋਵੇ। ਸਾਡੇ ਰਾਜਨੀਤਿਕ ਖੇਤਰ ਤੇ ਸਮਾਜ ਅੰਦਰ ਸਰਮਾਏਦਾਰੀ ਦੀ ਮਾਰ ਹੇਠ ਲੰਗੜੀ ਹੋਈ ਬੁਰੀ ਤਰ੍ਹਾਂ ਪਿਸ ਰਹੀ ਵਿਸ਼ਾਲ ਮੱਧ ਵਰਗ ਦੀ ਸ਼੍ਰੇਣੀ ਦੇ ਜੀਵਨ ਤੇ ਉਸ ਨੇ ਆਪਣੀਆਂ ਕਾਵਿਤਾਵਾਂ ਨੂੰ ਕੇਂਦਰਿਤ ਕੀਤਾ ਹੈ।

ਵੋਟਾਂ ਦੇ ਪੱਠੇ ਚਰਦੀ
ਨੋਟਾਂ ਦੀ ਜੁਗਾਲ਼ੀ ਕਰਦੀ
ਬੱਝੀ ਹੈ ਫੰਡਰ ਮੱਝ
ਪੂੰਜੀਵਾਦ ਦੇ ਕਿੱਲੇ 'ਤੇ
ਮੇਤੀਆਂ ਜੜੇ ਰੰਗ-ਬਰੰਗੇ ਰੱਸਿਆਂ ਨਾਲ਼
ਬਾਕੀ ਤਾਂ ਬਾਅਦ ਵਿਚ
ਪਹਿਲਾਂ ਕਿਉਂ ਨਾ ਹੋਵੇ
ਉਨ੍ਹਾਂ ਕਲਮਾਂ ਦਾ ਸਿਰ ਕਲਮ
ਜੋ ਸੱਚ ਲਿਖਣ ਤੋਂ ਡਰਨ
ਆਨੇ-ਬਹਾਨੇ
ਵੱਡੇ ਦਰਬਾਰ ਵਿਚ ਹਾਜ਼ਰੀ ਭਰਨ।

ਕੋਈ ਘਟਨਾ ਘਟਦੀ ਹੈ, ਤਾਂ ਉਹ ਉਹਨੂੰ ਉਤੇਜਿਤ ਕਰਦੀ ਹੈ, ਦੁਰਘਟਨਾ ਘਟਦੀ ਹੈ, ਤਾਂ ਚਿੰਤਿਤ ਕਰਦੀ ਹੈ। ਉਹ ਆਲ਼ੇ-ਦੁਆਲੇ, ਸਮਾਜ, ਦੇਸ਼, ਅੰਤਰਰਾਸ਼ਟਰ 'ਚ ਜੋ ਕੁਝ ਵਾਪਰ ਰਿਹਾ ਹੈ, ਉਸ ਤੋਂ ਬੇਨਿਆਜ਼ ਨਹੀਂ ਰਹਿ ਸਕਦਾ। ਇਹ ਉਹਦੀ ਫ਼ਿਤਰਤ ਹੈ। ਉਹ ਵਾਪਰ ਗਏ ਦੇ ਕਾਰਨਾਂ ਤੇ ਪ੍ਰਭਾਵਾਂ ਨੂੰ ਤਰਕ ਦੀ ਤੱਕੜੀ 'ਤੇ ਰੱਖਦਾ ਹੈ। ਕਾਰਨਾਂ ਦੇ ਮੂਲ ਨੂੰ ਪਛਾਨਣ ਵਿਚ ਰੁਚਿਤ ਤੇ ਖਚਿਤ ਹੁੰਦਾ ਹੈ। ਉਨ੍ਹਾਂ ਦੀਆਂ ਖ਼ੂਬੀਆਂ-ਖ਼ਾਮੀਆਂ, ਸਮਰੱਥਾਵਾਂ-ਅਸਮਰੱਥਾਵਾਂ, ਜਿਨ੍ਹਾਂ ਵਿਚ ਉਹ ਪੈਦਾ ਹੁੰਦੇ ਹਨ, ਉਸ ਜ਼ਮੀਨ ਦੀ ਗੁਣਵੱਤਾ ਟੋਂਹਦਾ ਹੈ। ਫਿਰ ਉਨ੍ਹਾਂ ਕਾਰਨਾਂ ਦੇ ਸਮਰੂਪ ਪੈਦਾ ਹੁੰਦੇ ਪ੍ਰਭਾਵਾਂ, ਉਨ੍ਹਾਂ ਪ੍ਰਭਾਵਾਂ ਤੋਂ ਉਪਜੇ ਨਤੀਜਿਆਂ ਦੀ ਟੋਹ ਲੈਂਦਾ ਹੈ। ਇਸ ਪ੍ਰਕਿਰਿਆ ਅਧੀਨ ਉਹ ਆਪਣੇ ਸਮਾਜ-ਸੱਭਿਆਚਾਰਕ ਪਿਛੋਕੜ ਵਿਚ ਪਏ ਮੋਟਿਫ਼ਾਂ ਦੀ ਭਾਲ਼ ਵਿਚ ਨਿਕਲ਼ਦਾ ਹੈ, ਉਨ੍ਹਾਂ ਮੋਟਿਫ਼ਾਂ ਨੂੰ ਇਸ ਕਾਰਨ-ਕਾਰਜ ਦੇ ਵਰਤਾਰੇ ਵਿਚ ਜੋੜਦਾ ਤੇ ਜੜਦਾ ਹੈ। ਇਹ ਭਾਵੁਕਤਾ ਦੇ ਪੰਧ 'ਤੇ ਤੁਰੀ ਸਮਝ, ਵਿਚਾਰ ਦੇ ਦਰ 'ਤੇ ਦਸਤਕ ਦੇਂਦੀ ਹੈ, ਤਾਂ ਕਵਿਤਾ ਉਹਦਾ ਸਵਾਗਤ ਕਰਦੀ ਹੈ। ਇਸ ਕਿਤਾਬ ਦੇ ਕੁਲ ਪੰਨੇ 88, ਕੀਮਤ:- 200ਰੁ/ ਅਤੇ ਪ੍ਰਕਾਸ਼ਕ ਕੈਫ਼ੇ ਵਰਲਡ, ਮੰਡੀ ਕਲਾਂ, ਜਲੰਧਰ, ਬਠਿੰਡਾ ਹੈ।




# ਮੋਈਆਂ ਸੱਧਰਾਂ ਤੇ ਰੋਂਦੀਆਂ ਅੱਖਾਂ ਵਾਲੇ ਦਿਮਾਗੀ ਸੰਤੁਲਨ ਗੁਆ ਚੁੱਕੇ ਬੇਘਰ ਮਾਂ-ਪੁੱਤ ਨੂੰ ਮਿਲੀ ਨਵੀਂ ਜ਼ਿੰਦਗੀ

"ਕਦਰ ਗੁਆਚੀ ਸੱਧਰਾਂ ਮੋਈਆਂ, ਸੁਪਨੇ ਚੂਰ ਤੇ ਅੱਖੀਆਂ ਰੋਈਆਂ" ਇਹ ਪੰਕਤੀਆਂ ਇਸ ਬਦਕਿਸਮਤ ਮਾਂ ਬਾਰੇ ਪੂਰੀਆਂ ਢੁੱਕਦੀਆਂ ਹਨ, ਜਿਸ ਦਾ ਆਪਣਾ ਦਿਮਾਗੀ ਸੰਤੁਲਨ ਵੀ ਠੀਕ ਨਾ ਹੋਵੇ, ਪਤੀ ਵੀ ਨਾ ਹੋਵੇ, ਬੁਢਾਪੇ ਦਾ ਸਹਾਰਾ ਪੁੱਤ ਵੀ ਮਾਨਸਿਕ ਤੌਰ 'ਤੇ ਬਿਮਾਰ ਹੋਵੇ, ਘਰ-ਬਾਰ ਵੀ ਕੋਈ ਨਾ ਹੋਵੇ।



ਆਸ਼ਰਮ ਵਿੱਚ ਦਾਖਲ ਹੋਣ ਸਮੇਂ ਜੁਮਰੀ ਤੇ ਰਾਜ

26 ਜੁਲਾਈ 2025 ਨੂੰ ਬਠਿੰਡਾ ਸ਼ਹਿਰ ਦੇ ਪੱਚੀ ਗਜ ਏਰੀਆ ਨਾਮ ਦੇ ਇਲਾਕੇ ਵਿਚ ਇੱਕ ਲਾਵਾਰਸ ਮਾਂ-ਪੁੱਤ ਮਿਲੇ, ਜਿਨ੍ਹਾਂ ਦਾ ਦਿਮਾਗੀ ਸੰਤੁਲਨ ਠੀਕ ਨਹੀ ਹੈ, ਔਰਤ ਦੇ ਪਤੀ ਦੀ ਮੌਤ ਹੋ ਚੁੱਕੀ ਹੈ। ਜਵਾਨ ਪੁੱਤ ਜੋ ਬੁਢਾਪੇ ਦਾ ਸਹਾਰਾ ਹੁੰਦਾ ਹੈ, ਉਸ ਦਾ ਵੀ ਦਿਮਾਗੀ ਸੰਤੁਲਨ ਠੀਕ ਨਹੀਂ। ਮਾਂ-ਪੁੱਤ ਦੋਨੋਂ ਸਾਰਾ ਦਿਨ ਸੜਕਾਂ 'ਤੇ ਲਾਵਾਰਸ ਹੀ ਘੁੰਮਦੇ ਸਨ। ਮਾਂ ਨੂੰ ਪੁੱਤ ਦੀ ਸੋਝੀ ਨੀ, ਪੁੱਤ ਨੂੰ ਮਾਂ ਦੀ ਸੋਝੀ ਨੀ। ਜੇਕਰ ਕੁਝ ਖਾਣ-ਪੀਣ ਨੂੰ ਮਿਲ ਗਿਆ, ਤਾਂ ਖਾ ਲਿਆ, ਜਿੱਥੇ ਦਿਲ ਕੀਤਾ ਮਲ-ਮੂਤਰ ਕਰ ਲਿਆ। ਕੋਈ ਖਾਲੀ ਕਮਰਾ ਦੇਖਿਆ, ਤਾਂ ਉਸ ਵਿਚ ਰਾਤ ਗੁਜ਼ਾਰ ਲਈ।

ਮਾਂ ਤਾਂ ਫਿਰ ਵੀ ਮਾਂ ਹੀ ਹੁੰਦੀ ਹੈ, ਦਿਮਾਗੀ ਸੰਤੁਲਨ ਠੀਕ ਨਾ ਹੋਣ ਦੇ ਬਾਵਜੂਦ ਵੀ ਆਪਣੇ ਮੰਦਬੁੱਧੀ ਪੁੱਤ ਦੇ ਮਗਰ-ਮਗਰ ਫਿਰਦੀ ਰਹਿੰਦੀ। ਸਰੀਰਾਂ 'ਚੋਂ ਆਉਂਦੀ ਬਦਬੂ, ਤਨ 'ਤੇ ਪਾਏ ਮੈਲੇ-ਕੁਚੈਲੇ ਕੱਪੜੇ ਇਹ ਬਿਆਨ ਕਰਦੇ ਸਨ ਕਿ ਇਸ਼ਨਾਨ ਕੀਤੇ ਨੂੰ ਵੀ ਕਈ ਹਫਤੇ ਹੋ ਗਏ ਹੋਣਗੇ। ਇਨ੍ਹਾਂ ਦੇ ਕੋਲ ਕੋਈ ਨਹੀ ਸੀ ਜਾਂਦਾ। ਇਨ੍ਹਾਂ ਨੂੰ ਗੁਰੂ ਰਾਮ ਦਾਸ ਸੇਵਾ ਸੁਸਾਇਟੀ ਦੇ ਵਲੰਟੀਅਰਾਂ ਕੁਨਾਲ ਵਰਮਾ, ਰਿਸ਼ੂ, ਇੰਦਰ ਅਤੇ ਇਨ੍ਹਾਂ ਦੇ ਸਾਥੀਆਂ ਨੇ ਇਨ੍ਹਾਂ ਦੋਨਾਂ ਮਾਂ-ਪੁੱਤ ਨੂੰ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਸਰਾਭਾ ਵਿਚ ਦਾਖਲ ਕਰਵਾਇਆ। ਆਸ਼ਰਮ ਦੇ ਸਟਾਫ ਦੇ ਗੱਲਬਾਤ ਕਰਨ 'ਤੇ ਔਰਤ ਨੇ ਆਪਣਾ ਨਾਮ ਜੁਮਰੀ ਅਤੇ ਆਪਣੇ ਪੁੱਤ ਦਾ ਨਾਮ ਰਾਜ ਦੱਸਿਆ। ਆਪਣੇ ਪਤੀ ਦੇ ਨਾ ਹੋਣ ਬਾਰੇ ਵੀ ਦੱਸਿਆ। ਇਹ ਦੋਨੋਂ ਮਾਂ-ਪੁੱਤ ਹੋਰ ਕੁੱਝ ਵੀ ਦੱਸਣ ਤੋਂ ਅਸਮਰੱਥ ਹਨ। ਆਸ਼ਰਮ ਵਿਚ ਇਨ੍ਹਾਂ ਨੂੰ ਲੋੜੀਂਦੀ ਮੈਡੀਕਲ ਸਹੂਲਤ ਦਿੱਤੀ ਜਾਵੇਗੀ ਅਤੇ ਉਮੀਦ ਕਰਦੇ ਹਾਂ ਕਿ ਦੋਨੋਂ ਮਾਂ-ਪੁੱਤ ਆਸ਼ਰਮ 'ਚ ਆਪਣੀ ਆਉਣ ਵਾਲੀ ਜ਼ਿੰਦਗੀ ਵਧੀਆ ਬਤੀਤ ਕਰਨਗੇ।

ਡਾ. ਨੌਰੰਗ ਸਿੰਘ ਮਾਂਗਟ
ਲੁਧਿਆਣਾ
(ਇੰਡੀਆ) ਵਟਸਐਪ : 95018-42505
ਕੈਨੇਡਾ: 403-401-8787
ਪੰਜਾਬ ਮੇਲ USA



ਇਸ ਸੰਸਥਾ ਦੇ ਬਾਨੀ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿਚ ਸਵਾ ਦੋ ਸੌ (225) ਤੋਂ ਜ਼ਿਆਦਾ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆਂ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ, ਜਿਨ੍ਹਾਂ ਵਿਚ ਬਹੁਤ ਸਾਰੇ ਮਰੀਜ਼ ਪੂਰੀ ਤਰਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਆਸ਼ਰਮ ਬਾਰੇ ਹੋਰ ਜਾਣਕਾਰੀ ਲਈ ਸੰਪਰਕ: (ਇੰਡੀਆ) : 95018-42505; ਕੈਨੇਡਾ: 403-401-8787 ।

# ਬਿਹਾਰ ਚੋਣਾਂ : ਧਮਾਕੇਦਾਰ ਸਥਿਤੀ






ਗੁਰਮੀਤ ਸਿੰਘ ਪਲਾਹੀ

# ਮੋਬਾਈਲ : 98158-02070

ਪੰਜਾਬ ਮੇਲ USA


**ਬਿਹਾਰ 'ਚ ਭਾਰਤੀ ਚੋਣ ਕਮਿਸ਼ਨ ਦੀ 01-08-2025 ਦੀ ਰਿਪੋਰਟ ਅਨੁਸਾਰ ਕੁੱਲ 7.9 ਕਰੋੜ ਵੋਟਰਾਂ ਵਿਚੋਂ 7.24 ਕਰੋੜ ਵੋਟਰਾਂ ਨੇ ਆਪਣੇ ਫਾਰਮ ਜਮ੍ਹਾਂ ਕਰਵਾਏ। ਕੁੱਲ ਮਿਲਾਕੇ 65,64,075 ਵੋਟਰਾਂ ਦੇ ਨਾਮ ਵੋਟਰ ਸੂਚੀਆਂ 'ਚੋਂ ਕੱਟ ਦਿੱਤੇ ਗਏ, ਜਿਨ੍ਹਾਂ ਵਿਚੋਂ 36,28,210 ਪੱਕੇ ਤੌਰ 'ਤੇ ਸੂਬਾ ਛੱਡ ਚੁੱਕੇ ਹਨ ਅਤੇ 7,01,364 ਇੱਕ ਤੋਂ ਵੱਧ ਥਾਵਾਂ 'ਤੇ ਇਨਰੋਲ ਹੋਣ ਕਾਰਨ ਆਪਣਾ ਵੋਟ ਹੱਕ ਬਿਹਾਰ ਵਿਚੋਂ ਗੁਆ ਚੁੱਕੇ ਹਨ।**

ਗਰੀਬਾਂ ਦੇ ਕੋਲ ਵੋਟ ਦੀ ਤਾਕਤ ਤੋਂ ਇਲਾਵਾ ਹੋਰ ਬਹੁਤ ਕੁਝ ਹੈ ਹੀ ਨਹੀਂ। ਜੇਕਰ ਦੇਸ਼ ਵਿਚ ਗ਼ਰੀਬਾਂ ਤੇ ਕਮਜ਼ੋਰਾਂ ਤੋਂ ਉਨ੍ਹਾਂ ਦਾ ਵੋਟ-ਹੱਕ ਖੋਹ ਲਿਆ ਜਾਂਦਾ ਹੈ, ਤਾਂ ਉਨ੍ਹਾਂ ਵਿਚ ਨਿਰਾਸ਼ਾ ਵਧੇਗੀ, ਜੋ ਦੇਸ਼ ਨੂੰ ਅਰਾਜਕਤਾ ਵੱਲ ਧੱਕੇਗੀ। ਇਹ ਅਰਾਜਕਤਾ ਆਖਰਕਾਰ ਵਿਦਰੋਹ ਪੈਦਾ ਕਰੇਗੀ।

ਬਿਹਾਰ ਵਿਚ ਭਾਰਤੀ ਚੋਣ ਕਮਿਸ਼ਨ ਉੱਤੇ ਇਲਜ਼ਾਮ ਲੱਗ ਰਹੇ ਹਨ ਕਿ ਉਸ ਵੱਲੋਂ ਵੋਟਰ ਸੂਚੀ ਦੇ "ਸ਼ੁੱਧੀਕਰਨ" ਦੇ ਨਾਂ 'ਤੇ ਲੋਕਾਂ ਦੀਆਂ ਵੋਟਾਂ ਕੱਟੀਆਂ ਜਾ ਰਹੀਆਂ ਹਨ। ਬਿਹਾਰ 'ਚ ਲੋਕਾਂ ਵਿਚ ਇਸ ਮਹੱਤਵਪੂਰਨ ਮਸਲੇ 'ਤੇ ਹਾਹਾਕਾਰ ਮਚੀ ਹੋਈ ਹੈ। ਬਿਹਾਰ ਦੇ ਵੋਟਰਾਂ ਵਿਚ ਘਬਰਾਹਟ ਅਤੇ ਭਰਮ ਦੀ ਸਥਿਤੀ ਬਣੀ ਹੋਈ ਹੈ ਕਿਉਂਕਿ ਬੇਸਹਾਰਾ ਲੋਕ ਆਪਣਾ ਵੋਟ-ਹੱਕ ਮੰਗ ਰਹੇ ਹਨ। ਭਾਰਤੀ ਚੋਣ ਕਮਿਸ਼ਨ ਵੋਟਰ ਦੀ ਪ੍ਰਮਾਣਿਕਤਾ ਲਈ ਪਛਾਣ ਦੇ ਤੌਰ 'ਤੇ ਆਧਾਰ ਕਾਰਡ, ਵੋਟਰ ਕਾਰਡ ਅਤੇ ਰਾਸ਼ਨ ਕਾਰਡ ਤੋਂ ਇਲਾਵਾ ਹੋਰ ਦਸਤਾਵੇਜ਼ ਸਬੂਤ ਵਜੋਂ ਮੰਗ ਰਿਹਾ ਹੈ। ਉਹ ਲੋਕ ਜਿਹੜੇ ਅਨਪੜ੍ਹ ਹਨ, ਉਹ ਇਹ ਸਬੂਤ ਕਿਥੋਂ ਲਿਆਉਣਗੇ?

2023 ਵਿਚ ਹੋਈ ਜਾਤੀ ਜਨਗਣਨਾ ਅਨੁਸਾਰ, ਬਿਹਾਰ ਵਿਚ ਤਿੰਨ ਫ਼ੀਸਦੀ ਦਲਿਤ, ਪੰਜ ਫ਼ੀਸਦੀ ਅਤਿ ਪਛੜੇ ਅਤੇ ਸਿਰਫ਼ ਸੱਤ ਫ਼ੀਸਦੀ ਮੁਸਲਮਾਨ ਬਾਰਵੀਂ ਪਾਸ ਸਨ। ਜਦਕਿ 2011 ਦੀ ਜਨਗਣਨਾ ਅਨੁਸਾਰ, ਬਿਹਾਰ ਵਿਚ ਲਗਭਗ 50 ਫ਼ੀਸਦੀ ਔਰਤਾਂ ਅਤੇ 40 ਫ਼ੀਸਦੀ ਮਰਦ ਅਨਪੜ੍ਹ ਹਨ। ਇਹ ਲੋਕ ਹੋਰ ਪਛਾਣ ਪੱਤਰ ਕਿਵੇਂ ਅਤੇ ਕਿੱਥੋਂ ਪੈਦਾ ਕਰਨਗੇ? ਤੇ ਕਿਵੇਂ ਆਪਣਾ ਵੋਟ ਹੱਕ ਪ੍ਰਾਪਤ ਕਰਨਗੇ?

ਬਿਹਾਰ ਚੋਣਾਂ ਵਿਚ ਹਾਲੇ 110 ਦਿਨ ਬਾਕੀ ਹਨ। ਸ਼ਾਇਦ ਪਹਿਲੀ ਵਾਰ ਹੋਵੇ ਕਿ ਬਿਹਾਰ 'ਚ ਵੋਟ ਲਿਸਟ ਮੁੱਦਾ ਇੰਨਾ ਭਾਰੀ ਬਣਿਆ ਹੋਇਆ ਹੈ। ਮਾਹੌਲ ਗਰਮ ਹੈ। ਵਿਰੋਧੀ ਸਿਆਸੀ ਧਿਰਾਂ ਪਾਰਲੀਮੈਂਟ ਦੇ ਅੰਦਰ-ਬਾਹਰ ਹੰਗਾਮਾ ਕਰ ਰਹੀਆਂ ਹਨ। ਇਹ ਮਾਮਲਾ ਹੁਣ ਸੁਪਰੀਮ ਕੋਰਟ ਵਿਚ ਵੀ ਪਹੁੰਚ ਚੁੱਕਾ ਹੈ। ਬਿਹਾਰ 'ਚ ਵੱਡਾ ਹੰਗਾਮਾ ਹੋਣ ਦਾ ਕਾਰਨ ਦਿੱਲੀ ਦੀ ਹਾਕਮ ਧਿਰ ਵੱਲੋਂ ਹਰ ਹੀਲੇ ਬਿਹਾਰ ਚੋਣਾਂ ਜਿੱਤਣ ਲਈ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਹਨ। ਉਸ ਵਾਸਤੇ ਪਹਿਲਾ ਹਥਿਆਰ ਵੋਟਰਾਂ ਦੇ "ਸ਼ੁੱਧੀਕਰਨ" ਦਾ ਵਰਤਿਆ ਜਾ ਰਿਹਾ ਹੈ, ਕਿਉਂਕਿ ਦਿੱਲੀ ਦੀ ਹਾਕਮ ਧਿਰ ਇਹ ਸਮਝਦੀ ਹੈ ਕਿ ਜੇਕਰ ਉਹ ਬਿਹਾਰ ਹਾਰ ਜਾਂਦੇ ਹਨ, ਤਾਂ ਨਿਤੀਸ਼ ਕੁਮਾਰ ਮੁੱਖ ਮੰਤਰੀ ਬਿਹਾਰ ਦੀ ਪਾਰਟੀ ਉਸ ਨੂੰ ਕੇਂਦਰ ਵਿਚ ਸਮਰਥਨ ਤੋਂ ਮੁੱਖ ਮੋੜ ਸਕਦੀ ਹੈ।

ਬਿਹਾਰ ਵਿਚ ਸੱਤਾਧਾਰੀ ਐੱਨ.ਡੀ.ਏ. ਅਤੇ ਵਿਰੋਧੀ ਗਠਜੋੜ ਇੱਕ ਦੂਜੇ 'ਤੇ ਹਮਲਾਵਰ ਹਨ। ਭਾਵੇਂ ਫਿਲਹਾਲ ਮੁੱਖ ਮਸਲਾ ਵੋਟਰ ਸੂਚੀ ਵਿਚੋਂ ਲੱਖਾਂ ਵੋਟਰਾਂ ਦੇ ਨਾਂ ਕੱਟੇ ਜਾਣ ਦਾ ਹੈ। ਕਿਹਾ ਜਾ ਰਿਹਾ ਹੈ ਕਿ ਕੁਝ ਅਯੋਗ ਵੋਟਰਾਂ ਦੇ ਨਾਵਾਂ ਤੋਂ ਇਲਾਵਾ ਬਹੁਤ ਸਾਰੇ ਯੋਗ ਵੋਟਰਾਂ ਦੇ ਨਾਵਾਂ ਉੱਤੇ ਵੀ ਕੈਂਚੀ ਫੇਰ ਦਿੱਤੀ ਜਾਵੇਗੀ।

ਬਿਹਾਰ 'ਚ ਭਾਰਤੀ ਚੋਣ ਕਮਿਸ਼ਨ ਦੀ 01-08-2025 ਦੀ ਰਿਪੋਰਟ ਅਨੁਸਾਰ ਕੁੱਲ 7.9 ਕਰੋੜ ਵੋਟਰਾਂ ਵਿਚੋਂ 7.24 ਕਰੋੜ ਵੋਟਰਾਂ ਨੇ ਆਪਣੇ ਫਾਰਮ ਜਮ੍ਹਾਂ ਕਰਵਾਏ। ਕੁੱਲ ਮਿਲਾਕੇ 65,64,075 ਵੋਟਰਾਂ ਦੇ ਨਾਮ ਵੋਟਰ ਸੂਚੀਆਂ 'ਚੋਂ ਕੱਟ ਦਿੱਤੇ ਗਏ, ਜਿਨ੍ਹਾਂ ਵਿਚੋਂ 36,28,210 ਪੱਕੇ ਤੌਰ 'ਤੇ ਸੂਬਾ ਛੱਡ ਚੁੱਕੇ ਹਨ ਅਤੇ 7,01,364 ਇੱਕ ਤੋਂ ਵੱਧ ਥਾਵਾਂ 'ਤੇ ਇਨਰੋਲ ਹੋਣ ਕਾਰਨ ਆਪਣਾ ਵੋਟ ਹੱਕ ਬਿਹਾਰ ਵਿਚੋਂ ਗੁਆ ਚੁੱਕੇ ਹਨ। ਕੁੱਲ 22,34,501 ਵੋਟਰਾਂ ਦੇ ਨਾਮ ਲੋੜੀਂਦੇ ਫਾਰਮ ਨਾ ਭਰੇ ਜਾਣ ਕਾਰਨ ਵੋਟਰ ਸੂਚੀ ਵਿਚੋਂ ਕੱਟ ਦਿੱਤੇ ਗਏ, ਜਿਨ੍ਹਾਂ ਵਿਚ ਬਿਹਾਰ ਦੇ 10 ਜ਼ਿਲ੍ਹਿਆਂ- ਮਧੂਬਨੀ (3,52,542), ਈਸਟ ਚੰਪਾਰਨ (3,16,793), ਪੂਰਨੀਆ (2,73,920), ਸੀਤਾਮੜੀ (2,44,962), ਪਟਨਾ (3,95,500), ਗੋਪਾਲਗੰਜ (3,10,363), ਸਮਸਤੀਪੁਰ (2,83,955), ਮੁਜ਼ੱਫਰਪੁਰ (2,82,845), ਸਾਰਨ (2,73,223), ਗਯਾ (2,45,663) ਦੇ ਲੋਕ ਸ਼ਾਮਲ ਹਨ। ਇਨ੍ਹਾਂ ਵਿਚ ਵੱਡੀ ਗਿਣਤੀ ਮੁਸਲਮਾਨਾਂ, ਗਰੀਬ ਅਤੇ ਕਮਜ਼ੋਰ ਵਰਗ ਦੇ ਲੋਕਾਂ ਦੀ ਹੈ। ਉਦਾਹਰਨ ਦੇ ਤੌਰ 'ਤੇ ਮਧੂਬਨੀ ਵਿਚ 18 ਫ਼ੀਸਦੀ, ਈਸਟ ਚੰਪਾਰਨ ਵਿਚ 19 ਫ਼ੀਸਦੀ, ਪੂਰਨੀਆ 39 ਫ਼ੀਸਦੀ ਅਤੇ ਸੀਤਾਗੜ੍ਹੀ ਵਿਚ ਕੁੱਲ ਕੱਟੇ ਗਏ ਨਾਮ ਮੁਸਲਮਾਨਾਂ ਦੇ ਹਨ।

ਰਾਜਦ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਦੋਸ਼ ਲਗਾ ਚੁੱਕੇ ਹਨ ਕਿ ਇਹ ਸਿਰਫ਼ ਵੋਟਾਂ ਦੇਣ ਤੋਂ ਰੋਕਣਾ ਨਹੀਂ, ਬਲਕਿ ਉਨ੍ਹਾਂ ਦਾ ਰਾਸ਼ਨ ਤੋਂ ਲੈ ਕੇ ਰਿਜ਼ਰਵੇਸ਼ਨ ਤੱਕ ਹਰ ਹੱਕ ਖੋਹਣਾ ਹੈ। ਭਾਵੇਂ ਕਿ ਭਾਜਪਾ ਦਾ ਕਹਿਣਾ ਹੈ ਕਿ ਵੋਟਾਂ ਦੇ ਸ਼ੁੱਧੀਕਰਨ ਦਾ ਮਕਸਦ ਦੇਸ਼ ਵਿਰੋਧੀ ਬੰਗਲਾਦੇਸ਼ੀ ਘੁਸਪੈਠੀਆਂ ਅਤੇ ਰੋਹਿੰਗਿਆਵਾਂ ਨੂੰ ਵੋਟਰ ਸੂਚੀ ਤੋਂ ਬਾਹਰ ਕੱਢਣਾ ਹੈ।

ਬਿਹਾਰ ਵਿਚ "ਜੰਗਲ ਰਾਜ ਬਨਾਮ ਸੁਸ਼ਾਸਨ" ਮੁੱਖ ਚੋਣਾਂਵੀ ਮੁੱਦਾ ਬਣ ਕੇ ਉਭਰ ਰਿਹਾ ਹੈ। ਰੈਲੀਆਂ, ਬੈਠਕਾਂ ਦੋਹਾਂ ਧਿਰਾਂ ਵੱਲੋਂ ਜ਼ੋਰਾਂ 'ਤੇ ਹਨ। ਜ਼ਮੀਨੀ ਪੱਧਰ 'ਤੇ ਦੋਵੇਂ ਧਿਰਾਂ ਲੋਕਾਂ ਤੱਕ ਪਹੁੰਚ ਕਰ ਰਹੀਆਂ ਹਨ।

ਪਹਿਲਾਂ ਦੀ ਤਰ੍ਹਾਂ ਹੀ ਬਿਹਾਰ 'ਚ ਜਾਤੀ ਮੁੱਦਾ ਭਾਰੂ ਹੈ। ਬਿਹਾਰ 'ਚ ਜਾਤੀ ਸਰਵੇਖਣ ਹੋ ਚੁੱਕਾ ਹੈ। ਰਾਜਦ ਅਤੇ ਭਾਜਪਾ ਜਾਤੀ ਆਧਾਰਿਤ ਸੰਮੇਲਨ ਕਰ ਰਹੀਆਂ ਹਨ। ਪਿਛਲੇ 60 ਦਿਨਾਂ ਵਿਚ 30 ਤੋਂ ਵੱਧ ਜਾਤੀ ਸੰਮੇਲਨ ਹੋ ਚੁੱਕੇ ਹਨ। ਦਰਅਸਲ "ਅਬਾਦੀ ਦੇ ਮੁਤਾਬਕ ਹੱਕ" ਦੀ ਮੰਗ ਬਿਹਾਰ 'ਚ ਜ਼ੋਰ ਫੜ ਚੁੱਕੀ ਹੈ। ਉਧਰ ਰਾਜਗ ਧੜਾ "ਦਾਮਾਦ ਆਯੋਗ" ਵਿਰੁੱਧ ਆਪਣੀ ਲੜਾਈ ਵਿੱਢ ਚੁੱਕਾ ਹੈ। ਉਸ ਅਨੁਸਾਰ ਕੇਂਦਰੀ ਮੰਤਰੀ ਜੀਤ ਰਾਮ ਮਾਂਝੀ, ਚਿਰਾਗ ਪਾਸਵਾਨ ਅਤੇ ਸਾਂਸਦ ਅਸ਼ੋਕ ਚੌਧਰੀ ਦੇ ਦਮਾਦਾਂ ਨੂੰ ਚੇਅਰਮੈਨੀਆਂ ਮਿਲੀਆਂ ਹਨ।

ਮਹਾਂਗਠਬੰਧਨ, ਜਿਸ ਵਿਚ ਰਾਜਦ ਮੁੱਖ ਹੈ ਅਤੇ ਉਸ ਨਾਲ ਕਾਂਗਰਸ, ਖੱਬੀਆਂ ਧਿਰਾਂ ਅਤੇ ਵੀ.ਆਈ.ਪੀ. ਸ਼ਾਮਲ ਹਨ, ਸਮਾਜਿਕ ਨਿਆਂ, ਜਾਤੀ ਜਨਗਣਨਾ ਅਤੇ ਨੌਜਵਾਨਾਂ ਨੂੰ ਅੱਗੇ ਲਿਆਉਣ ਜਿਹੇ ਮੁੱਦੇ ਉਛਾਲ ਰਹੇ ਹਨ। ਉਹ ਬਿਹਾਰ ਦੀ ਕਾਨੂੰਨ ਵਿਵਸਥਾ, ਨਿਤੀਸ਼ ਦੀ ਸਿਹਤ, ਰਿਜ਼ਰਵੇਸ਼ਨ ਆਦਿ ਮੁੱਦੇ ਉਭਾਰ ਰਹੇ ਹਨ। ਉਨ੍ਹਾਂ ਵੱਲੋਂ ਰਿਜ਼ਰਵੇਸ਼ਨ ਦੀ 50% ਸੀਮਾ ਹਟਾਉਣਾ ਮੁੱਖ ਚੋਣਾਂ ਵੀ ਮੁੱਦਾ ਹੈ। ਤੇਜੱਸਵੀ ਯਾਦਵ ਵੱਲੋਂ ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਦਾ ਮੁੱਦਾ ਚੁੱਕਿਆ ਜਾ ਰਿਹਾ ਹੈ। ਕਾਂਗਰਸ ਵੀ ਬਿਹਾਰ 'ਚ ਆਪਣੇ ਵੱਲੋਂ ਪੂਰੇ ਜ਼ੋਰ ਨਾਲ ਕੇਂਦਰ ਵਿਰੁੱਧ ਮੁੱਦੇ ਚੁੱਕ ਰਹੀ ਹੈ। ਜਦਕਿ ਐੱਨ.ਡੀ.ਏ. "ਆਪਰੇਸ਼ਨ ਸਿੰਧੂਰ", "ਸੁਸ਼ਾਸਨ", "ਰਾਸ਼ਟਰਵਾਦ", "ਧਰਮ", "ਡਬਲ ਇੰਜਨ ਸਰਕਾਰ" ਦੇ ਨਾਅਰਿਆਂ ਨਾਲ ਅੱਗੇ ਵੱਧ ਰਹੀ ਹੈ। ਭਾਜਪਾ, ਜਦਯੂ, ਲੋਜਪਾ-ਆਰ ਸਿਆਸੀ ਧਿਰਾਂ, ਪਰਿਵਾਰਵਾਦ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨਗੀਆਂ। ਮਾਲੇਗਾਓਂ ਕੇਸ ਵਿਚ ਪ੍ਰਗਿਆ ਠਾਕੁਰ ਅਤੇ ਹੋਰ ਸਾਰਿਆਂ ਦੀ ਰਿਹਾਈ ਦੇ ਬਾਅਦ ਭਗਵਾਂ ਆਤੰਕਵਾਦ ਦੇ ਮੁੱਦੇ 'ਤੇ ਭਾਜਪਾ, ਕਾਂਗਰਸ ਅਤੇ ਰਾਜਦ ਨੂੰ ਘੇਰੇਗੀ।

ਰਾਹੁਲ ਗਾਂਧੀ ਬਿਹਾਰ ਵਿਚ ਪੰਜ ਪ੍ਰੋਗਰਾਮ ਕਰ ਚੁੱਕੇ ਹਨ। ਅਗਸਤ ਮਹੀਨੇ ਉਹ ਬਿਹਾਰ ਯਾਤਰਾ 'ਤੇ ਜਾਣਗੇ। ਫਰਵਰੀ ਤੋਂ ਲੈ ਕੇ ਹੁਣ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜ ਦੌਰੇ ਬਿਹਾਰ ਦੇ ਕਰ ਚੁੱਕੇ ਹਨ। ਅਗਸਤ ਮਹੀਨੇ ਫਿਰ ਬਿਹਾਰ ਪਹੁੰਚਣਗੇ। ਅਮਿਤ ਸ਼ਾਹ, ਰਾਜਨਾਥ ਸਿੰਘ ਅਤੇ ਸ਼ਿਵਰਾਜ ਚੌਹਾਨ ਵਰਗੇ ਨੇਤਾ ਲਗਾਤਾਰ ਬਿਹਾਰ ਪਹੁੰਚ ਕੇ ਆਪਣੇ ਵੱਲੋਂ ਹੁਣੇ ਤੋਂ ਚੋਣ ਪ੍ਰਚਾਰ ਆਰੰਭ ਕਰ ਚੁੱਕੇ ਹਨ।

ਬਿਹਾਰ ਦੀ ਰਾਜਨੀਤੀ ਵਿਚ ਪਿਛਲੇ 35-40 ਸਾਲਾਂ ਤੋਂ ਲਾਲੂ ਪ੍ਰਸਾਦ ਅਤੇ ਨਿਤੀਸ਼ ਕੁਮਾਰ ਪ੍ਰਭਾਵਸ਼ਾਲੀ ਰਹੇ ਹਨ। ਉਨ੍ਹਾਂ ਨੇ ਬਿਹਾਰ ਦੀ ਸਿਆਸਤ ਵਿਚ ਹੀ ਨਹੀਂ, ਕੌਮੀ ਸਿਆਸਤ ਵਿਚ ਵੀ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਸ਼ਾਇਦ ਇਹ ਆਖਰੀ ਵਾਰ ਹੋਵੇ ਕਿ ਉਹ ਬਿਹਾਰ ਵਿਚ ਆਪਣੀ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਰਹੇ ਹੋਣ।

ਇਸ ਵਾਰ ਦੀਆਂ ਚੋਣਾਂ ਵਿਚ ਦੋਵਾਂ ਪਰਿਵਾਰਾਂ ਦੇ ਪੁੱਤਰ ਅੱਗੇ ਆ ਰਹੇ ਹਨ। ਚਰਚਾ ਨਿਤੀਸ਼ ਦੇ ਬੇਟੇ ਨਿਸ਼ਾਂਤ ਕੁਮਾਰ ਦੀ ਸਿਆਸਤ ਵਿਚ ਐਂਟਰੀ ਦੀ ਵੀ ਹੋ ਰਹੀ ਹੈ। ਲਾਲੂ ਪ੍ਰਸਾਦ ਦਾ ਪਰਿਵਾਰ ਤਾਂ ਪਹਿਲਾਂ ਹੀ ਆਪਣੀ ਭੂਮਿਕਾ ਨਿਭਾ ਰਿਹਾ ਹੈ। ਉਨ੍ਹਾਂ ਦਾ ਵੱਡਾ ਬੇਟਾ ਤੇਜ ਪ੍ਰਤਾਪ ਪਰਿਵਾਰ ਵੱਲੋਂ ਵੱਧ ਸਰਗਰਮ ਹੈ। ਦੂਜੇ ਪਾਸੇ ਪ੍ਰਸ਼ਾਂਤ ਕਿਸ਼ੋਰ ਵੀ ਬਿਹਾਰ ਵਿਚ ਆਪਣੀ ਸਿਆਸੀ ਭੂਮਿਕਾ ਨਿਭਾਉਣ ਲਈ ਤਿਆਰ ਬੈਠਾ ਹੈ।

ਚੋਣ ਸਰਗਰਮੀਆਂ ਦੇ ਦੌਰਾਨ ਦੋਵਾਂ ਧਿਰਾਂ ਦੇ ਨੇਤਾਵਾਂ ਵਿਚ ਸ਼ਬਦੀ-ਜੰਗ ਛਿੜ ਚੁੱਕੀ ਹੈ। ਨੇਤਾਵਾਂ ਵੱਲੋਂ ਸ਼ਬਦਾਂ ਦੀ ਮਰਿਆਦਾ ਭੁਲਾਈ ਜਾ ਚੁੱਕੀ ਹੈ। ਸਰਕਾਰੀ ਧਿਰ ਵੱਲੋਂ ਜਿੱਥੇ ਵੋਟਰਾਂ ਨੂੰ ਭਰਮਾਉਣ ਲਈ ਸੁਵਿਧਾਵਾਂ ਦੇਣ ਦਾ ਦੌਰ ਸ਼ੁਰੂ ਹੋ ਚੁੱਕਾ ਹੈ, ਉਥੇ ਨਿਤੀਸ਼ ਕੁਮਾਰ ਵੱਲੋਂ ਬਿਹਾਰ ਵਿਚ ਮੁਫ਼ਤ ਬਿਜਲੀ ਸਹੂਲਤ ਦੇਣ ਦਾ ਐਲਾਨ ਵੀ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਵੱਲੋਂ "ਬਿਹਾਰ-ਜੰਗ" ਜਿੱਤਣ ਲਈ ਬਿਹਾਰ 'ਚ ਨਵੇਂ ਪ੍ਰੋਜੈਕਟਾਂ ਦਾ ਹੜ੍ਹ ਲਿਆਂਦਾ ਜਾ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਯੋਜਨਾਵਾਂ, ਪਰਿਯੋਜਨਾਵਾਂ ਅਤੇ ਭਲਾਈ ਸਕੀਮਾਂ ਦਾ ਲਾਭ ਆਮ ਬਿਹਾਰੀ ਜਨਤਾ ਤੱਕ ਪੁੱਜਦਾ ਵੀ ਹੈ ਜਾਂ ਨਹੀਂ।

ਬਿਹਾਰ ਦੇ ਲੋਕ ਅੱਤ ਦੀ ਗ਼ਰੀਬੀ ਹੰਢਾਉਂਦਿਆਂ ਪ੍ਰਵਾਸ ਦੇ ਰਾਹ ਪੈ ਗਏ ਹਨ ਅਤੇ ਪੈ ਰਹੇ ਹਨ। ਕਾਰਨ ਇੱਕੋ ਹੀ ਹੈ - ਬਿਹਾਰ ਵਿਚ ਰੁਜ਼ਗਾਰ ਦੀ ਕਮੀ ਹੈ, ਸਿੱਖਿਆ ਦੀ ਕਮੀ ਹੈ, ਭ੍ਰਿਸ਼ਟਾਚਾਰ ਜ਼ੋਰਾਂ 'ਤੇ ਹੈ। ਗੈਂਗਵਾਰ, ਕਾਨੂੰਨ ਵਿਵਸਥਾ ਆਜ਼ਾਦੀ ਤੋਂ ਬਾਅਦ ਕਿਸੇ ਵੀ ਰਾਜ ਸਰਕਾਰ ਦੇ ਕਾਬੂ 'ਚ ਨਹੀਂ ਆ ਸਕੀ। ਨਤੀਜੇ ਵਜੋਂ ਲੋਕ ਘਰ ਛੱਡ ਕੇ ਮਹਾਰਾਸ਼ਟਰ, ਪੰਜਾਬ, ਹਰਿਆਣਾ ਅਤੇ ਦੇਸ਼ ਦੇ ਹੋਰ ਸੂਬਿਆਂ ਵਿਚ ਰੁਜ਼ਗਾਰ ਲਈ ਜਾਂਦੇ ਹਨ। ਕਈ ਵਾਰੀ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਉਹ ਉਥੇ ਹੀ ਪੱਕੇ ਤੌਰ 'ਤੇ ਠਹਿਰ ਜਾਂਦੇ ਹਨ। ਲੱਖਾਂ ਦੀ ਗਿਣਤੀ ਵਿਚ ਬਿਹਾਰ ਦੇ ਲੋਕ ਪੰਜਾਬ ਵਿਚ ਵੀ ਫੈਲੇ ਹੋਏ ਹਨ, ਜਿੱਥੇ ਉਹ ਆਪਣੀ ਰਿਹਾਇਸ਼ ਅਤੇ ਕਾਰੋਬਾਰ ਸਥਾਪਿਤ ਕਰ ਚੁੱਕੇ ਹਨ। ਇਨ੍ਹਾਂ ਲੋਕਾਂ ਵਿਚੋਂ ਬਹੁਤੇ ਬਾਹਰਲੇ ਸੂਬਿਆਂ ਵਿਚ ਜਾਂਦੇ ਹਨ, ਰੋਜ਼ੀ-ਰੋਟੀ ਕਮਾਉਂਦੇ ਹਨ ਅਤੇ ਤਿਥ-ਤਿਉਹਾਰਾਂ 'ਤੇ ਘਰੀਂ ਪਰਤਦੇ ਹਨ। ਪਰ ਐਤਕੀਂ ਕਿਉਂਕਿ ਬਿਹਾਰ ਵਿਧਾਨ ਸਭਾ ਚੋਣਾਂ ਦਿਵਾਲੀ, ਦੁਸਹਿਰਾ ਆਦਿ ਤਿਉਹਾਰਾਂ ਦੇ ਨੇੜੇ ਆਉਣੀਆਂ ਹਨ, ਅਜਿਹੀ ਸਥਿਤੀ ਵਿਚ ਇਹ ਪ੍ਰਵਾਸੀ ਬਿਹਾਰੀ ਇਸ ਵਾਰ ਦੀਆਂ ਬਿਹਾਰ ਚੋਣਾਂ ਵਿਚ ਆਪਣੀ ਵੋਟ ਦੀ ਵਰਤੋਂ ਕਰਨਗੇ।

ਬਿਹਾਰ ਦੇ ਨੇਤਾਵਾਂ ਵਿਚ ਹੁਣ ਹਰਿਆਣਾ, ਪੰਜਾਬ ਅਤੇ ਮਹਾਰਾਸ਼ਟਰ ਵਾਂਗਰ ਇੱਕ ਪਾਰਟੀ ਤੋਂ ਦੂਜੀ ਪਾਰਟੀ ਵਿਚ ਆਉਣਾ-ਜਾਣਾ ਆਮ ਹੋ ਗਿਆ ਹੈ। ਇਹ ਪ੍ਰਵਿਰਤੀ ਜੋ ਕਿ ਆਮ ਲੋਕਾਂ ਨਾਲ ਧੋਖਾ ਹੈ, ਵੱਧਦੀ ਜਾ ਰਹੀ ਹੈ। ਬਿਹਾਰ ਚੋਣਾਂ ਵਿਚ ਇਹ ਦਲ-ਬਦਲੀ ਆਮ ਹੋਣ ਦੀ ਸੰਭਾਵਨਾ ਹੈ।

ਬਿਹਾਰ ਚੋਣਾਂ 'ਚ ਕੌਣ ਜਿੱਤੇਗਾ, ਇਸ ਬਾਰੇ ਅੰਦਾਜ਼ੇ ਹੁਣੇ ਤੋਂ ਲੱਗਣੇ ਸ਼ੁਰੂ ਹੋ ਗਏ ਹਨ। ਬਹਿਸਾਂ ਸਰਵੇ, ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਜੰਗ ਤੇਜ਼ ਹੋ ਚੁੱਕੀ ਹੈ। ਬਿਹਾਰ ਵਿਚ ਸਮੀਕਰਨ ਵੀ ਬਦਲ ਰਹੇ ਹਨ। ਉਹ ਆਮ ਲੋਕ, ਜੋ ਵੋਟਾਂ ਦੇ ਸ਼ੁੱਧੀਕਰਨ ਦੀ ਭੇਂਟ ਚੜ੍ਹ ਰਹੇ ਹਨ, ਉਨ੍ਹਾਂ ਦਾ ਵਤੀਰਾ ਕੀ ਹੋਵੇਗਾ, ਇਹ ਵੇਖਣਾ ਵੀ ਦਿਲਚਸਪ ਹੋਵੇਗਾ।

ਬਿਹਾਰ ਵਿਚ ਚੋਣਾਂ ਇਸ ਵਾਰ ਮਹੱਤਵਪੂਰਨ ਹਨ, ਕਿਉਂਕਿ ਵੋਟਰਾਂ ਨੂੰ ਵੋਟ ਪਾਉਣ ਦਾ ਅਧਿਕਾਰ ਥਕੇਵੇਂ ਭਰੀ ਇੱਕ ਕਵਾਇਦ ਤੋਂ ਬਾਅਦ ਮੁੜ ਪ੍ਰਾਪਤ ਹੋਏਗਾ। ਇਸ ਅਧਿਕਾਰ ਤੋਂ ਕੁਝ ਲੋਕ ਹਾਲੇ ਵੀ ਵਿਰਵੇ ਰਹਿਣਗੇ। ਗ਼ਰੀਬ ਤੇ ਕਮਜ਼ੋਰ ਤਬਕੇ ਦੇ ਵੋਟਰ ਭਾਵੇਂ ਅਸਿੱਖਿਅਤ ਹੁੰਦੇ ਹਨ, ਪਰ ਸਮੂਹਿਕ ਰੂਪ ਵਿਚ ਆਮ ਤੌਰ 'ਤੇ ਉਨ੍ਹਾਂ ਦੀ ਸਮਝ ਡੂੰਘੀ ਹੁੰਦੀ ਹੈ।

ਉਹ ਜਾਣਦੇ ਹਨ ਕਿ ਉਨ੍ਹਾਂ ਦੀ ਸੁਚੱਜੇ ਢੰਗ ਨਾਲ ਨੁਮਾਇੰਦਗੀ ਕਰਨ ਵਾਲਾ ਕੌਣ ਹੋ ਸਕਦਾ ਹੈ। ਉਹ ਇਹ ਵੀ ਜਾਣਦੇ ਹਨ ਕਿ ਸੱਤਾ ਵਿਚ ਭਾਵੇਂ ਕੋਈ ਵੀ ਧਿਰ ਹੋਵੇ, ਪਰ ਹਰ ਪੰਜ ਸਾਲ ਬਾਅਦ ਉਨ੍ਹਾਂ ਕੋਲ ਇੱਕ ਮੌਕਾ ਹੁੰਦਾ ਹੈ - ਸੱਤਾ ਧਿਰ ਨੂੰ ਬਾਹਰ ਦਾ ਰਸਤਾ ਵਿਖਾਉਣ ਦਾ ਜਾਂ ਘੱਟੋ-ਘੱਟ ਆਪਣੇ ਗੁੱਸੇ ਤੇ ਨਰਾਜ਼ਗੀ ਨੂੰ ਵੋਟ ਰਾਹੀਂ ਜ਼ਾਹਿਰ ਕਰਨ ਦਾ।

ਉਨ੍ਹਾਂ ਕੋਲ ਵੋਟ ਇੱਕ ਸਾਧਨ ਹੈ - ਇੱਕ ਅਧਿਕਾਰ, ਜਿਸ ਰਾਹੀਂ ਉਹ ਆਪਣੀਆਂ ਉਮੀਦਾਂ ਨੂੰ ਜ਼ਿੰਦਾ ਰੱਖਦੇ ਹਨ। ਸਮਾਜਿਕ ਹੈਸੀਅਤ ਹਾਸਿਲ ਕਰਨ ਲਈ ਵੀ ਵੋਟ ਇੱਕ ਅਹਿਮ, ਵਿਅਕਤੀਗਤ ਤੇ ਸਮੂਹਿਕ ਸੰਦ ਹੈ।

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



# ਗੁਰਪ੍ਰੀਤ ਸਿੰਘ ਜਖਵਾਲੀ ਦਾ ਕਾਵਿ ਸੰਗ੍ਰਹਿ 'ਪੰਛੀ ਤੇ ਕੁਦਰਤ' ਬੱਚਿਆਂ ਲਈ ਮਾਰਗ ਦਰਸ਼ਕ

ਗੁਰਪ੍ਰੀਤ ਸਿੰਘ ਜਖਵਾਲੀ ਇੱਕ ਪੱਤਰਕਾਰ, ਬਾਲ ਕਵੀ ਤੇ ਮਿੰਨੀ ਕਹਾਣੀ ਲੇਖਕ ਹੈ। ਉਸਦੀਆਂ ਕਵਿਤਾਵਾਂ ਇੱਕ ਸਾਂਝੇ ਕਾਵਿ ਸੰਗ੍ਰਹਿ 'ਕਲਮ ਕਾਫਲਾ' ਵਿਚ ਪ੍ਰਕਾਸ਼ਤ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਅਖ਼ਬਾਰਾਂ ਅਤੇ ਬਾਲ ਰਸਾਲਿਆਂ ਵਿਚ ਵੀ ਪ੍ਰਕਾਸ਼ਤ ਹੁੰਦੀਆਂ ਰਹਿੰਦੀਆਂ ਹਨ। ਉਸਦਾ 'ਪੰਛੀ ਤੇ ਕੁਦਰਤ' ਪਲੇਠਾ ਕਾਵਿ ਸੰਗ੍ਰਹਿ ਹੈ। ਗੁਰਪ੍ਰੀਤ ਸਿੰਘ ਜਖਵਾਲੀ ਦਾ ਬਾਲ ਕਾਵਿ ਸੰਗ੍ਰਹਿ 'ਪੰਛੀ ਤੇ ਕੁਦਰਤ' ਬੱਚਿਆਂ ਲਈ ਮਾਰਗ ਦਰਸ਼ਕ ਸਾਬਤ ਹੋ ਸਕਦਾ ਹੈ। ਉਸਨੂੰ ਸਾਹਿਤਕ ਮਸ ਸਕੂਲ ਵਿਚ ਪੜ੍ਹਦਿਆਂ ਹੀ ਲੱਗ ਗਿਆ ਸੀ, ਪ੍ਰੰਤੂ ਅਮਲੀ ਰੂਪ ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਹੀ ਦਿੱਤਾ ਗਿਆ। ਇਸ ਕਾਵਿ ਸੰਗ੍ਰਹਿ ਵਿਚ ਉਸਦੀਆਂ 61 ਕਵਿਤਾਵਾਂ ਅਤੇ 2 ਗੀਤ ਸ਼ਾਮਲ ਹਨ। ਬੱਚਿਆਂ ਨਾਲ ਸੰਬੰਧਤ ਰਚਨਾਵਾਂ ਲਿਖਣੀਆਂ ਮੁਸ਼ਕਲ ਹੁੰਦੀਆਂ ਹਨ, ਕਿਉਂਕਿ ਕਵੀ ਨੂੰ ਬਾਲਗ ਅਵਸਥਾ 'ਚੋਂ ਨਿਕਲਕੇ ਬਾਲ ਅਵਸਥਾ ਵਿਚ ਪਹੁੰਚਣਾ ਪੈਂਦਾ ਹੈ। ਬਾਲ ਮਨ ਬਹੁਤ ਹੀ ਕੋਮਲ ਹੁੰਦੇ ਹਨ, ਉਨ੍ਹਾਂ ਨੂੰ ਜਿਸ ਪ੍ਰਕਾਰ ਢਾਲ ਲਿਆ ਜਾਵੇ, ਬਿਲਕੁਲ ਉਸੇ ਤਰ੍ਹਾਂ ਹੋ ਜਾਂਦੇ ਹਨ। ਗੁਰਪ੍ਰੀਤ ਸਿੰਘ ਜਖਵਾਲੀ ਨੇ ਆਪਣੀਆਂ ਕਵਿਤਾਵਾਂ/ਗੀਤਾਂ ਦੇ ਵਿਸ਼ੇ ਬਾਕਮਾਲ ਚੁਣੇ ਹਨ। ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ/ਗੀਤ ਬਾਲ ਮਨਾਂ 'ਤੇ ਗਹਿਰਾ ਪ੍ਰਭਾਵ ਪਾਉਣ ਵਾਲੇ ਹਨ। ਇਨ੍ਹਾਂ ਕਵਿਤਾਵਾਂ/ਗੀਤਾਂ ਦੇ ਵਿਸ਼ੇ ਇਨਸਾਨ ਦੇ ਰੋਜ਼ਾਨਾ ਜ਼ਿੰਦਗੀ ਵਿਚ ਕੰਮ ਆਉਣ ਵਾਲੇ ਹਨ। ਇਹ ਵਿਸ਼ੇ ਬਾਲਾਂ ਨੂੰ ਸਹੀ ਸੇਧ ਦੇਣ ਵਾਲੇ ਹਨ, ਤਾਂ ਜੋ ਬੱਚੇ ਅਨੁਸ਼ਾਸਨ ਵਿਚ ਰਹਿੰਦੇ ਹੋਏ ਆਪਣੇ ਜੀਵਨ ਵਿਚ ਸਫ਼ਲ ਹੋ ਸਕਣ। ਵਿਸ਼ੇ ਵੀ ਵੰਨ-ਸੁਵੰਨੇ ਅਤੇ ਰੰਗ-ਬਿਰੰਗੇ ਹਨ, ਜਿਨ੍ਹਾਂ ਵਿਚ ਵਾਤਾਵਰਨ, ਪਾਣੀ, ਹਵਾ, ਰੁੱਖ, ਟ੍ਰੈਫਿਕ, ਕਾਨੂੰਨ, ਸਫਾਈ, ਸਿਹਤ, ਬਿਜਲੀ ਦੀ ਬਚਤ, ਪ੍ਰਕ੍ਰਿਤੀ, ਖੇਡਾਂ, ਸੱਭਿਆਚਾਰ, ਪੜ੍ਹਾਈ, ਅਧਿਆਪਕਾਂ ਦਾ







ਸਤਿਕਾਰ, ਠੰਡ ਤੋਂ ਬਚਾਅ, ਮੋਬਾਈਲਾਂ ਦੀ ਦੁਰਵਰਤੋਂ ਆਦਿ ਸ਼ਾਮਲ ਹਨ। ਇਸ ਕਾਵਿ ਸੰਗ੍ਰਹਿ ਦੀ ਇੱਕ ਹੋਰ ਖ਼ੂਬੀ ਹੈ, ਕਵਿਤਾਵਾਂ/ਗੀਤਾਂ ਦੇ ਨਾਲ ਤਸਵੀਰਾਂ ਵੀ ਦਿੱਤੀਆਂ ਗਈਆਂ ਹਨ, ਕਿਉਂਕਿ ਬੱਚੇ ਤਸਵੀਰਾਂ ਤੋਂ ਜ਼ਿਆਦਾ ਪ੍ਰਭਾਵਤ ਹੁੰਦੇ ਹਨ।

'ਪੰਛੀ ਤੇ ਕੁਦਰਤ' ਕਾਵਿ ਸੰਗ੍ਰਹਿ ਵਿਚ ਭਾਵੇਂ ਨਿੱਕੀਆਂ-ਨਿੱਕੀਆਂ ਗੱਲਾਂ ਸੰਬੰਧੀ ਕਵਿਤਾਵਾਂ/ਗੀਤ ਲਿਖੇ ਗਏ ਹਨ, ਪ੍ਰੰਤੂ ਇਹ ਬਹੁਤ ਹੀ ਕੀਮਤੀ ਗੱਲਾਂ ਹੁੰਦੀਆਂ ਹਨ, ਜਿਹੜੀਆਂ ਬੱਚਿਆਂ ਨੂੰ ਸਾਰੀ ਉਮਰ ਸਫਲ ਜੀਵਨ ਜਿਊਣ ਵਿਚ ਸਹਾਈ ਹੋਣਗੀਆਂ। 'ਮੇਰਾ ਪਿੰਡ' ਤੇ 'ਇਨਸਾਨੀਅਤ ਦਾ ਪਾਠ' ਕਵਿਤਾਵਾਂ ਵਿਚ ਧਾਰਮਿਕ ਸਦਭਾਵਨਾ ਬਾਰੇ ਜਾਣਕਾਰੀ ਦਿੱਤੀ ਗਈ ਹੈ ਕਿ ਪਿੰਡਾਂ ਵਿਚ ਸਾਰੇ ਧਰਮਾਂ ਦੇ ਧਾਰਮਿਕ ਸਥਾਨ ਹੁੰਦੇ ਹਨ ਤੇ ਉਨ੍ਹਾਂ ਤੋਂ ਆਪਸੀ ਪਿਆਰ-ਮੁਹੱਬਤ ਦਾ ਸੰਦੇਸ਼ ਮਿਲਦਾ ਹੈ। 'ਪੱਗ' ਵਿਚ ਦਸਤਾਰ ਦੀ ਅਹਿਮੀਅਤ ਅਤੇ ਸਤਿਕਾਰ ਬਾਰੇ ਵਰਣਨ ਕੀਤਾ ਗਿਆ ਹੈ। ਏਸੇ ਤਰ੍ਹਾਂ 'ਸ਼ਰਾਬ' ਸਿਰਲੇਖ ਵਾਲੀ ਕਵਿਤਾ ਵਿਚ ਨਸ਼ਿਆਂ ਦੇ ਨੁਕਸਾਨ ਬਾਰੇ ਚਾਨਣਾ ਪਾਇਆ ਗਿਆ ਹੈ। 'ਟਾਈਮ ਪੀਸ', 'ਸਮੇਂ ਦੀਆਂ ਬਾਤਾਂ', 'ਇੱਕ ਮਿੰਟ' ਤੇ 'ਸਮਾਂ' ਵਿਚ ਸਮੇਂ ਦੀ ਕਦਰ, 'ਬਿਲੀ ਦਾ ਮੂੰਹ' ਲਾਲਚ, ਧੋਖੇ ਤੋਂ ਬਚਣ, 'ਚੂਹੇ ਤੇ ਬਿੱਲੀ ਦੀ ਕਲਾਸ' ਲੜਾਈ ਦੇ ਨੁਕਸਾਨ, 'ਚਾਚੂ ਸੁਪਰ ਸਟਾਰ' 'ਮੇਰੇ ਪਾਪਾ' ਤੇ 'ਮਿਹਨਤ' ਵਿਚ ਮਿਹਨਤ ਦੇ ਲਾਭ, 'ਇਸ਼ਨਾਨ' ਤੰਦਰੁਸਤੀ ਤੇ ਫੁਰਤੀ,

**72 ਪੰਨਿਆਂ, 150 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਜੇ.ਪੀ. ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।**

'ਪਿਆਰਾ ਕੁੱਤਾ' ਵਫ਼ਾਦਾਰੀ, 'ਸਾਈਕਲ' ਤੇ 'ਮੋਟਰ ਕਾਰ' ਸਿਹਤਮੰਦ ਰਹਿਣ ਅਤੇ ਪੈਟਰੋਲ ਤੇ ਡੀਜ਼ਲ ਦੀ ਫ਼ਜ਼ੂਲ ਖ਼ਰਚੀ ਤੋਂ ਪ੍ਰਹੇਜ਼ ਕਰਨ ਦੀ ਸਲਾਹ ਦਿੱਤੀ ਗਈ ਹੈ। 'ਅਖ਼ਬਾਰ' ਕਵਿਤਾ ਵਿਚ ਪੜ੍ਹਨ ਦੀ ਤਾਕੀਦ ਵੀ ਕੀਤੀ ਗਈ ਹੈ, ਤਾਂ ਜੋ ਬੱਚੇ ਸਾਹਿਤ ਨਾਲ ਜੁੜ ਸਕਣ ਤੇ ਪੜ੍ਹਾਈ ਕਰਨ ਦੀ ਪ੍ਰਵਿਰਤੀ ਬਰਕਰਾਰ ਰਹੇ। 'ਮਾਂ' ਇਨਸਾਨੀ ਰਿਸ਼ਤਿਆਂ ਦੀ ਸਿੱਖਿਆ ਤੇ ਆਤਮ ਵਿਸ਼ਵਾਸ ਦਿੰਦੀ ਹੈ। 'ਸਿਲਾਈ ਮਸ਼ੀਨ' ਹੱਥ ਨਾਲ ਘਰੇਲੂ ਕੰਮ ਕਰਨ ਦੀ ਪ੍ਰੇਰਨਾ ਦਿੰਦੀ ਹੈ। ਕਵਿਤਾਵਾਂ ਰਾਹੀਂ ਖ਼ੂਨਦਾਨ ਕਰਨ ਅਤੇ ਦੀਵਾਲੀ ਵਰਗੇ ਹੋਰ ਤਿਉਹਾਰਾਂ 'ਤੇ ਵੀ ਪ੍ਰਦੂਸ਼ਣ ਤੋਂ ਬਚਣ ਲਈ ਪਟਾਕੇ ਨਾ ਚਲਾਉਣਾ ਆਦਿ ਦੀਆਂ ਵਧੀਆ ਨਸੀਹਤਾਂ ਬੱਚਿਆਂ ਨੂੰ ਦਿੱਤੀਆਂ ਗਈਆਂ ਹਨ। ਲਗਪਗ ਸਾਰੀਆਂ ਕਵਿਤਾਵਾਂ/ਗੀਤ ਹੀ ਬੱਚਿਆਂ ਲਈ ਸਿੱਖਿਆਦਾਇਕ ਹਨ। 'ਪਾਣੀ' ਕਵਿਤਾ ਵਿਚ ਕਵੀ ਲਿਖਦਾ ਹੈ:-

**ਜੋ ਪਾਣੀ ਦੀ ਕਦਰ ਨਾ ਕਰਦੇ, ਘਾਣ ਉਹ ਕੁਦਰਤ ਦਾ ਕਰਦੇ।**
**ਪਾਣੀ ਜੇ ਅਸੀਂ ਬਚਾਵਾਂਗੇ, ਲੰਮੀਆਂ ਉਮਰਾਂ ਪਾਵਾਂਗੇ।**
**ਆਓ ਸਾਰੇ ਸੌਂਹ ਇਹ ਖਾਈਏ, ਵੱਧ ਤੋਂ ਵੱਧ ਪਾਣੀ ਬਚਾਈਏ।**

'ਰੁੱਖ' ਸਿਰਲੇਖ ਵਾਲੀ ਕਵਿਤਾ ਦੇ ਸ਼ਿਅਰ ਹਨ:-

**ਪੰਛੀਆਂ ਨੇ ਵੇਖੀਂ ਘਰ ਬਣਾਉਣੇ,**
**ਗੀਤ ਖ਼ੁਸ਼ਹਾਲੀ ਦੇ ਰਲਕੇ ਗਾਉਣੇ।**
**ਧਰਤੀ ਪਾਣੀ ਦੇ ਇਹ ਰਾਖੇ, ਰੁੱਖ ਲਗਾਓ ਨੂਰ ਇਹ ਆਖੇ।**
**ਆਓ ਸਾਰੇ ਆਪਣਾ ਫ਼ਰਜ਼ ਨਿਭਾਈਏ,**
**ਇੱਕ-ਇੱਕ ਰੁੱਖ ਜ਼ਰੂਰ ਲਗਾਈਏ।**

ਇਸ ਤੋਂ ਇਲਾਵਾ ਉਸ ਦੀਆਂ ਕਵਿਤਾਵਾਂ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਵਿਸ਼ਿਆਂ, ਜਿਨ੍ਹਾਂ ਵਿਚ ਭ੍ਰਿਸ਼ਟਾਚਾਰ, ਚੋਰੀ, ਠੱਗੀ, ਧੋਖਾ, ਫਰੇਬ, ਝੂਠ, ਫ਼ਰਜ਼ਾਂ, ਹੱਕਾਂ, ਮਨੁੱਖੀ ਅਧਿਕਾਰਾਂ ਅਤੇ ਇਨਸਾਫ਼ ਬਾਰੇ ਵੀ ਹਨ। ਗੁਰਪ੍ਰੀਤ ਸਿੰਘ ਜਖਵਾਲੀ ਦਾ ਸੰਬੰਧ ਪਿੰਡਾਂ ਨਾਲ ਹੋਣ ਕਰਕੇ ਉਹ ਦਿਹਾਤੀ ਬੱਚਿਆਂ ਦੀ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਸਮਝਦਾ ਹੈ। ਉਸਦਾ ਜਨਮ ਪਟਿਆਲਾ ਜ਼ਿਲ੍ਹੇ ਦੇ ਪਿੰਡ ਜਖਵਾਲੀ ਵਿਖੇ 27 ਫਰਵਰੀ 1981 ਨੂੰ ਪਿਤਾ ਸ਼ਾਦੀ ਰਾਮ, ਮਾਤਾ ਸਰਦਾਰ ਕੌਰ ਦੇ ਘਰ ਹੋਇਆ। ਹੁਣ ਇਹ ਪਿੰਡ ਫ਼ਤਿਹਗੜ੍ਹ ਜ਼ਿਲ੍ਹੇ ਵਿਚ ਹੈ। ਉਸਦਾ ਵਿਆਹ ਮਨਦੀਪ ਕੌਰ ਢਿੱਲੋਂ ਨਾਲ ਹੋਇਆ, ਉਨ੍ਹਾਂ ਦੇ ਤਿੰਨ ਬੱਚੇ ਗੁਰਮਹਿਕ ਢਿੱਲੋਂ, ਹਰਨੂਰ ਸਿੰਘ ਅਤੇ ਅਵਲੀਨ ਢਿੱਲੋਂ ਹਨ। ਗੁਰਪ੍ਰੀਤ ਸਿੰਘ ਜਖਵਾਲੀ ਦੀਆਂ ਕਵਿਤਾਵਾਂ ਬੱਚਿਆਂ ਦੇ ਦਿਲਾਂ 'ਤੇ ਸਿੱਧਾ ਅਸਰ ਕਰਨ ਵਾਲੀਆਂ ਹਨ। ਭਵਿੱਖ ਵਿਚ ਵੀ ਗੁਰਪ੍ਰੀਤ ਸਿੰਘ ਜਖਵਾਲੀ ਕੋਲੋਂ ਚੰਗੀਆਂ ਬਾਲ ਕਵਿਤਾਵਾਂ ਲਿਖਣ ਦੀ ਆਸ ਕੀਤੀ ਜਾ ਸਕਦੀ ਹੈ।

# ਕੁਝ ਸਵਾਲ ਅਤੇ ਬੇਨਤੀਆਂ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
ਪੰਜਾਬ ਮੇਲ USA



ਖਾਲਸੇ ਨੇ ਖਾਲਸਾ ਰਾਜ ਦੇ ਦੌਰਾਨ!! ਉਸ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਬਹੁਤ ਬਹਾਦਰੀ ਭਰੇ, ਭਾਈਚਾਰਕ ਸਾਂਝ ਸਾਂਭਣ ਵਾਲੇ, ਭਾਈ ਘਨ੍ਹਈਆ ਜੀ ਵਾਂਗ ਸੇਵਾ ਭਾਵਨਾ ਵਿਚ ਗੁੱਝ ਕੇ ਵੀ ਸਭ ਦਾ ਮਨ ਮੋਹ ਲੈਣ ਵਾਲੇ ਹੈਰਤ ਅੰਗੇਜ਼ ਕੰਮ ਕੀਤੇ ਹਨ ਅਤੇ ਕੁਰਬਾਨੀਆਂ ਦਿੱਤੀਆਂ ਹਨ, ਜਿਨ੍ਹਾਂ ਵਿਚ ਪੰਜਾ ਸਾਹਿਬ ਅਤੇ ਨਨਕਾਣਾ ਸਾਹਿਬ ਦੇ ਸਾਕੇ ਵਿਸ਼ੇਸ਼ ਮਹੱਤਵ ਰੱਖਦੇ ਹਨ। ਪੁਰਾਤਨ ਅਤੇ ਅਜੋਕੇ ਸਮੇਂ ਵਿਚ ਖ਼ਾਲਸੇ ਵੱਲੋਂ ਨਿਭਾਈਆਂ ਸੇਵਾਵਾਂ ਬਦਲੇ ਸਭ ਧਰਮਾਂ ਅਤੇ ਰਾਜਨੀਤਿਕ ਲੋਕਾਂ ਵੱਲੋਂ ਇਨ੍ਹਾਂ ਦੀ ਸ਼ਲਾਘਾ ਕੀਤੀ ਗਈ। ਗੁਰੂ ਸਾਹਿਬਾਨ ਉਪਰੰਤ ਮੀਰ ਮੰਨੂ, ਜਕਰੀਆ ਖਾਂ, ਅਹਿਮਦ ਸ਼ਾਹ ਅਬਦਾਲੀ, ਮੱਸਾ ਰੰਘੜ ਵਰਗਿਆਂ ਵੱਲੋਂ ਕੀਤੇ ਜ਼ੁਲਮ ਤਾਂ ਅਸਹਿ ਅਤੇ ਅਕਹਿ ਸਨ। ਪਰ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਤਾਂ ਵਾਕਿਆ ਹੀ ਰੂਹ ਕੰਬਾਊ ਸਜ਼ਾ ਸੀ। ਏਨਾ ਕੁਝ ਹੋ ਜਾਣ ਦੇ ਬਾਵਜੂਦ ਖਾਲਸਾ ਡੋਲਿਆ ਨਹੀਂ, ਨਾ ਹੀ ਵਿਕਿਆ ਸੀ। ਇਥੋਂ ਤੱਕ ਕਿ 1947 ਦੀ ਵੰਡ ਕਰਵਾ ਕੇ ਸਭ ਤੋਂ ਵੱਧ ਦੁੱਖ ਖਾਲਸਾ ਪੰਥ ਨੇ ਸਹਾਰ ਕੇ ਸੀ ਤੱਕ ਨਹੀਂ ਸੀ ਕੀਤੀ। ਬੇਸ਼ੱਕ ਗੁਰਦੁਆਰਾ ਪੰਜਾ ਸਾਹਿਬ ਅਤੇ ਨਨਕਾਣਾ ਸਾਹਿਬ ਸਮੇਤ ਅਨੇਕਾਂ ਅਸਥਾਨ ਹਮੇਸ਼ਾਂ ਵਾਸਤੇ ਖੁੱਸ ਗਏ। ਇਥੇ ਇਹ ਦੱਸਣਯੋਗ ਹੈ ਕਿ 1947 ਤੋਂ ਬਾਅਦ ਖਾਲਸਾ ਨੂੰ ਏਨਾ ਵੱਡਾ ਖੋਰਾ ਲੱਗਾ ਕਿ ਖਾਲਸੇ ਵੱਲੋਂ ਕੀਤੀਆਂ ਕੁਰਬਾਨੀਆਂ ਉੱਤੇ ਕੁਝ ਸਿੱਖ ਹੀ ਕਿੰਤੂ ਕਰਨ ਲੱਗ ਪਏ ਜਾਂ ਕਿੰਤੂ ਕਰਨ ਲਾ ਦਿੱਤੇ ਗਏ। ਖਾਲਸਾ ਜੀ ਆਪਾਂ ਗੁਰੂ ਵੱਲੋਂ ਸਾਜੇ ਨਿਵਾਜੇ ਖਾਲਸਾ ਪੰਥ ਨੂੰ ਖੱਖੜੀਆਂ ਕਰੇਲੇ ਕਿਉਂ ਕਰ ਦਿੱਤਾ, ਸਾਡੇ ਵਿਚ ਤਰੇੜਾਂ ਪੈਣ ਕਾਰਨ ਕੌਮ ਦੋਖੀਆਂ ਨੇ ਰੱਜ ਕੇ ਲਾਹਾ ਲਿਆ ਅਤੇ ਸਿੱਖ ਕੌਮ ਦਾ ਜਿੰਨਾ ਹੋ ਸਕਿਆ, ਨੁਕਸਾਨ ਕੀਤਾ। ਜੇ ਸਰਸਰੀ ਨਿਗ੍ਹਾ ਨਾਲ ਵੇਖਿਆ ਜਾਵੇ, ਤਾਂ ਜਿੰਨਾ ਦੋਸ਼ ਨੁਕਸਾਨ ਕਰਨ ਵਾਲਿਆਂ ਦਾ ਹੈ, ਉਸ ਤੋਂ ਜ਼ਿਆਦਾ ਪੰਥ ਵਿਚ ਫੁੱਟ ਪਾ ਕੇ ਨੁਕਸਾਨ ਕਰਾਉਣ ਵਾਲਿਆਂ ਦਾ ਹੈ। ਪਹਿਲਾਂ ਮਹਾਰਾਜਾ ਰਣਜੀਤ ਸਿੰਘ ਵਾਲਾ ਰਾਜ ਟੋਟੇ ਕਰਵਾ ਲਿਆ, ਫਿਰ ਬਚੇ-ਖੁਚੇ ਪੰਜਾਬ ਦੇ ਤਿੰਨ ਟੋਟੇ ਕਰਵਾ ਲਏ। ਜਦੋਂ ਪੰਜਾਬ ਛੋਟਾ ਕਰਾਉਣ ਵੇਲੇ ਇਹ ਸ਼ਰਤ ਲਿਖੀ ਸੀ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਦਸ ਸਾਲ ਬਾਅਦ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰ ਦਿੱਤਾ ਜਾਵੇਗਾ, ਉਹ ਕਿਉਂ ਨਾ ਲਿਆ? 1975 ਦੇ ਐਮਰਜੈਂਸੀ ਕਾਲ ਵੇਲੇ ਸਿੱਖ ਲੀਡਰ ਜੇ ਜਨਤਾ ਪਾਰਟੀ ਦਾ ਹਿੱਸਾ ਨਾ ਬਣਦੇ, ਤਾਂ ਭਾਰਤ ਦੀ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਚੰਡੀਗੜ੍ਹ ਇਨ੍ਹਾਂ ਦੇ ਹਵਾਲੇ ਕਰਨ ਤੋਂ ਝਿਜਕਣਾ ਨਹੀਂ ਸੀ, ਫਿਰ ਵੀ ਸਾਡੇ ਲੀਡਰਾਂ ਨੇ ਉਨ੍ਹਾਂ ਲੀਡਰਾਂ ਨਾਲ ਨਹੁੰ-ਮਾਸ ਦਾ ਰਿਸ਼ਤਾ ਕਾਇਮ ਕੀਤਾ, ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾਉਣ ਵੇਲੇ ਖਾਲਸੇ ਨੂੰ ਮਿੱਟੀ ਦੇ ਕਸੋਰੇ ਵਿਚ ਪਾਣੀ ਪਿਲਾਇਆ ਸੀ। ਉਸ ਤੋਂ ਬਾਅਦ ਜੋ ਹੋਇਆ, ਉਹ ਦੱਸਣ ਦੀ ਲੋੜ ਨਹੀਂ, ਸਭ ਨੇ ਅੱਖੀਂ ਡਿੱਠਾ ਅਤੇ ਪਿੰਡੇ 'ਤੇ ਹੰਡਾਇਆ ਹੈ। ਚਲੋ ਜੇ ਇਸ ਨੂੰ ਵੀ ਭੁੱਲ ਜਾਈਏ, ਤਾਂ ਨਸ਼ਿਆਂ ਦੇ ਦਰਿਆ ਨੂੰ ਰੋਕਣ ਵਾਸਤੇ ਸਿੱਖ ਲੀਡਰਸ਼ਿਪ ਜਾਂ ਐੱਸ.ਜੀ.ਪੀ.ਸੀ. ਨੇ ਕੀ ਕੀਤਾ? ਪੰਜਾਬ ਵਿਚੋਂ ਜਾਂਦੇ ਪਾਣੀ ਨੂੰ ਰੋਕਣਾ ਤਾਂ ਕੀ ਸੀ, ਉਲਟਾ ਵਧਾ ਦਿੱਤਾ ਗਿਆ, ਕਿਸਾਨੀ ਬਿਜਲੀ ਮੁਫ਼ਤ ਦੇ ਕੇ ਧਰਤੀ ਹੇਠਲਾ ਪਾਣੀ ਖ਼ਤਮ ਕਰ ਦਿੱਤਾ। ਦੂਜਾ ਪੰਜਾਬ ਰਾਜ ਬਿਜਲੀ ਬੋਰਡ ਕਰਜ਼ਾਈ ਹੋ ਕੇ ਖ਼ਤਮ ਹੋ ਗਿਆ, ਮੁਲਾਜ਼ਮਾਂ ਦੀ ਸਖਤ ਘਾਟ ਹੈ ਬਿਜਲੀ ਬੋਰਡ ਦਾ ਇੱਕ-ਇੱਕ ਖੰਭਾ ਲੱਖ-ਲੱਖ ਰੁਪਏ ਦਾ ਕਰਜ਼ਾਈ ਹੈ। ਥਰਮਲ ਪਲਾਂਟ ਲਾ ਕੇ ਪੰਜਾਬ ਕਰਜ਼ਾਈ ਕਰ ਲਿਆ ਅਤੇ ਆਪਣੀ ਬਿਜਲੀ ਵੱਡੀਆਂ-ਵੱਡੀਆਂ ਟਾਵਰ ਲਾਈਨਾਂ ਲਾਕੇ ਬਿਜਲੀ ਦਿੱਲੀ ਦਰਬਾਰ ਤੇ ਹੋਰ ਸੂਬਿਆਂ ਨੂੰ ਭੇਜੀ, ਜਿਸ ਨਾਲ ਸਿਰਫ ਪੰਜਾਬ ਦੇ ਲੋਕਾਂ ਨੇ ਮਹਿੰਗੀ ਬਿਜਲੀ ਹੀ ਨਹੀਂ ਫੂਕੀ, ਸਗੋਂ ਲੱਖਾਂ ਏਕੜ ਉਪਜਾਊ ਧਰਤੀ ਵੀ ਟਾਵਰ ਲਾਈਨਾਂ ਹੇਠ ਦੇ ਕੇ ਤਬਾਹ ਕਰ ਦਿੱਤੀ। ਧਰਤੀ ਹੇਠਲਾ ਪਾਣੀ ਬਹੁਤ ਡੂੰਘਾ ਹੋਣ ਕਾਰਨ ਮਾਲਵੇ ਖੇਤਰ ਦੇ ਲੋਕਾਂ ਨੂੰ ਬੁੱਢੇ ਦਰਿਆ ਦਾ ਪਾਣੀ ਪੀਣ ਕਾਰਨ ਕੈਂਸਰ ਦੀ ਬੈਲਟ ਬਣਨਾ ਪਿਆ। ਮਹਿੰਗੀ ਬਿਜਲੀ ਹੋਣ ਕਾਰਨ ਸਾਰੇ ਉਦਯੋਗ ਪੰਜਾਬ ਤੋਂ ਬਾਹਰ ਚਲੇ ਗਏ, ਪੈਸੇ ਦੀ ਕਮੀ ਕਾਰਨ ਅਧਿਆਪਕਾਂ, ਲਾਈਨ ਮੈਨਾਂ, ਡਾਕਟਰਾਂ, ਨਰਸਾਂ, ਪੀ.ਡਬਲਯੂ.ਡੀ. ਦੇ ਬੇਲਦਾਰਾਂ ਦੀਆਂ ਭਰਤੀਆਂ ਬੰਦ ਹੋ ਗਈਆਂ, ਪੰਜਾਬ ਦੀ ਨੌਜਵਾਨੀ ਬਾਹਰ ਹਿਜਰਤ ਕਰਨ ਲੱਗੀ, ਜੋ ਸ਼ੁਰੂਆਤ ਵਿਚ ਤਾਂ ਮਜਬੂਰੀ ਸੀ ਅਤੇ ਹੁਣ ਸ਼ੌਕ ਬਣ ਗਿਆ ਹੈ। ਆਉਣ ਵਾਲੇ ਤੀਹ-ਪੈਂਤੀ ਸਾਲ ਨੂੰ ਵੇਖਿਓ ਪੰਜਾਬ ਵਿਚ ਸਿਰਫ ਬਜ਼ੁਰਗ ਲੋਕ ਹੀ ਦਿਸਣਗੇ, ਨੌਜਵਾਨ ਬਿਲਕੁਲ ਨਹੀਂ ਹੋਣਗੇ। ਕਿਉਂਕਿ ਵੀਹ-ਪੱਚੀ ਸਾਲ ਪਹਿਲਾਂ ਜੋ ਵੀ ਵਿਦੇਸ਼ਾਂ ਵਿਚ ਜਾਂਦਾ, ਕਹਿੰਦਾ ਸੀ ਪੰਜ-ਸੱਤ ਸਾਲ ਬਾਅਦ ਵਾਪਸ ਆ ਜਾਣਾ ਹੈ। ਹੁਣ ਉਹੀ ਲੋਕ ਵਿਦੇਸ਼ਾਂ ਵਿਚ ਜਾਣ ਤੋਂ ਪਹਿਲਾਂ ਪਤਾ ਕਰਦੇ ਹਨ ਕਿ ਖੁਦ ਵਿਦੇਸ਼ ਜਾਣ ਤੋਂ ਬਾਅਦ ਫੈਮਿਲੀ ਨੂੰ ਕਿਵੇਂ ਬੁਲਾਉਣਾ ਹੈ। ਪੰਜਾਬ ਦੀ ਇੱਕ ਪੀੜ੍ਹੀ ਖਾੜਕੂਵਾਦ ਦੀ ਭੇਂਟ ਚੜ੍ਹ ਗਈ, ਦੂਜੀ ਹੁਣ ਨਸ਼ਿਆਂ ਦੀ ਭੇਂਟ ਚੜ੍ਹ ਰਹੀ ਹੈ ਅਤੇ ਰਹਿੰਦੀ ਕਸਰ ਵਿਦੇਸ਼ੀ ਚਮਕ-ਦਮਕ ਵਿਚ ਚੁੰਧਿਆਈ ਹੋਈ ਹੈ। ਇਥੇ ਵੀ ਸਾਰੀ ਜ਼ਿੰਮੇਵਾਰੀ ਸਰਕਾਰਾਂ ਅਤੇ ਲੀਡਰਾਂ ਦੀ ਹੈ। ਜੇ ਪੰਜਾਬ ਸਰਕਾਰ ਕਰਜ਼ੇ ਵਿਚ ਨਾ ਡੁੱਬਦੀ ਸਕੂਲਾਂ ਕਾਲਜਾਂ ਵਿਚ ਸਟਾਫ ਨਾ ਘਟਦੇ ਅਤੇ ਲੋਕਾਂ ਨੂੰ ਨੌਕਰੀਆਂ ਮਿਲਦੀਆਂ ਰਹਿੰਦੀਆਂ, ਤਾਂ ਯਕੀਨਨ ਪੰਜਾਬ ਨੇ ਇਹ ਦੌਰ ਨਹੀਂ ਸੀ ਵੇਖਣਾ, ਅਜੇ ਵੀ ਮੌਕਾ ਜਿੰਨਾ ਕੁ ਪੰਜਾਬ ਬਚਿਆ ਹੈ, ਓਨਾ ਹੀ ਸਾਂਭ ਲਿਆ ਜਾਵੇ, ਤਾਂ ਚੰਗੀ ਗੱਲ ਹੈ। ਪੰਜਾਬ ਹੱਸਦਾ-ਵੱਸਦਾ ਰਹੇ, ਇਸ ਵਾਸਤੇ ਇਹ ਜ਼ਰੂਰੀ ਹੈ ਕਿ ਪੰਜਾਬੀ ਪੰਜਾਬ ਵਿਚ ਹੀ ਰਹਿਣ, ਜੇ ਪੰਜਾਬੀ ਹੀ ਪੰਜਾਬ ਛੱਡ ਗਏ, ਤਾਂ ਸਿੱਖ ਕੌਮ ਖ਼ਾਨਾਬਦੋਸ਼ਾਂ ਵਾਂਗ ਧੱਕੇ ਖਾਂਦੀ ਫਿਰੇਗੀ। ਅੱਜ ਵੀ ਸਿੱਖ ਕੌਮ ਦੀ ਪੜਚੋਲ ਕੀਤੀ ਜਾਵੇ, ਤਾਂ ਪਤਾ ਲੱਗੇਗਾ ਕਿ ਕਿਵੇਂ ਖ਼ੂਨ ਦਾ ਰੰਗ ਚਿੱਟਾ ਹੋ ਰਿਹਾ ਹੈ ਅਤੇ ਕਪਾਹ ਦੇ ਫੁੱਲ ਲਾਲ ਖਿੜ ਰਹੇ ਹਨ। ਕਿਸੇ ਕੌਮ ਨੂੰ ਸਾਂਭਣਾ ਹੋਵੇ, ਤਾਂ ਜ਼ਰੂਰੀ ਨਹੀਂ ਕਿ ਤੁਹਾਨੂੰ ਰਾਜ ਗੱਦੀ ਹੀ ਚਾਹੀਦੀ ਹੁੰਦੀ ਹੈ, ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਤਿਹਾਸ ਵੇਖੋ, ਕਦੇ ਰਾਜ ਦੀ ਝਾਕ ਵਾਸਤੇ ਸੇਵਾ ਨਹੀਂ ਸਨ ਕਰਦੇ। ਬਹੁਤ ਪਿੱਛੇ ਨਾ ਵੀ ਜਾਉ, ਤਾਂ ਨਵਾਬ ਕਪੂਰ ਸਿੰਘ ਹੋਰਾਂ ਦੀ ਜੀਵਨੀ ਪੜ੍ਹੋ, ਐੱਸ.ਜੀ.ਪੀ.ਸੀ. ਅੱਜ ਵੀ ਚਾਹਵੇ ਮਨੋਂ ਹੋ ਕੇ ਸੇਵਾ ਕਰੇ, ਤਾਂ ਨਸ਼ਿਆਂ ਦੇ ਵਹਿਣ ਨੂੰ ਰੋਕਿਆ ਜਾ ਸਕਦਾ ਹੈ। ਪੰਜਾਬ ਦੇ ਐੱਮ.ਐੱਲ.ਏ. ਤਾਂ 117 ਹਨ, ਜਦਕਿ ਸ਼੍ਰੋਮਣੀ ਕਮੇਟੀ ਮੈਂਬਰ ਤਾਂ 170 ਹਨ, ਜੇ ਨਾਮਜ਼ਦ ਮੈਂਬਰ ਛੱਡ ਵੀ ਦਿੱਤੇ ਜਾਣ, ਤਾਂ ਵੀ 150 ਦੇ ਕਰੀਬ ਹੋਣਗੇ, ਸਾਰਿਆਂ ਨੂੰ ਪੁੱਛੋ ਕਿੰਨਿਆਂ ਕੁ ਨੇ ਗੁਰਮਤਿ ਸਮਾਗਮਾਂ ਨਾਲ ਲੋਕਾਂ ਨੂੰ ਨਸ਼ਿਆਂ ਦੇ ਨੁਕਸਾਨ ਦਾ ਸਮਝਾਇਆ ਹੈ। ਆਉ ਹਮਲਾ ਮਾਰ ਕੇ ਸਮਾਜਿਕ ਕੁਰੀਤੀਆਂ ਨੂੰ ਜੜ੍ਹੋਂ ਪੁੱਟਣਾ ਸ਼ੁਰੂ ਕਰੀਏ ਅਤੇ ਸਿੱਖ ਕੌਮ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਉਣ ਦਾ ਯਤਨ ਕਰੀਏ। ਅਰਬਾਂ ਪਤੀ ਬਾਬੇ ਅਤੇ ਡੇਰੇਦਾਰਾਂ ਦੇ ਪਾਜ ਖੋਹਲੀਏ ਅਤੇ ਗੁਰੂ ਪਾਤਸ਼ਾਹ ਵੱਲੋਂ ਪ੍ਰਗਟ ਕੀਤੇ ਖਾਲਸੇ ਦੀ ਚੜ੍ਹਦੀ ਕਲਾ 'ਚ ਰਹਿਣ ਦੀ ਕੋਸ਼ਿਸ਼ ਅਤੇ ਅਰਦਾਸ ਕਰੀਏ।

# ਸ਼ਹੀਦ ਭਾਈ ਸਤੀ ਦਾਸ ਜੀ





ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ।
ਪੰਜਾਬ ਮੇਲ USA


ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

ਭਾਈ ਸਤੀ ਦਾਸ ਜੀ ਦਾ ਜਨਮ ਪਿਤਾ ਭਾਈ ਨੰਦ ਲਾਲ ਜੀ ਦੇ ਗ੍ਰਹਿ ਵਿਖੇ 1621 ਈ. ਨੂੰ ਪਿੰਡ ਕਿਰਆਲਾ (ਕਿੜਆਲਾ) ਜੇਹਲਮ ਲਹਿੰਦੇ ਪੰਜਾਬ ਅੰਦਰ ਹੋਇਆ ਸੀ। ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਦੇ ਸੱਕੇ ਭਰਾ ਸਨ। ਭਾਈ ਸਤੀ ਦਾਸ ਜੀ ਨੇ ਬਚਪਨ ਵਿਚ ਹੀ ਪੰਜ਼ਾਬੀ, ਬ੍ਰਿਜ, ਸੰਸਕ੍ਰਿਤ ਅਤੇ ਫ਼ਾਰਸੀ ਭਾਸ਼ਾ ਦਾ ਡੂੰਘਾ ਅਧਿਐਨ ਕੀਤਾ ਸੀ। ਭਾਈ ਮਤੀ ਦਾਸ ਜੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਦਰਬਾਰ ਵਿਚ ਦੀਵਾਨ ਸੀ ਅਤੇ ਭਾਈ ਸਤੀ ਦਾਸ ਇੱਕ ਉੱਚ ਕੋਟੀ ਦੇ ਲੇਖਕ ਅਤੇ ਅਨੁਵਾਦਕ ਦੇ ਤੌਰ 'ਤੇ ਗੁਰੂ ਘਰ ਵਿਖੇ ਸੇਵਾ ਨਿਭਾਉਂਦੇ ਸਨ। ਆਪ ਫਾਰਸੀ ਭਾਸ਼ਾ ਦੇ ਮਾਹਿਰ ਪੰਡਿਤ ਸੀ। ਆਪ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀਆਂ ਉਚਾਰਣਾਂ ਨੂੰ ਫਾਰਸੀ ਵਿਚ ਅਨੁਵਾਦ ਕਰਦੇ ਸਨ, ਜੋ ਬਾਅਦ ਵਿਚ ਗੁਰਮੁਖੀ ਲਿਪੀ ਵਿਚ ਅਨੁਵਾਦਿਤ ਕੀਤੀਆਂ ਜਾਂਦੀਆਂ ਸਨ।

ਭਾਈ ਸਤੀ ਦਾਸ ਤੀਸਰੇ ਅਤੇ ਆਖਰੀ ਸਿੱਖ ਸਨ, ਜਿਨ੍ਹਾਂ ਨੂੰ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਨਾਲ ਮੁਗਲ ਹੁਕਮਰਾਨ ਔਰੰਗਜ਼ੇਬ ਦੇ ਹੁਕਮਾਂ ਅਨੁਸਾਰ ਗ੍ਰਿਫਤਾਰ ਕੀਤਾ ਗਿਆ। ਭਾਈ ਮਤੀ ਦਾਸ ਅਤੇ ਭਾਈ ਦਿਆਲਾ ਨੂੰ ਭਾਈ ਸਤੀ ਦਾਸ ਦੀਆਂ ਅੱਖਾਂ ਦੇ ਸਾਹਮਣੇ ਬਹੁਤ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ ਸੀ ਕਿਉਂਕਿ ਉਨ੍ਹਾਂ ਨੇ ਆਪਣੇ ਧਰਮ ਨੂੰ ਛੱਡਣ ਤੋਂ ਇਨਕਾਰ ਕਰ ਦਿੱਤਾ ਸੀ।

ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਭਾਈ ਪਰਾਗਾ ਜੀ ਪਿੰਡ ਕੜਿਆਲ ਦੇ ਛਿੱਬੜ ਬ੍ਰਾਹਮਣ ਸਨ ਅਤੇ ਆਪ ਜੀ ਦੇ ਪਿਤਾ ਦਾ ਨਾਂ ਮਹਾਤਮਾ ਗੌਤਮ ਸੀ। ਭਾਈ ਪਰਾਗਾ ਜੀ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੱਖ ਧਰਮ ਆਪਣਾ ਲਿਆ ਸੀ। ਭਾਈ ਪਰਾਗਾ ਜੀ ਦੇ ਚਾਰ ਸਪੁੱਤਰ ਸਨ, ਜਿਨ੍ਹਾਂ ਦਾ ਨਾਮ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਜਤੀ ਦਾਸ ਤੇ ਭਾਈ ਸਖੀ ਦਾਸ ਸੀ। ਭਾਈ ਮਤੀ ਦਾਸ ਭਾਈ ਪਰਾਗੇ ਦੇ ਜੇਠੇ ਸਪੁੱਤਰ ਸੀ।

ਇਤਿਹਾਸਿਕ ਤੱਥਾਂ ਤੋਂ ਪਤਾ ਲੱਗਦਾ ਹੈ ਕਿ ਭਾਈ ਮਤੀ ਦਾਸ ਜੀ ਦੇ ਦਾਦਾ ਗੌਤਮ ਦਾਸ ਜੀ ਇਲਾਕੇ ਵਿਚ ਰਸੂਖਦਾਰ ਵਿਅਕਤੀ ਸਨ। ਇਲਾਕੇ ਦੀਆਂ ਸੰਗਤਾਂ ਗੌਤਮ ਦਾਸ ਜੀ ਪਾਸ ਆਪਣੀਆਂ ਨਿੱਕੀਆਂ ਵੱਡੀਆਂ ਸਮੱਸਿਆਵਾਂ ਦੇ ਹੱਲ ਲਈ ਅਕਸਰ ਆਇਆ ਜਾਇਆ ਕਰਨੀਆਂ ਸਨ। ਗੌਤਮ ਦਾਸ ਜੀ ਦਾ ਮੇਲ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਨਾਲ ਹੋਇਆ। ਸਤਿਗੁਰੂ ਸ੍ਰੀ ਅਰਜਨ ਦੇਵ ਜੀ ਮਹਾਰਾਜ ਤੋਂ ਗੌਤਮ ਦਾਸ ਜੀ ਬਹੁਤ ਪ੍ਰਭਾਵਿਤ ਹੋਏ ਤੇ ਆਪ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ।

ਸੰਨ 1978 ਵਿਚ ਗਿਆਨੀ ਮੋਤਾ ਸਿੰਘ ਚਕਵਾਲੀਆ ਜੀ ਦਿੱਲੀ ਨੇ ਹਰਿਦੁਆਰ ਦੇ ਪਾਂਡਿਆਂ ਦੀਆਂ ਵਹੀਆਂ ਤੋਂ ਭਾਈ ਮਤੀਦਾਸ ਤੇ ਭਾਈ ਸਤੀਦਾਸ ਬਾਰੇ ਸੰਪੂਰਨ ਜਾਣਕਾਰੀ ਹਾਸਲ ਕਰਕੇ ਮਿਤੀ 2 ਫਰਵਰੀ ਸੰਨ 1978 ਦੇ ਖਾਲਸਾ ਸਮਾਚਾਰ ਅੰਮ੍ਰਿਤਸਰ ਅਖ਼ਬਾਰ ਦੇ ਵਿਚ ਇੱਕ ਲੇਖ ਪ੍ਰਕਾਸ਼ਿਤ ਕੀਤਾ ਸੀ। ਇਸ ਲੇਖ ਨੂੰ ਬਤੌਰ ਇਤਿਹਾਸਕ ਦਸਤਾਵੇਜ਼ ਖੰਗਾਲਦੇ ਹੋਏ ਇਹ ਜਾਣਕਾਰੀ ਮਿਲਦੀ ਹੈ ਕਿ ਪਾਂਡਿਆਂ ਦੀਆਂ ਵਹੀਆਂ ਵਿਚ ਭਾਈ ਮਤੀ ਦਾਸ ਦੇ ਦਸਤਖ਼ਤ ਗੁਰਮੁਖੀ ਵਿਚ ਸਨ ਅਤੇ ਪਰਿਵਾਰਕ ਜਾਣਕਾਰੀ ਅਨੁਸਾਰ ਇਸ ਪਰਿਵਾਰ ਦਾ ਮੁਖੀਆ ਭਾਈ ਪਰਾਗਾ ਸੀ। ਭਾਈ ਪਰਾਗਾ ਦੇ ਸਪੁੱਤਰ ਦਾ ਨਾਂ ਭਾਈ ਦਵਾਰਕਾ ਦਾਸ ਸੀ ਅਤੇ ਭਾਈ ਦਵਾਰਕਾ ਦਾਸ ਦੇ ਚਾਰ ਸਪੁੱਤਰ ਸਨ। ਇਨ੍ਹਾਂ ਚਾਰਾਂ ਵਿਚੋਂ ਇੱਕ ਪੁੱਤਰ ਦਾ ਨਾਂ ਭਾਈ ਕਬੂਲ ਦਾਸ ਸੀ ਅਤੇ ਕਬੂਲ ਦਾਸ ਤੇ ਤਿੰਨ ਪੁੱਤਰਾਂ ਦਾ ਨਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਜਤੀ ਦਾਸ ਜੀ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਤਿਹਾਸਕ ਨਗਰ ਸ੍ਰੀ ਅਨੰਦਪੁਰ ਸਾਹਿਬ ਦੀ ਉਸਾਰੀ ਦਾ ਕਾਰਜ ਭਾਈ ਮਤੀ ਦਾਸ ਜੀ ਦੇ ਜ਼ਿੰਮੇ ਲਗਾਇਆ ਹੋਇਆ ਸੀ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧਰਮ ਪ੍ਰਚਾਰ ਲਈ ਭਾਰਤ ਫੇਰੀ ਨਿਕਲੇ, ਤਾਂ ਭਾਈ ਮਤੀ ਦਾਸ ਜੀ ਨੇ ਭਾਈ ਸਤੀ ਦਾਸ ਜੀ ਨੇ ਆਪਣੇ ਕੋਲ ਬੁਲਾ ਲਿਆ ਸੀ। ਭਾਈ ਸਤੀ ਦਾਸ ਜੀ ਬਤੌਰ ਸਹਾਇਕ ਦੀਵਾਨ ਅਨੰਦਪੁਰ ਸਾਹਿਬ ਦੀ ਉਸਾਰੀ ਦਾ ਕਾਰਜ ਵੇਖਦੇ ਸਨ ਅਤੇ ਆਪਣੇ ਸਵੇਰੇ ਸ਼ਾਮ ਦੇ ਸਮੇਂ ਨੂੰ ਨਾਮ ਬਾਣੀ ਵਿਚ ਬਤੀਤ ਕਰਦੇ ਸਨ।

ਸੰਨ 1675 ਈਸਵੀ ਵਿਚ ਮੁਗ਼ਲ ਹੁਕਮਰਾਨ ਔਰੰਗਜ਼ੇਬ ਨੇ ਜ਼ੁਲਮ ਤੇ ਜ਼ਬਰ ਦੀ ਹਨੇਰੀ ਝੁਲਾ ਦਿੱਤੀ ਅਤੇ ਸਾਰੇ ਗੈਰ ਮੁਸਲਮਾਨਾਂ ਨੂੰ ਧੱਕੇ ਨਾਲ ਮੁਸਲਮਾਨ ਧਰਮ ਵਿਚ ਤਬਦੀਲ ਕਰਵਾਉਣ ਦਾ ਟੀਚਾ ਮਿੱਥ ਲਿਆ। ਇਸ ਨਾਜ਼ੁਕ ਮੌਕੇ ਕਸ਼ਮੀਰੀ ਪੰਡਿਤਾਂ ਦੀ ਪ੍ਰਤੀ ਬੇਨਤੀ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਬਲੀਦਾਨ ਦੇਣ ਦਾ ਫੈਸਲਾ ਕੀਤਾ।

ਦੁਖੀਏ ਬਿਪਰ ਜੁ ਚਲ ਆਏ ਪੁਰੀ ਅਨੰਦ।
ਬਾਂਹ ਸਾਡੀ ਪਕੜੀਏ ਗੁਰੂ ਹਰਿ ਗੋਬਿੰਦ ਕੇ ਚੰਦ।

ਔਰੰਗਜ਼ੇਬ ਦੇ ਹੁਕਮਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੂੰ ਪੰਜ ਸਿੱਖਾਂ ਸਮੇਤ ਗ੍ਰਿਫ਼ਤਾਰ ਕਰਕੇ ਦਿੱਲੀ ਲਿਆਂਦਾ ਗਿਆ। ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਸਿੰਘਾਂ ਨੂੰ ਧਰਮ ਤਬਦੀਲ ਕਰਨ ਲਈ ਹਰ ਤਰ੍ਹਾਂ ਦਾ ਡਰ ਅਤੇ ਧਮਕੀਆਂ ਤੇ ਡਰਾਵੇ ਦਿੱਤੇ। ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਸਿੱਖ ਆਪਣੇ ਇਮਾਨ 'ਤੇ ਅਡੋਲ ਰਹੇ। ਔਰੰਗਜ਼ੇਬ ਨੇ ਜਦੋਂ ਆਪਣੀ ਵਾਹ ਚਲਦੀ ਨਾ ਵੇਖੀ, ਤਾਂ ਉਸ ਨੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਦੇਣ ਅਤੇ ਭਾਈ ਦਿਆਲਾ ਜੀ ਨੂੰ ਬਲਦੀ ਦੇਗ ਵਿਚ ਬਿਠਾਉਣ ਦਾ ਫ਼ਤਵਾ ਜਾਰੀ ਕਰ ਦਿੱਤਾ। ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਭਾਈ ਸਤੀ ਦਾਸ ਜੀ ਦੇ ਸਨਮੁੱਖ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥੧॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ 1105॥

ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਤੋਂ ਬਾਅਦ ਭਾਈ ਸਤੀ ਦਾਸ ਜੀ ਨੂੰ ਜਿਉਂਦੇ ਜੀ ਸਾੜ ਦੇਣ ਦਾ ਫ਼ਰਮਾਨ ਔਰੰਗਜ਼ੇਬ ਨੇ ਕਾਜ਼ੀਆਂ ਦੀ ਸਲਾਹ 'ਤੇ ਜਾਰੀ ਕੀਤਾ। ਭਾਈ ਸਤੀ ਦਾਸ ਜੀ ਨੂੰ ਕੈਦਖਾਨੇ ਵਿਚੋਂ ਕੱਢ ਕੇ ਖੁੱਲ੍ਹੀ ਥਾਂ ਲਿਜਾ ਕੇ ਥੰਮ੍ਹ ਨਾਲ ਬੰਨ੍ਹ ਦਿੱਤਾ ਗਿਆ। ਜ਼ੱਲਾਦਾਂ ਨੇ ਉਨ੍ਹਾਂ ਦੇ ਸਰੀਰ ਦੇ ਆਲੇ-ਦੁਆਲੇ ਰੂੰ ਲਪੇਟ ਕੇ ਤੇਲ ਛਿੜਕ ਦਿੱਤਾ ਅਤੇ ਅੱਗ ਲਗਾ ਦਿੱਤੀ। ਭਾਈ ਸਤੀ ਦਾਸ ਜੀ ਸ਼ਾਂਤ ਚਿੱਤ ਹੋ ਕੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ ਅਤੇ ਉਨ੍ਹਾਂ ਦਾ ਸਰੀਰ ਜਿਉਂਦੇ ਜੀ ਸੜਨ ਲੱਗ ਪਿਆ। ਇਸ ਖੌਫਨਾਕ ਮੰਜ਼ਰ ਨੂੰ ਵੇਖ ਕੇ ਲੋਕਾਂ ਨੇ ਆਪਣੇ ਦੰਦਾਂ ਥੱਲੇ ਉਂਗਲਾਂ ਦੇ ਲਈਆਂ ਤੇ ਉਨ੍ਹਾਂ ਨੇ ਗੁਰੂ ਸਾਹਿਬ ਦੀ ਸਿੱਖਿਆ ਅਤੇ ਸਿੱਖਾਂ ਦੇ ਸਬਰ ਨੂੰ ਦਿਲੋਂ ਸਿਜਦਾ ਕੀਤਾ। ਕੁਝ ਸਮੇਂ ਦੇ ਵਕਫੇ ਨਾਲ ਭਾਈ ਸਤੀ ਦਾਸ ਜੀ ਦੀ ਸ਼ਹਾਦਤ ਹੋ ਗਈ ਅਤੇ ਸਿੱਖ ਇਤਿਹਾਸ ਵਿਚ ਕੁਰਬਾਨੀਆਂ ਦਾ ਇੱਕ ਨਵਾਂ ਇਤਿਹਾਸ ਦਰਜ ਹੋ ਗਿਆ ਸੀ।

ਫ਼ਲ਼ਦੇ ਫ਼ੁਲ਼ਦੇ ਨੇ ਕੌਮਾਂ ਦੇ ਬ੍ਰਿਛ ਉਹੋ,
ਕੌਮਾਂ ਉਨ੍ਹਾਂ ਦੀ ਹੀ ਛਾਵੇਂ ਬਹਿੰਦੀਆਂ ਨੇ।
ਵਿਚ ਔੜ ਦੇ ਵੀ ਜੜ੍ਹਾਂ ਜਿਨ੍ਹਾਂ ਦੀਆਂ,
ਨਾਲ ਰੱਤ ਦੇ ਗਿਲੀਆਂ ਰਹਿੰਦੀਆਂ ਨੇ।

ਉਪਰੋਕਤ ਖਿਆਲ ਵਿਚ ਕਿਸੇ ਸ਼ਾਇਰ ਨੇ ਕੌਮ ਬਾਬਤ ਬਿਆਨ ਕੀਤਾ ਹੈ ਕਿ ਜਿਸ ਕੌਮ ਦੀਆਂ ਜੜ੍ਹਾਂ ਸ਼ਹੀਦੀਆਂ ਦੇ ਰੱਤ ਨਾਲ ਸਿੰਜੀਆਂ ਹੋਣ, ਉਹ ਕੌਮ ਜੁਗਾਂ-ਜੁਗਾਂ ਤੱਕ ਅਡੋਲ ਅਤੇ ਚੜ੍ਹਦੀ ਕਲਾ ਵਿਚ ਰਹਿੰਦੀ ਹੈ।

# ਪਿੰਡਾਂ ਵਿਚ ਖਾਲੀ ਘਰ ਵੱਧ ਰਹੇ ਹਨ



-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA


ਇੱਕ ਸਮੇਂ ਸੀ ਜਦੋਂ ਪਹਾੜੀ ਰਾਜਾਂ ਅਤੇ ਸਰਹੱਦੀ ਪਿੰਡਾਂ ਵਿਚ ਘਰਾਂ ਦੇ ਮੁੱਖ ਦਰਵਾਜ਼ਿਆਂ 'ਤੇ ਤਾਲੇ ਲਟਕਦੇ ਦੇਖੇ ਜਾਂਦੇ ਸਨ, ਪਰ ਹੁਣ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਆਦਿ ਦੇ ਖੁਸ਼ਹਾਲ ਪਿੰਡਾਂ ਵਿਚ ਵੀ ਖਾਲੀਪਣ ਦਾ ਇਹ ਘੇਰਾ ਤੇਜ਼ੀ ਨਾਲ ਵਧ ਰਿਹਾ ਹੈ। ਮਨੁੱਖੀ ਸੱਭਿਅਤਾ ਦਾ ਇਤਿਹਾਸ ਪ੍ਰਵਾਸ ਨਾਲ ਜੁੜਿਆ ਹੋਇਆ ਹੈ। ਪਿੰਡ ਸ਼ਹਿਰਾਂ ਵਿਚ ਵਿਕਸਿਤ ਹੋਏ। ਪੇਂਡੂ ਅਤੇ ਸ਼ਹਿਰੀ ਸੱਭਿਅਤਾ ਦੇ ਇਕੱਠੇ ਰਹਿਣ ਦੇ ਸਬੂਤ ਮੋਹਨਜੋਦੜੋ ਅਤੇ ਹੜੱਪਾ ਵਿਚ ਮਿਲਦੇ ਹਨ। ਅਜਿਹੇ ਕਈ ਸਬੂਤ ਵੇਦਾਂ ਅਤੇ ਉਪਨਿਸ਼ਦਾਂ ਵਿਚ ਵੀ ਮਿਲਦੇ ਹਨ। ਪੇਂਡੂ ਅਰਥਵਿਵਸਥਾ ਲੰਬੇ ਸਮੇਂ ਤੱਕ ਖੇਤੀਬਾੜੀ ਅਤੇ ਇਸ ਨਾਲ ਸਬੰਧਤ ਕਾਟੇਜ ਉਦਯੋਗਾਂ 'ਤੇ ਆਧਾਰਿਤ ਰਹੀ। ਇਹ ਸੀਮਤ ਜ਼ਰੂਰਤਾਂ ਅਤੇ ਬਾਰਟਰ ਅਧਾਰਤ ਬਾਜ਼ਾਰ ਕਾਰਨ ਸਵੈ-ਨਿਰਭਰ ਵੀ ਰਹੀ। ਖੇਤੀਬਾੜੀ ਦੇ ਮਸ਼ੀਨੀਕਰਨ ਤੋਂ ਪਹਿਲਾਂ, ਮਨੁੱਖੀ ਕਿਰਤ 'ਤੇ ਆਧਾਰਿਤ ਹੋਣ ਕਰਕੇ, ਪਿੰਡਾਂ ਵਿਚ ਵੱਡੇ ਘਰ ਸਾਂਝੇ ਪਰਿਵਾਰ ਅਤੇ ਪਸ਼ੂ ਪਾਲਣ ਦੀ ਜ਼ਰੂਰਤ ਸਨ। ਪਿੰਡਾਂ ਵਿਚ ਸਾਂਝਾ ਪਰਿਵਾਰ ਅਤੇ ਸਮਾਜਿਕ ਸੰਗਠਨ ਇਸਦਾ ਨਤੀਜਾ ਸਨ। ਸਮੇਂ ਦੇ ਨਾਲ, ਉਦਯੋਗਿਕ ਕ੍ਰਾਂਤੀ ਨੇ ਪੇਂਡੂ ਅਤੇ ਸ਼ਹਿਰੀ ਸਬੰਧਾਂ ਨੂੰ ਬਦਲ ਦਿੱਤਾ। ਇਸ ਕਾਰਨ, ਪਿੰਡਾਂ ਦੀ ਭੂਮਿਕਾ ਅਤੇ ਪ੍ਰਕਿਰਤੀ ਵੀ ਬਦਲ ਗਈ। ਸਮੇਂ ਦੀਆਂ ਬਦਲਦੀਆਂ ਜ਼ਰੂਰਤਾਂ ਦੇ ਮੱਦੇਨਜ਼ਰ, ਇਸ ਤਬਦੀਲੀ ਦੇ ਸਮੇਂ ਦੌਰਾਨ, ਸਮਾਜ ਅਤੇ ਨੀਤੀ ਨਿਰਮਾਤਾਵਾਂ ਨੇ ਤਬਦੀਲੀ ਨਾਲ ਜੁੜੇ ਹੋਰ ਪ੍ਰਭਾਵਾਂ ਨੂੰ ਨਜ਼ਰਅੰਦਾਜ਼ ਕੀਤਾ, ਜਿਸਦੇ ਸਮੇਂ ਦੇ ਨਾਲ ਦੂਰਗਾਮੀ ਨਤੀਜੇ ਨਿਕਲੇ। ਉਦਯੋਗੀਕਰਨ ਨੇ ਖੁਸ਼ਹਾਲੀ ਲਿਆਂਦੀ, ਪਰ ਪਿੰਡ ਸ਼ਹਿਰੀ ਬਸਤੀਆਂ ਵਿਚ ਬਦਲ ਗਏ। ਖੇਤੀਬਾੜੀ ਦੇ ਮਸ਼ੀਨੀਕਰਨ ਅਤੇ ਪਿੰਡਾਂ ਵਿਚ ਬਾਜ਼ਾਰਾਂ ਦੇ ਵਿਸਥਾਰ ਤੋਂ ਬਾਅਦ, ਵਪਾਰੀ, ਕਾਰੀਗਰ, ਗੈਰ-ਖੇਤੀਬਾੜੀ ਅਤੇ ਖੇਤੀਬਾੜੀ ਕਾਮੇ ਨਕਾਰਾਤਮਕ ਅਤੇ ਸਕਾਰਾਤਮਕ ਕਾਰਨਾਂ ਕਰਕੇ ਸ਼ਹਿਰਾਂ ਵੱਲ ਪਰਵਾਸ ਕਰ ਗਏ। ਉਦਯੋਗਿਕ ਕ੍ਰਾਂਤੀ ਨੇ ਪੇਂਡੂ ਅਤੇ ਸ਼ਹਿਰੀ ਸਬੰਧਾਂ ਨੂੰ ਬਦਲ ਦਿੱਤਾ, ਪਿੰਡਾਂ ਦੀ ਮੁੱਖ ਭੂਮਿਕਾ ਸ਼ਹਿਰਾਂ ਨੂੰ ਸਸਤੇ ਅਨਾਜ ਅਤੇ ਮਨੁੱਖੀ ਕਿਰਤ ਪ੍ਰਦਾਨ ਕਰਨ ਦੀ ਬਣ ਗਈ, ਸ਼ਹਿਰ ਉਦਯੋਗਿਕ ਅਤੇ ਹੋਰ ਵਪਾਰਕ ਗਤੀਵਿਧੀਆਂ ਦੇ ਵਿਸ਼ੇਸ਼ ਕੇਂਦਰਾਂ ਵਜੋਂ ਵਿਕਸਿਤ ਹੋਏ। ਉਦਯੋਗੀਕਰਨ ਦੇ ਵਿਸਥਾਰ ਲਈ, ਸਰਕਾਰਾਂ ਨੇ ਖੇਤੀਬਾੜੀ ਉਤਪਾਦਾਂ ਅਤੇ ਮਨੁੱਖੀ ਕਿਰਤ ਨੂੰ ਸਸਤੇ ਰੱਖਣ ਲਈ ਨੀਤੀਆਂ ਬਣਾਈਆਂ, ਜਿਸ ਕਾਰਨ ਸ਼ਹਿਰਾਂ ਦੇ ਨਾਲ-ਨਾਲ ਉਦਯੋਗਾਂ ਦਾ ਤੇਜ਼ੀ ਨਾਲ ਵਿਸਥਾਰ ਹੋਇਆ। ਸਮੇਂ ਦੇ ਨਾਲ ਵਿਸਥਾਰ ਦੀ ਇਹ ਪ੍ਰਕਿਰਿਆ ਹੋਰ ਵਿਆਪਕ ਹੁੰਦੀ ਗਈ। ਪਿੰਡਾਂ ਵਿਚ ਪ੍ਰਾਇਮਰੀ ਸਿੱਖਿਆ ਦੇ ਵਿਸਥਾਰ ਅਤੇ ਸ਼ਹਿਰਾਂ ਵਿਚ ਰੁਜ਼ਗਾਰ ਦੇ ਵਧਦੇ ਮੌਕਿਆਂ ਕਾਰਨ, ਸਰਕਾਰੀ ਅਤੇ ਨਿੱਜੀ ਸੇਵਾਵਾਂ ਵਿਚ ਕਿਸਾਨ ਪਰਿਵਾਰਾਂ ਦੀ ਪ੍ਰਤੀਨਿਧਤਾ ਵੀ ਵਧੀ ਹੈ। ਸਰਕਾਰੀ ਅੰਕੜਿਆਂ ਅਨੁਸਾਰ, ਸਾਲ 1960 ਵਿਚ, 81.60 ਪ੍ਰਤੀਸ਼ਤ ਆਬਾਦੀ ਪੇਂਡੂ ਖੇਤਰਾਂ ਵਿਚ ਰਹਿੰਦੀ ਸੀ, ਜੋ ਸ਼ਾਇਦ ਇਨ੍ਹਾਂ ਕਾਰਨਾਂ ਕਰਕੇ 2022 ਵਿਚ ਘੱਟ ਕੇ 64.17 ਪ੍ਰਤੀਸ਼ਤ ਹੋ ਗਈ। ਅੱਜ, ਪੇਂਡੂ ਖੇਤਰਾਂ ਵਿਚ ਰੁਜ਼ਗਾਰ ਦੇ ਮੌਕਿਆਂ ਦੀ ਘਾਟ, ਖੇਤੀ ਵਿਚ ਆਮਦਨ ਘਟਣ, ਪਿੰਡਾਂ ਪ੍ਰਤੀ ਸਰਕਾਰੀ ਉਦਾਸੀਨਤਾ ਅਤੇ ਸ਼ਹਿਰਾਂ ਵਿਚ ਯੋਜਨਾਬੱਧ ਵਿਕਾਸ, ਜਨਤਕ ਸਹੂਲਤਾਂ, ਸੇਵਾ ਖੇਤਰਾਂ ਦੇ ਵਿਸਥਾਰ ਅਤੇ ਰੁਜ਼ਗਾਰ ਦੇ ਮੌਕਿਆਂ ਕਾਰਨ, ਵੱਡੀ ਗਿਣਤੀ ਵਿਚ ਪੇਂਡੂ ਨੌਜਵਾਨ ਪਿੰਡ ਛੱਡ ਕੇ ਸ਼ਹਿਰਾਂ ਵਿਚ ਵਸ ਰਹੇ ਹਨ। ਪੰਜਾਬ ਦੇ ਪਿੰਡਾਂ ਦੇ ਆਰਥਿਕ ਅਤੇ ਸਮਾਜਿਕ ਅਧਿਐਨਾਂ ਨੇ ਹੈਰਾਨ ਕਰਨ ਵਾਲੇ ਤੱਥਾਂ ਦਾ ਖੁਲਾਸਾ ਕੀਤਾ ਹੈ। ਇੱਥੇ 14.34 ਪ੍ਰਤੀਸ਼ਤ ਪੇਂਡੂ ਪਰਿਵਾਰਾਂ ਵਿਚੋਂ ਇੱਕ ਜਾਂ ਇੱਕ ਤੋਂ ਵੱਧ ਮੈਂਬਰ ਵਿਦੇਸ਼ਾਂ ਵਿਚ ਹਨ। ਮਰਦਾਂ ਦੇ ਬਾਹਰ ਜਾਣ ਕਾਰਨ, ਪਿੰਡਾਂ ਵਿਚ ਔਰਤਾਂ ਅਤੇ ਇਕੱਲੇ ਬਜ਼ੁਰਗਾਂ ਦੀ ਗਿਣਤੀ ਵਧੀ ਹੈ, ਵੱਡੇ ਘਰਾਂ ਵਿਚ ਤਾਲੇ ਲਟਕ ਰਹੇ ਹਨ। ਯੂ.ਪੀ. ਆਰਥਿਕ ਸਰਵੇਖਣ ਰਿਪੋਰਟ ਦਰਸਾਉਂਦੀ ਹੈ ਕਿ ਉਦਯੋਗ ਅਤੇ ਸੇਵਾ ਖੇਤਰ ਵਾਲੇ ਜ਼ਿਲ੍ਹੇ, ਗੌਤਮ ਬੁੱਧ ਨਗਰ ਦੀ ਪ੍ਰਤੀ ਵਿਅਕਤੀ ਆਮਦਨ ਖੇਤੀਬਾੜੀ ਆਧਾਰਿਤ ਪ੍ਰਤਾਪਗੜ੍ਹ ਨਾਲੋਂ 22 ਗੁਣਾ ਵੱਧ ਹੈ। ਬਿਹਾਰ ਅਤੇ ਉੱਤਰ ਪ੍ਰਦੇਸ਼ ਵਰਗੇ ਰਾਜਾਂ ਤੋਂ ਵੱਡੀ ਗਿਣਤੀ ਵਿਚ ਖੇਤੀਬਾੜੀ ਮਜ਼ਦੂਰ ਪੰਜਾਬ ਦੇ ਪਿੰਡਾਂ ਵਿਚ ਵਸ ਰਹੇ ਹਨ, ਜਿਸ ਕਾਰਨ ਇੱਥੋਂ ਦਾ ਧਾਰਮਿਕ-ਸਮਾਜਿਕ ਢਾਂਚਾ ਬਦਲ ਰਿਹਾ ਹੈ। ਬਿਹਾਰ, ਉੱਤਰ ਪ੍ਰਦੇਸ਼ ਆਦਿ ਤੋਂ ਮਜ਼ਦੂਰ ਕੇਰਲਾ ਵਰਗੇ ਦੱਖਣੀ ਰਾਜਾਂ ਵਿਚ ਵੀ ਜਾ ਰਹੇ ਹਨ। ਮੁਸ਼ਕਲ ਭੂਗੋਲਿਕ ਸਥਿਤੀਆਂ ਅਤੇ ਆਰਥਿਕ ਸਥਿਤੀਆਂ ਕਾਰਨ, ਹਿਮਾਚਲ ਅਤੇ ਉੱਤਰਾਖੰਡ ਦੇ ਨੌਜਵਾਨ ਵੀ ਤੇਜ਼ੀ ਨਾਲ ਮਹਾਂਨਗਰਾਂ ਵੱਲ ਪਰਵਾਸ ਕਰ ਰਹੇ ਹਨ। ਇੱਥੇ ਬਜ਼ੁਰਗ ਇਕੱਲਤਾ ਦੀ ਉਦਾਸੀ ਨਾਲ ਜੀਅ ਰਹੇ ਹਨ, ਜਿਸਦੀ ਅਸਲੀਅਤ ਅਸੀਂ ਫਿਲਮ 'ਪਿਆਰ' ਵਿਚ ਪਦਮ ਸਿੰਘ ਅਤੇ ਉਨ੍ਹਾਂ ਦੀ ਪਤਨੀ ਤੁਲਸੀ ਦੇ ਕਿਰਦਾਰ ਵਿਚ ਦੇਖਦੇ ਹਾਂ, ਜੋ ਆਪਣੇ ਪੁੱਤਰ ਦੀ ਉਡੀਕ ਵਿਚ ਪਹਾੜਾਂ ਵਿਚ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਹਨ। ਕੋਰੋਨਾ ਤੋਂ ਬਾਅਦ ਘਰੇਲੂ ਸੈਰ-ਸਪਾਟੇ ਵਿਚ ਵਾਧਾ ਹੋਇਆ ਹੈ। ਇਸਦਾ ਫਾਇਦਾ ਉਠਾਉਣ ਲਈ, ਮੈਦਾਨੀ ਇਲਾਕਿਆਂ ਦੇ ਕਾਰੋਬਾਰੀ ਪਹਾੜੀ ਰਾਜਾਂ ਵਿਚ ਹੋਟਲਾਂ ਅਤੇ ਰਿਜ਼ੋਰਟਾਂ ਵਿਚ ਨਿਵੇਸ਼ ਕਰ ਰਹੇ ਹਨ, ਜਿਸ ਕਾਰਨ ਸਥਾਨਕ ਨਿਵਾਸੀ ਪਹਾੜੀ ਸੈਰ-ਸਪਾਟਾ ਸਥਾਨਾਂ ਤੋਂ ਬਾਹਰ ਜਾ ਰਹੇ ਹਨ। ਇਸ ਕਾਰਨ ਉੱਥੇ ਅਸੰਤੁਸ਼ਟੀ ਵਧ ਰਹੀ ਹੈ। ਹਾਲਾਂਕਿ ਇਸ ਨੂੰ ਦੂਰ ਕਰਨ ਲਈ, ਸਬੰਧਤ ਸਰਕਾਰਾਂ ਨੇ ਰਾਜ ਤੋਂ ਬਾਹਰਲੇ ਨਿਵਾਸੀਆਂ ਲਈ ਜ਼ਮੀਨ ਖਰੀਦਣ 'ਤੇ ਪਾਬੰਦੀਆਂ ਲਗਾਈਆਂ ਹਨ, ਪਰ ਇਹ ਰੁਝਾਨ ਵਧਦਾ ਜਾ ਰਿਹਾ ਹੈ। ਜ਼ਿਆਦਾਤਰ ਮੈਦਾਨੀ ਇਲਾਕਿਆਂ ਦੇ ਪਿੰਡਾਂ ਦੀ ਹਾਲਤ ਵੀ ਇਹੀ ਹੈ। ਇੱਥੇ ਵੀ, ਸਰਕਾਰੀ ਸੇਵਾ ਅਤੇ ਕਾਰੋਬਾਰ ਲਈ ਸ਼ਹਿਰ ਵਿਚ ਵਸੇ ਪਰਿਵਾਰਾਂ ਦੇ ਘਰਾਂ ਨੂੰ ਤਾਲਾ ਲੱਗਿਆ ਹੋਇਆ ਹੈ। ਪੁਰਖਿਆਂ ਦੇ ਸਨਮਾਨ ਨਾਲ ਸਬੰਧਤ ਹੋਣ ਕਾਰਨ, ਉਹ ਉਨ੍ਹਾਂ ਨੂੰ ਵੇਚਣ ਦੇ ਯੋਗ ਨਹੀਂ ਹਨ। ਇਸ ਲਈ, ਹੌਲੀ-ਹੌਲੀ ਉਹ ਬੇਕਾਰ ਅਤੇ ਉਜਾੜ ਹੁੰਦੇ ਜਾ ਰਹੇ ਹਨ। ਕੇਂਦਰ ਸਰਕਾਰ ਅਤੇ ਸਬੰਧਤ ਰਾਜ ਸਰਕਾਰਾਂ ਨੇ ਸਰਹੱਦੀ ਪਿੰਡਾਂ ਵਿਚ ਘਰਾਂ ਅਤੇ ਪੁਰਾਣੀਆਂ ਕੋਠੀਆਂ ਦੇ ਪੁਨਰ ਸੁਰਜੀਤੀ ਲਈ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਹਨ, ਪਰ ਪਿੰਡਾਂ ਵਿਚ ਉਨ੍ਹਾਂ ਆਮ ਘਰਾਂ ਲਈ ਕੋਈ ਯੋਜਨਾ ਨਹੀਂ ਹੈ, ਜੋ ਸ਼ਹਿਰ ਵਿਚ ਆਪਣੇ ਮਾਲਕਾਂ ਦੇ ਰਹਿਣ ਕਾਰਨ ਬੰਦ/ਖਾਲੀ ਹਨ। ਰਾਜਾਂ ਦੇ ਨਾਲ-ਨਾਲ ਕੇਂਦਰ ਨੂੰ ਵੀ ਇਸ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ।



ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
98781-11445
ਪੰਜਾਬ ਮੇਲ USA

# ਸਾਵਿਣ ਸਰਸੀ ਕਾਮਣੀ ...



ਨਾਨਕਸ਼ਾਹੀ ਸੰਮਤ ਦਾ ਚੇਤ ਤੋਂ ਸ਼ੁਰੂ ਹੋਏ ਸਾਲ ਦਾ ਪੰਜਵਾਂ ਮਹੀਨਾ ਸਾਵਣ ਹੈ। ਇਸ ਮਹੀਨੇ ਨੂੰ ਸੌਣ ਅਤੇ ਸਾਉਣ ਦੇ ਨਾਂ ਨਾਲ ਵੀ ਪੁਕਾਰਦੇ ਹਨ। ਜੁਲਾਈ ਦੇ ਅੱਧ ਤੋਂ ਅਗਸਤ ਦੇ ਅੱਧ ਤੱਕ ਇਹ ਦੇਸੀ ਮਹੀਨਾ ਹੁੰਦਾ ਹੈ। ਪ੍ਰਕਿਰਤੀ ਦਾ ਖ਼ੂਬਸੂਰਤ ਨਕਸ਼ਾ ਚਿਤਰਣ ਵਾਲਾ ਇਹ ਮਹੀਨਾ ਆਪਣੀ ਬੁੱਕਲ ਵਿਚ ਕਈ ਤਰ੍ਹਾਂ ਦੇ ਵੰਨਗ ਸਾਂਭੀ ਬੈਠਾ ਹੈ। ਇਸ ਮਹੀਨੇ ਦਾ ਮਨੁੱਖੀ ਜੀਵਨ ਤੇ ਅਧਿਆਤਮਕ ਪੱਖ ਤੋਂ ਪਵਿੱਤਰ ਗੁਰਬਾਣੀ ਨੇ ਇਉਂ ਫੁਰਮਾਣ ਕੀਤਾ ਹੈ:—

"ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮ ਅਧਾਰ ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥
ਵਣੁ ਤਿਣੁ ਪ੍ਰਭ ਸੰਗ ਮਉਲਿਆ ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥
ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
ਸਾਵਣਿ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥"

ਸਾਵਣ ਮਹੀਨਾ ਸੱਭਿਅਤਾ, ਸੱਭਿਆਚਾਰ ਅਤੇ ਰੀਤੀ ਰਿਵਾਜ਼ਾਂ ਦਾ ਮਹੀਨਾ ਹੈ। ਇਸ ਤੋਂ ਪਹਿਲੇ ਹਾੜ੍ਹ ਦੀ ਤਪਸ਼ ਤੋਂ ਬਾਅਦ ਇਸ ਮਹੀਨੇ ਬਾਰੇ ਕਥਾ ਵਿਚਾਰ ਹੈ ਕਿ ਇਹ ਸੱਪਾਂ, ਮਿਰਗਾਂ ਅਤੇ ਮੱਛੀਆਂ ਨੂੰ ਖੁਸ਼ੀ ਦਿੰਦਾ ਹੈ, ਜਦੋਂ ਕਿ ਗਾਂ ਤੇ ਪੁੱਤ ਬਲਦ, ਗਰੀਬ, ਰਾਹਗੀਰ ਅਤੇ ਨੌਕਰ ਚਾਕਰ ਨੂੰ ਖੁਸ਼ੀ ਨਹੀਂ ਦਿੰਦਾ। ਇਸ ਵਿਚਾਰ ਦੇ ਤੱਥ ਆਪਣੇ ਵਿਚ ਬਹੁਤ ਕੁਝ ਸਮਾਈ ਬੈਠੇ ਹਨ। ਲੂਹ ਤੋਂ ਬਾਅਦ ਠੰਡਕ ਦੇ ਬੁੱਲੇ ਆਉਂਦੇ ਹਨ। ਇੱਕ ਪੰਛੀ ਜਿਸਦਾ ਸਾਵਣ ਨਾਲ ਇਤਿਹਾਸਕ, ਮਿਥਿਹਾਸਕ ਸਬੰਧ ਹੈ, ਉਸਨੂੰ ਬੰਬੀਹਾ, ਪਪੀਹਾ ਅਤੇ ਚਾਤਰਿਕ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਮਹੀਨੇ ਇਹ ਪੰਛੀ ਮੀਂਹ ਦੀ ਪੁਕਾਰ ਕਰਦਾ ਹੈ ਅਤੇ ਸਵਾਤੀ ਬੂੰਦ ਮੰਗਦਾ ਹੈ। ਕੋਇਲ ਵੀ ਬਾਗਾਂ ਵਿਚ ਬੋਲੀਆਂ ਪਾਉਂਦੀ ਹੈ:—

"ਪਈ ਕੂ — ਕੂ, ਕੂ — ਕੂ ਕਰਦੀ ਨੀ ਸਈਓ ਕੋਇਲ ਹੰਝੂ ਡੋਲ੍ਹੇ,
ਪਪੀਹਾ ਵੇਖੋ ਨੀਂ ਭੈੜਾ ਪੀਆ ਪੀਆ ਬੋਲੈ"

ਔਰਤਾਂ ਦੀਆਂ ਰੀਝਾਂ ਨੂੰ ਪੇਸ਼ ਕਰਨ ਦਾ ਮੌਕਾ ਸਾਂਭੀ ਬੈਠਾ ਮਰਦ ਪ੍ਰਧਾਨਤਾ ਤੋਂ ਆਰਜ਼ੀ ਰਾਹਤ ਵੀ ਦਿਵਾਉਂਦਾ ਹੈ। ਔਰਤ ਨਾਲ ਸੌਣ ਦਾ ਜਿਸਮ ਰੂਹ ਵਾਲਾ ਸੁਮੇਲ ਹੈ। ਗੀਤ ਸੰਗੀਤ ਅਤੇ ਰਿਵਾਜ਼ ਇੱਕਸੁਰ ਹੋ ਕੇ ਚਾਅ ਮਲਾਰ ਵੰਡਦੇ ਹਨ। ਪਰ ਅੱਜ ਆਧੁਨਿਕਤਾ ਦੀ ਦੌੜ ਨੇ ਇਨ੍ਹਾਂ ਨੂੰ ਘਸਮੰਡਿਆ ਜ਼ਰੂਰ ਹੈ। ਵਿਆਹੀ ਕੁੜੀ ਸਾਵਣ ਮਹੀਨਾ ਕੱਟਣ ਆਪਣੇ ਮਾਪੇ ਜਾਂਦੀ ਹੈ। ਇਸਨੂੰ ਲੈਰਾਂ ਮਹੀਨਾ ਵੀ ਕਿਹਾ ਜਾਂਦਾ ਹੈ। ਸੱਸ ਅਤੇ ਪਤੀ ਨਾਲੋਂ ਦੂਰੀ ਰੱਖਣ ਇਹ ਮਹੀਨਾਂ ਤੱਥ ਅਤੇ ਤੱਥ ਰਹਿਤ ਵਿਚਾਰ ਰੱਖਦਾ ਹੈ। ਲੋਕ ਬੋਲੀਆਂ ਵਿਚ ਵੀ ਇਸ ਮਹੀਨੇ ਗਿੱਧੇ ਦੀ ਲੋਰ ਨੂੰ ਇਉਂ ਪੇਸ਼ ਕੀਤਾ ਹੈ:-

"ਸਾਉਣ ਮਹੀਨਾ ਦਿਨ ਗਿੱਧੇ ਦੇ ਸਭੇ ਸਹੇਲੀਆਂ ਆਈਆਂ,
ਭਿੱਜ ਗਈ ਰੂਹ ਮਿੱਤਰਾ ਸ਼ਾਮ ਘਟਾ ਚੜ੍ਹ ਆਈਆਂ"

ਔਰਤਾਂ ਦੀਆਂ ਰੀਝਾਂ ਨੂੰ ਪੇਸ਼ ਕਰਨ ਦਾ ਮੌਕਾ ਸਾਂਭੀ ਬੈਠਾ ਮਰਦ ਪ੍ਰਧਾਨਤਾ ਤੋਂ ਆਰਜ਼ੀ ਰਾਹਤ ਵੀ ਦਿਵਾਉਂਦਾ ਹੈ। ਔਰਤ ਨਾਲ ਸੌਣ ਦਾ ਜਿਸਮ ਰੂਹ ਵਾਲਾ ਸੁਮੇਲ ਹੈ। ਗੀਤ ਸੰਗੀਤ ਅਤੇ ਰਿਵਾਜ਼ ਇੱਕਸੁਰ ਹੋ ਕੇ ਚਾਅ ਮਲਾਰ ਵੰਡਦੇ ਹਨ। ਪਰ ਅੱਜ ਆਧੁਨਿਕਤਾ ਦੀ ਦੌੜ ਨੇ ਇਨ੍ਹਾਂ ਨੂੰ ਘਸਮੰਡਿਆ ਜ਼ਰੂਰ ਹੈ। ਵਿਆਹੀ ਕੁੜੀ ਸਾਵਣ ਮਹੀਨਾ ਕੱਟਣ ਆਪਣੇ ਮਾਪੇ ਜਾਂਦੀ ਹੈ। ਇਸਨੂੰ ਲੈਰਾਂ ਮਹੀਨਾ ਵੀ ਕਿਹਾ ਜਾਂਦਾ ਹੈ। ਸੱਸ ਅਤੇ ਪਤੀ ਨਾਲੋਂ ਦੂਰੀ ਰੱਖਣ ਇਹ ਮਹੀਨਾਂ ਤੱਥ ਅਤੇ ਤੱਥ ਰਹਿਤ ਵਿਚਾਰ ਰੱਖਦਾ ਹੈ।

ਤਮਾਮ ਬਨਸਪਤੀ ਦੀ ਪਿਆਸ ਬੁਝਾ ਕੇ ਇਹ ਮਹੀਨਾ ਪ੍ਰਕਿਰਤੀ ਨੂੰ ਹਰੀ-ਭਰੀ ਕਰਨ ਦਾ ਹੁਲਾਰਾ ਅਤੇ ਹੁੰਗਾਰਾ ਦਿੰਦਾ ਹੈ। ਇਸ ਤੋਂ ਇਲਾਵਾ ਕੁਦਰਤ ਅਤੇ ਗੀਤ ਸੰਗੀਤ ਨੂੰ ਰਸਭਿੰਨਾ ਬਣਾਉਂਦਾ ਹੈ। ਅੰਬ ਅਤੇ ਜਮੋਏ ਪੂਰੇ ਜੋਬਨ 'ਤੇ ਰਸਦੇ ਹਨ। ਸਕੂਲਾਂ ਕਾਲਜਾਂ ਅਤੇ ਪਿੰਡਾਂ ਦੇ ਵਿਰਸੇ ਨੂੰ ਉਘਾੜਨ ਦਾ ਉਪਰਾਲਾ ਕਰਦਾ ਹੈ। ਰੀਝਾਂ ਦਾ ਵਰਣਨ ਕਰਦਾ ਪਤੀ ਨਾਲੋਂ ਬਿਰਹੋਂ ਦੀਆਂ ਪੀੜ੍ਹਾਂ ਅਤੇ ਸਖੀਆਂ ਸਹੇਲੀਆਂ ਨਾਲ ਮੇਲ ਕਰਾਉਂਦਾ ਹੈ। ਕੁਆਰੀਆਂ ਕੁੜੀਆਂ ਸ਼ਿਵ ਜੀ ਦੀ ਪੂਜਾ ਕਰਦੀਆਂ ਹਨ, ਜਿਸ ਨਾਲ ਉਨ੍ਹਾਂ ਨੂੰ ਮਨਪਸੰਦ ਵਰ ਦੀ ਧਾਰਨਾ ਬੱਝਦੀ ਹੈ। ਹਰੀਆਂ ਚੂੜੀਆਂ ਔਰਤਾਂ ਪਹਿਨਦੀਆਂ ਹਨ ਅਤੇ ਸੋਮਵਾਰ ਸ਼ਿਵ ਜੀ ਦਾ ਵਰਤ ਰੱਖੀਆਂ ਹਨ। ਔਰਤਾਂ ਦੇ ਸਮੁੱਚੇ ਪੱਖਾਂ ਦੀ ਕਲਾਕਾਰੀ ਅਤੇ ਤਰਜ਼ਮਾਨੀ ਕਰਦਾ ਹੋਇਆ ਕੁੜੀਆਂ ਦੀ ਜਵਾਨੀ ਦੇ ਹੜ੍ਹ ਨੂੰ ਇਉਂ ਚਿਤਰਦਾ ਹੈ:-

"ਆਇਆ ਸੌਣ ਮਹੀਨਾ ਕੁੜੀਓ ਲੈਕੇ ਠੰਡੀਆਂ ਹਵਾਵਾਂ,
ਪੇਕੇ ਘਰੋਂ ਮੈਨੂੰ ਆਈਆਂ ਝਾਂਜਰਾਂ ਮਾਰ ਅੱਡੀ ਛਣਕਾਵਾਂ,
ਖੱਟਾ ਡੋਰੀਆ ਉਡ—ਉਡ ਜਾਂਦਾ ਜਦ ਮੈਂ ਪੀਂਘ ਚੜ੍ਹਾਵਾਂ,
ਸੌਣ ਦਿਆ ਬਦਲਾ ਵੇ ਮੈਂ ਤੇਰਾ ਜੱਸ ਗਾਵਾਂ"

ਸਾਉਣ ਮਹੀਨੇ ਰੱਖੜ ਪੁੰਨਿਆ ਨੂੰ ਰੱਖੜੀ ਦਾ ਤਿਉਹਾਰ ਆਉਂਦਾ ਹੈ, ਜੋ ਭੈਣ ਭਰਾ ਦਾ ਪਿਆਰ ਜਤਾਉਂਦਾ ਹੈ। ਇਸ ਮਹੀਨੇ ਵਿਆਹੀਆਂ ਕੁੜੀਆਂ ਨੂੰ ਸੰਧਾਰੇ ਦਿੱਤੇ ਜਾਂਦੇ ਹਨ। ਸਾਉਣ ਦੀ ਤੀਜ ਤੋਂ ਸ਼ੁਰੂ ਹੋ ਕੇ ਸਾਰਾ ਮਹੀਨਾ ਤੀਆਂ ਦਾ ਤਿਉਹਾਰ ਮਨਾਉਣ ਲਈ ਕੁੜੀਆਂ ਗਿੱਧੇ ਪਾਉਂਦੀਆਂ ਅਤੇ ਪੀਂਘਾਂ ਝੂਟਦੀਆਂ ਹਨ। ਤਰ੍ਹਾਂ-ਤਰ੍ਹਾਂ ਦੇ ਸਵਾਦੀ ਪਕਵਾਨ ਬਣਾਉਂਦੀਆਂ ਹਨ। ਜੋ ਕੁੜੀਆਂ ਤੀਆਂ ਵਿਚ ਸ਼ਰੀਕ ਹੋਣੋਂ ਖੁੰਝ ਜਾਂਦੀਆਂ, ਉਨ੍ਹਾਂ ਨੂੰ ਸਹੁਰੇ ਘਰ ਹੀ ਤੀਆਂ ਦਾ ਤਿਉਹਾਰ ਪੁੱਜਦਾ ਕੀਤਾ ਜਾਂਦਾ ਹੈ। ਤੀਆਂ ਤੋਂ ਪਹਿਲੀ ਰਾਤ ਮਹਿੰਦੀ ਲਾਉਣ ਦੀ ਹੁੰਦੀ ਹੈ। ਸਭ ਔਰਤਾਂ ਦੇ ਹੱਥ ਮਹਿੰਦੀ ਨਾਲ ਸੂਹੇ ਨਜ਼ਰ ਪੈਂਦੇ ਹਨ। ਚੂੜੀਆਂ, ਗੀਬਨਾਂ ਅਤੇ ਹਾਰ ਸ਼ਿੰਗਾਰ ਦੇ ਲਿਸ਼ਕਾਰੇ ਵੱਜਦੇ ਹਨ। ਮਾਪਿਆਂ ਦੀਆਂ ਵਧੀਆਂ ਰੌਣਕਾਂ ਕਰਕੇ ਸਾਉਣ ਦੀ ਸਿਫਤ ਕੀਤੀ ਜਾਂਦੀ ਹੈ ਅਤੇ ਵਿਛੋੜੇ ਕਰਕੇ ਭਾਦੋਂ ਨੂੰ ਉਲਾਂਭਾ ਦਿੱਤਾ ਜਾਂਦਾ ਹੈ:-

"ਸਾਉਣ ਵੀਰ ਕੱਠੀਆਂ ਕਰੇ ਭਾਦੋਂ ਚੰਦਰੀ ਵਿਛੋੜੇ ਪਾਵੇ"

ਕੁਦਰਤ ਦਾ ਮਾਨਵੀਕਰਨ ਕਰਦਾ ਹੋਇਆ ਸਾਵਣ ਮਹੀਨਾ ਨਣਦ ਭਰਜਾਈ ਦੇ ਰਿਸ਼ਤੇ ਨੂੰ ਗੂੜ੍ਹਾ ਬਣਾਉਂਦਾ ਹੈ। ਪੰਜਾਬ ਦੇ ਪੇਂਡੂ ਇਲਾਕਿਆ ਵਿਚ ਇਹ ਰੀਤ ਪ੍ਰਚਲਿਤ ਸੀ ਕਿ ਵਿਆਹ ਤੋਂ ਬਾਅਦ ਕੁੜੀਆਂ ਪਹਿਲਾ ਸਾਵਣ ਮਹੀਨਾ ਮਾਪਿਆਂ ਕੋਲ ਸੁਹਾਗਮਈ ਤਰੀਕੇ ਨਾਲ ਮਨਾਉਂਦੀਆਂ ਹਨ ਅਤੇ ਉਸ ਤੋਂ ਬਾਅਦ ਮਾਪਿਆਂ ਕੋਲ ਜ਼ਰੂਰੀ ਨਹੀਂ ਸੀ। ਬਾਅਦ ਵਿਚ ਆਪਣੀ ਕਬੀਲਦਾਰੀ ਵਿਚ ਖੁੱਭ ਜਾਂਦੀਆਂ ਹਨ। ਆਪੋ ਆਪਣੇ ਤਰੀਕੇ ਨਾਲ ਜ਼ਿੰਦਗੀ ਭਰ ਸਾਵਣ ਮਨਾਉਂਦੀਆਂ ਰਹਿੰਦੀਆਂ ਹਨ। ਆਪਣੇ ਪਰਿਵਾਰਾਂ ਅਤੇ ਚੰਨ ਮਾਹੀ ਨਾਲ ਸੁਪਨੇ ਸੁਜੋਂਦੀਆਂ ਔਰਤਾਂ ਸ਼ਿਵ ਕੁਮਾਰ ਬਟਾਲਵੀ ਦੀ ਨਜ਼ਰ ਵਿਚ ਇਉਂ ਆਵਾਜ਼ ਦਿੰਦੀਆਂ:-

"ਲੰਘ ਗਿਆ ਵੇ ਮਾਹੀਆ ਸਾਵਣ ਲੰਘ ਗਿਆ,
ਸਾਰੀ ਧਰਤ ਲਲਾਰੀ ਸਾਵੀ ਰੰਗ ਗਿਆ।
ਹਾਣ ਮੇਰੇ ਦੀਆਂ ਕੁੜੀਆਂ ਚਿੜੀਆਂ, ਬਾਗ਼ੀਂ ਪੀਂਘਾਂ ਪਾਈਆਂ,
ਮੈਂ ਤੱਤੜੀ ਪਈ ਯਾਦ ਤੇਰੀ ਸੰਗ, ਖੇਡਾਂ ਪੂਣ ਸਲਾਈਆਂ
ਆਉਣ ਤੇਰੇ ਦਾ ਲਾਰਾ, ਸੂਲੀ ਟੰਗ ਗਿਆ
ਲੰਘ ਗਿਆ ਵੇ ਮਾਹੀਆ...।

ਵੇਖ ਘਟਾਂ ਵਿਚ ਉਡਦੇ ਬਗਲੇ ਨੈਣਾਂ ਛਹਿਬਰ ਲਾਈ,
ਆਪ ਤਾਂ ਤੁਰ ਗਿਉਂ ਲਾਮਾਂ ਉੱਤੇ, ਜਿੰਦ ਮੇਰੀ ਕਮਲਾਈ
ਕਾਲਾ ਬਿਸ਼ੀਆਰ ਨਾਗ ਹਿਜਰ ਦਾ ਡੰਗ ਗਿਆ
ਲੰਘ ਗਿਆ ਵੇ ਮਾਹੀਆ ...।

ਕੰਤ ਹੋਰਾਂ ਦੇ ਪਰਤੇ ਘਰ ਨੂੰ, ਤੂੰ ਕਿਓਂ ਦੇਰਾਂ ਲਾਈਆਂ
ਤੇਰੇ ਬਾਝੋਂ ਪਿੱਪਲ ਸੁੱਕ ਗਏ, ਤ੍ਰਿੰਞਣੀ ਗ਼ਮੀਆਂ ਛਾਈਆਂ
ਵਰ੍ਹਦਾ ਬੱਦਲ ਸਾਥੋਂ, ਅੱਥਰੂ ਮੰਗ ਗਿਆ
ਲੰਘ ਗਿਆ ਵੇ ਮਾਹੀਆ...।"

# ਐਯਾਸ਼ੀਆਂ ਦੇ ਅੱਡੇ ਬਣੇ ਦੇਸ਼ ਦੇ ਬਹੁਤਾਤ ਡੇਰੇ

- ਡੇਰੇਦਾਰਾਂ, ਪੁਲਿਸ ਤੇ ਰਾਜਨੀਤਿਕ ਆਗੂਆਂ ਦੀਆਂ ਆਪਸੀ ਸਾਂਝਾਂ ਸਮਾਜ ਲਈ ਘਾਤਕ
- ਰਾਮ ਰਹੀਮ, ਰਾਮਪਾਲ, ਆਸਾ ਰਾਮ ਤੇ ਸਵਾਮੀ ਦੇ ਭੋਰਿਆਂ ਦੀਆਂ ਗੁਫਾਵਾਂ ਵਿਚਲਾ ਸੱਚ
- ਮੀਡੀਆ ਨੂੰ ਦਬਕਾਉਣ ਲਈ ਕੀਤੇ ਜਾਂਦੇ ਨੇ ਯਤਨ

ਗੁਰਪ੍ਰੀਤ ਸਿੰਘ ਤਲਵੰਡੀ
778-980-9196
ਪੰਜਾਬ ਮੇਲ USA



ਭਾਰਤ ਦੇਸ਼ ਗੁਰੂਆਂ, ਪੀਰਾਂ, ਪੈਗੰਬਰਾਂ ਤੇ ਦੇਵੀ ਦੇਵਤਿਆਂ ਦੀ ਧਰਤੀ ਹੈ। ਇੱਥੇ ਹਰ ਧਰਮ, ਫਿਰਕੇ ਤੇ ਮਜ਼ਹਬ ਦੇ ਲੋਕ ਵਸਦੇ ਹਨ। ਲੋਕਾਂ ਦੀ ਆਪੋ-ਆਪਣੇ ਧਰਮ ਅੰਦਰ ਪੂਰੀ ਆਸਥਾ ਹੈ। ਲੇਕਿਨ ਇਨ੍ਹਾਂ ਧਰਮਾਂ ਦੀ ਆੜ ਵਿਚ ਦੇਸ਼ ਵਿਚ ਸ਼ਾਤਰ ਦਿਮਾਗ ਲੋਕਾਂ ਵਲੋਂ ਵੱਖ-ਵੱਖ ਧਰਮਾਂ ਨਾਲ ਸੰਬੰਧਿਤ ਡੇਰੇ ਬਣਾ ਕੇ ਭੋਲੇ-ਭਾਲੇ ਲੋਕਾਂ ਦੀ ਅੰਨੀਂ ਸ਼ਰਧਾ ਨੂੰ ਧਨ ਕਮਾਉਣ ਅਤੇ ਐਯਾਸ਼ੀਆਂ ਕਰਨ ਦਾ ਜ਼ਰੀਆ ਬਣਾਇਆ ਗਿਆ ਹੈ। ਟੈਲੀਵਿਜ਼ਨ ਚਲਾ ਕੇ ਦੇਖੋ, ਕਿੰਨੇ ਵਿਹਲੜਾਂ ਦੀ ਫੌਜ ਵੱਖ-ਵੱਖ ਧਰਮਾਂ ਦੇ ਮਖੌਟੇ ਪਾ ਕੇ ਲੋਕਾਂ ਨੂੰ ਪ੍ਰਵਚਨ ਸੁਣਾਂ ਕੇ ਆਪਣੇ ਮਗਰ ਲਗਾਈ ਬੈਠੀ ਹੈ। ਕੁੱਝ ਸਮਾਂ ਪਹਿਲਾਂ ਬਾਲੀਵੁੱਡ ਅਦਾਕਾਰ ਪਰੇਸ਼ ਰਾਵਲ ਦੀ ਫਿਲਮ 'ਓ ਮਾਈ ਗੌਡ' ਨੇ ਇਨ੍ਹਾਂ ਪਾਖੰਡੀ ਲੋਕਾਂ ਦੇ ਚੰਗੇ ਬਖੀਏ ਉਧੇੜੇ। ਜੇਕਰ ਗੱਲ ਕਰੀਏ ਇਨ੍ਹਾਂ ਡੇਰੇਦਾਰਾਂ ਦੇ ਆਚਰਣ ਦੀ, ਤਾਂ ਬਹੁਤੇ ਡੇਰੇਦਾਰ ਆਪਣੇ ਡੇਰਿਆਂ ਨੂੰ ਐਯਾਸ਼ੀ ਦੇ ਅੱਡੇ ਬਣਾ ਚੁੱਕੇ ਹਨ। ਇਸ ਦੀਆਂ ਉਦਾਹਰਨਾਂ ਵੀ ਸਾਹਮਣੇ ਹਨ।





ਡੇਰਾ ਸਰਸਾ ਦਾ ਮੁਖੀ ਗੁਰਮੀਤ ਰਾਮ ਰਹੀਮ ਐਯਾਸ਼ੀਆਂ ਨੂੰ ਲੈ ਕੇ ਸਭ ਤੋਂ ਵੱਧ ਚਰਚਿਤ ਰਿਹਾ। ਆਪਣੇ ਡੇਰੇ ਦੇ ਸ਼ਰਧਾਲੂਆਂ ਨੂੰ ਪ੍ਰਮਾਤਮਾਂ ਨਾਲ ਮਿਲਾਪ ਦੇ ਸਬਜ਼ਬਾਗ ਦਿਖਾ ਕੇ ਪੁਰਸ਼ਾਂ ਨੂੰ ਉਪਰੇਸ਼ਨ ਕਰਕੇ ਨਿਪੁੰਸਕ ਕਰ ਦੇਣ ਤੋਂ ਬਾਅਦ ਉਨ੍ਹਾਂ ਦੀਆਂ ਮਹਿਲਾਵਾਂ ਨਾਲ ਸਰੀਰਕ ਸੰਬੰਧ ਸਥਾਪਿਤ ਕਰਨੇ ਉਸਦਾ ਨਿੱਤਪ੍ਰਤੀ ਦਾ ਕੰਮ ਸੀ। ਇੱਕ ਮਹਿਲਾ ਨੂੰ ਆਪਣੀ ਮੂੰਹਬੋਲੀ ਧੀ ਬਣਾ ਕੇ ਉਸ ਨਾਲ ਸੰਬੰਧ ਸਥਾਪਿਤ ਕਰਨ ਬਾਰੇ ਮਹਿਲਾ ਦਾ ਪਤੀ ਮੀਡੀਆ ਵਿਚ ਦੋਸ਼ ਲਗਾ ਚੁੱਕਾ ਹੈ। ਸਿੱਖਾਂ ਦੇ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚ ਕੇ ਸਿੱਖਾਂ ਦੀਆਂ ਭਾਵਨਾਵਾਂ ਭੜਕਾਈਆਂ ਅਤੇ ਹੁਣ ਉਕਤ ਬਾਬਾ ਜੇਲ੍ਹ ਦੀਆਂ ਸਲਾਖਾਂ ਪਿੱਛੇ ਹੈ। ਇਸ ਦੁਆਰਾ ਕੀਤੇ ਜਾਣ ਵਾਲੇ ਮਾੜੇ ਕੰਮਾਂ ਨੂੰ ਜੱਗ ਜ਼ਾਹਿਰ ਕਰਨ ਵਾਲੇ ਮੀਡੀਆ ਕਰਮੀਆਂ ਨੂੰ ਧਮਕੀਆਂ, ਕਾਨੂੰਨੀ ਕਾਰਵਾਈਆਂ ਦੇ ਡਰਾਵੇ ਜਾਂ ਫਿਰ ਪੱਤਰਕਾਰ ਛੱਤਰਪਤੀ ਨੂੰ ਮੌਤ ਦੇ ਘਾਟ ਉਤਾਰਨਾ ਵੀ ਇਸ ਦੇ ਕਾਲੇ ਕਾਰਨਾਮਿਆਂ ਨੂੰ ਜੱਗ ਜ਼ਾਹਿਰ ਕਰਦਾ ਹੈ। ਪੰਜਾਬ ਤੇ ਹਰਿਆਣਾ ਦੀਆਂ ਰਾਜਸੀ ਪਾਰਟੀਆਂ ਦੇ ਸ਼ਾਇਦ ਹੀ ਕੋਈ ਆਗੂ ਹੋਣਗੇ, ਜੋ ਡੇਰਾ ਸਿਰਸਾ ਵਿਖੇ ਨਾ ਜਾ ਕੇ ਆਏ ਹੋਣ। ਆਪਣੇ ਆਪ ਨੂੰ ਵੱਡੇ ਪੰਥਕ ਅਖਵਉਣ ਵਾਲੇ ਆਗੂਆਂ ਨੇ ਤਾਂ ਇਸ ਬਾਬੇ ਨੂੰ ਸਭ ਤੋਂ ਵੱਧ ਮਾਨਤਾ ਦਿੱਤੀ, ਜਿਸ ਬਾਰੇ ਆਏ ਦਿਨ ਨਵੇਂ ਤੋਂ ਨਵੇਂ ਖੁਲਾਸੇ ਹੋ ਰਹੇ ਹਨ। ਇਨ੍ਹਾਂ ਲੋਕਾਂ ਵਲੋਂ ਰਾਮ ਰਹੀਮ ਨੂੰ ਉਸਦੇ ਕੀਤੇ ਪਾਪਾ ਤੋਂ ਬਚਾਉਣ ਲਈ ਸਿੱਖਾਂ ਦੇ ਸਿਰਮੌਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਵੀ ਵਰਤਿਆ ਗਿਆ।





ਇਸ ਤੋਂ ਬਿਨ੍ਹਾਂ ਹਰਿਆਣਾਂ ਦੇ ਜ਼ਿਲ੍ਹਾ ਸੋਨੀਪਤ ਵਿਚ ਸੱਤਲੋਕ ਆਸ਼ਰਮ ਬਣਾ ਕੇ ਬੈਠੇ ਸੰਤ ਰਾਮਪਾਲ ਨੂੰ ਵੀ ਸਰਕਾਰਾਂ ਨੇ ਪੂਰੇ ਭੂਹੇ ਚੜ੍ਹਾਇਆ। ਜਦ ਬਾਬਾ ਸਰਕਾਰਾਂ ਨੂੰ ਅੱਖਾਂ ਦਿਖਾਉਣ ਲੱਗ ਗਿਆ, ਤਾਂ ਮਾਨਯੋਗ ਅਦਾਲਤ ਵਲੋਂ ਵੱਡੀ ਨਫਰੀ ਪੈਰਾ ਮਿਲਟਰੀ ਫੋਰਸਾਂ ਤਾਇਨਾਤ ਕਰਕੇ ਇਸ ਢੌਂਗੀ ਬਾਬੇ ਨੂੰ ਨੱਥ ਪਾਈ। ਇਹ ਬਾਬਾ ਵੀ ਨਾਜਾਇਜ਼ ਅਸਲੇ ਨਾਲ ਸਰਕਾਰੀ ਅਮਲੇ ਨਾਲ ਦੋ-ਦੋ ਹੱਥ ਕਰਨ ਦੀ ਤਿਆਰੀ ਕਰੀ ਬੈਠਾ ਸੀ। ਹੁਣ ਰਾਮਪਾਲ ਵੀ ਜੇਲ੍ਹ ਦੀ ਹਵਾ ਵਿਚ ਸਾਹ ਲੈ ਰਿਹਾ ਹੈ। ਰਾਮਪਾਲ ਹਰਿਆਣਾ ਦੇ ਜ਼ਿਲ੍ਹਾ ਸੋਨੀਪੱਤ ਵਿਚ ਆਪਣਾਂ ਸੱਤਲੋਕ ਆਸ਼ਰਮ ਨਾਂ ਦਾ ਡੇਰਾ ਬਣਾਈ ਬੈਠਾ ਸੀ ਅਤੇ ਆਪਣੇ ਆਪ ਨੂੰ ਕਬੀਰਪੰਥੀ ਫਿਰਕੇ ਨਾਲ ਸੰਬੰਧਿਤ ਦੱਸ ਰਿਹਾ ਸੀ। ਇਸ ਸਭ ਕੁੱਝ ਲਈ ਰਾਜਸੀ ਜਮਾਤਾਂ ਤੇ ਪੁਲਿਸ ਤੰਤਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ, ਜੋ ਅਜਿਹੇ ਗੁੰਡਾਤੰਤਰ ਤੇ ਐਯਾਸ਼ੀਆਂ ਦੇ ਅੱਡਿਆਂ ਨੂੰ ਵਧਣ ਫੁੱਲਣ ਦਾ ਮੌਕਾ ਦਿੰਦਾ ਹੈ।

ਆਪੇ ਬਣੇ ਬਾਪੂ ਆਸਾ ਰਾਮ ਦੇ ਕਾਰਨਾਮਿਆਂ ਤੋਂ ਕੌਣ ਜਾਣੂੰ ਨਹੀਂ ਹੈ। ਆਸਾ ਰਾਮ ਨੇ ਦੇਸ਼ ਦੇ ਵੱਖ ਵੱਖ ਸੂਬਿਆਂ ਵਿਚ ਗੁਰੂ ਕੁੱਲ ਆਸ਼ਰਮ ਬਣਾ ਕੇ ਆਪਣੇ ਸ਼ਰਧਾਲੂਆਂ ਦੀ ਗਿਣਤੀ ਵਿਚ ਚੋਖਾ ਵਾਧਾ ਕੀਤਾ। ਆਪਣੇ ਸਮਾਗਮਾਂ ਵਿਚ ਬੀਬੀਆਂ ਨਾਲ ਨ੍ਰਿਤ ਕਰਨਾਂ ਵੀ ਇਸ ਬਾਬੇ ਦਾ ਸ਼ੌਂਕ ਸੀ। ਇਹ ਵੀ ਰਾਮ ਰਹੀਮ ਵਾਂਗ ਵਡੇਰੀ ਉਮਰ ਵਿਚ ਐਯਾਸ਼ੀਆਂ ਦਾ ਸ਼ੌਕੀਨ ਸੀ। ਜਦ ਆਸਾ ਰਾਮ ਤੇ ਇਸਦੇ ਪੁੱਤਰ ਨਰਾਇਣ ਸਾਈਂ ਦੇ ਕੁਕਰਮਾਂ ਦੀ ਸੂਚੀ ਲੰਬੀ ਹੋ ਗਈ, ਤਾਂ ਇਸ ਬਾਰੇ ਮਾਨਯੋਗ ਅਦਾਲਤਾਂ ਤੱਕ ਵੀ ਮਾਮਲਾ ਅੱਪੜਿਆ, ਤਾਂ ਪੁਲਿਸ ਦੁਆਰਾ ਇਸ ਨੂੰ ਵੀ ਕਾਬੂ ਕਰਕੇ ਜੇਲ੍ਹ ਭੇਜਿਆ ਗਿਆ। ਇਸਦਾ ਸਪੁੱਤਰ ਨਰਾਇਣ ਸਾਈਂ ਤਾਂ ਆਪਣੇ ਲੁਧਿਆਣਾਂ ਵਿਖੇ ਸਿੱਧਵਾਂ ਬ੍ਰਾਂਚ ਨਹਿਰ ਦੇ ਕੰਢੇ ਰਮਣੀਕ ਜਗ੍ਹਾ 'ਤੇ ਬਣੇ ਡੇਰੇ ਵਿਚੋਂ ਲੁਕਿਆ ਹੋਇਆ ਫੜਿਆ ਗਿਆ।



ਇੱਥੇ ਹੀ ਬੱਸ ਨਹੀਂ, ਤੀਜੀ ਅੱਖ ਵਾਲੇ ਨਿਰਮਲ ਬਾਬੇ ਦਾ ਵੀ ਹਸ਼ਰ ਏਹੀ ਹੋਇਆ। ਉਸਨੂੰ ਇਨਕਮ ਟੈਕਸ ਵਿਭਾਗ ਸਮੇਤ ਬਹੁਤੇ ਵਿਭਾਗਾਂ ਨੇ ਕੁੱਝ ਕੁ ਸਾਲਾਂ ਵਿਚ ਹੀ ਹੱਦੋਂ ਵੱਧ ਜਾਇਦਾਦ ਬਣਾਉਣ ਲਈ ਲਪੇਟੇ ਵਿਚ ਲਿਆ। ਸ਼ਾਇਦ ਹੁਣ ਤੱਕ ਉਕਤ ਬਾਬਾ ਵੀ ਜੇਲ੍ਹ ਵਿਚ ਹੀ ਹੈ। ਇਹ ਬਾਬਾ ਨਿਰਮਲਜੀਤ ਸਿੰਘ ਨਰੂਲਾ, ਲੁਧਿਆਣਾ ਨਾਲ ਸੰਬੰਧਿਤ ਸੀ ਅਤੇ ਇਹ ਆਪਣਾ ਆਨਲਾਈਨ ਕਾਰੋਬਾਰ ਕਰਦਾ ਸੀ। ਟੈਲੀਵਿਜ਼ਨ ਉੱਪਰ ਪ੍ਰਵਚਨ ਕਰਨ ਤੋਂ ਬਾਅਦ ਲੋਕਾਂ ਨੰ ਆਨਲਾਈਨ ਭੇਟਾ ਦੇਣ ਲਈ ਪ੍ਰੇਰਿਤ ਕਰਦਾ ਦੀ। ਇਸ ਤਰ੍ਹਾਂ ਇਸਨੇ ਬੇਅੰਤ ਧਨ ਦੌਲਤ ਇਕੱਠੀ ਕੀਤੀ।

ਹੁਣ ਤਾਜ਼ਾ ਇੱਕ ਵੀਡੀਓ ਸਵਾਮੀ ਸ਼ੰਕਰਾਨੰਦ ਦੀ ਵਾਇਰਲ ਹੋਈ। ਇਸ ਵਿਚ ਵੀ ਬਾਬਾ ਕਿਸੇ ਸ਼ਰਧਾਲੂ ਬੀਬੀ ਨਾਲ ਇਤਰਾਜ਼ਯੋਗ ਹਾਲਤ ਵਿਚ ਦਿਖਾਈ ਦੇ ਰਿਹਾ ਹੈ। ਇਹ ਡੇਰਾ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਤਲਵੰਡੀ ਖੁਰਦ ਵਿਚ ਸਥਿਤ ਹੈ। ਇਲਾਕਾ ਨਿਵਾਸੀ ਸੰਘਰਸ਼ ਦੇ ਰਾਹ ਪਏ ਹਨ। ਇਸ ਤੋਂ ਬਿਨ੍ਹਾਂ ਬਾਬੇ ਨੂੰ ਗ੍ਰਿਫਤਾਰ ਕਰਵਾਉਣ ਲਈ ਮਾਨਯੋਗ ਅਦਾਲਤਾਂ ਦਾ ਸਹਾਰਾ ਵੀ ਲਿਆ ਜਾ ਰਿਹਾ ਹੈ। ਭੂਰੀ ਵਾਲੇ ਭੇਖ ਦੇ ਧਾਮ ਛੁਡਾਣੀ ਹਰਿਆਣਾ ਦੇ ਮੁਖੀ ਸਵਾਮੀ ਦਇਆ ਸਾਗਰ ਇਸ ਬਾਬੇ ਨੂੰ ਆਪਣੇ ਪੰਥ ਵਿਚੋਂ ਖਾਰਜ ਕਰ ਚੁੱਕੇ ਹਨ ਅਤੇ ਚੰਡੀਗੜ੍ਹ ਪ੍ਰੈੱਸ ਕਲੱਬ ਵਿਚ ਪ੍ਰੈੱਸ ਕਾਨਫਰੰਸ ਕਰਕੇ ਸਵਾਮੀ ਦਇਆ ਸਾਗਰ ਨੇ ਉਕਤ ਸਵਾਮੀ ਵਲੋਂ ਚਲਾਏ ਜਾ ਰਹੇ ਅਨਾਥ ਆਸ਼ਰਮ ਦੇ ਬੱਚਿਆਂ ਉਪਰ ਵੀ ਸ਼ੋਸ਼ਣ ਹੋਣ ਦੇ ਦੋਸ਼ ਲਗਾਏ ਹਨ। ਪੰਜਾਬ ਸਰਕਾਰ, ਮਾਨਯੋਗ ਅਦਾਲਤਾਂ ਜਾਂ ਬੱਚਿਆਂ ਦੀ ਭਲਾਈ ਲਈ ਕੰਮ ਕਰਦੀਆਂ ਸੰਸਥਾਵਾਂ ਨੂੰ ਵੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਸਵਾਮੀ ਹਾਲੇ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹੈ ਜਾਂ ਇਹ ਕਹਿ ਸਕਦੇ ਹਾਂ ਕਿ ਪੁਲਿਸ ਹਾਲੇ ਸਵਾਮੀ ਨੂੰ ਫੜਨ ਦੇ ਰੌਂਅ ਵਿਚ ਨਹੀਂ ਹੈ। ਇਸ ਮਾਮਲੇ 'ਤੇ ਰਾਜਸੀ ਆਗੂ ਵੀ ਹਾਲੇ ਤੱਕ ਚੁੱਪੀ ਸਾਧੀ ਬੈਠੇ ਹਨ। ਸਾਰੀਆਂ ਹੀ ਸਿਆਸੀ ਪਾਰਟੀਆਂ ਦਾ ਸ਼ਾਇਦ ਹੀ ਕੋਈ ਆਗੂ ਹੋਵੇਗਾ, ਜੋ ਉਕਤ ਡੇਰੇ 'ਤੇ ਨਾ ਅੱਪੜਿਆ ਹੋਵੇਗਾ। ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਸਮੇਤ ਅਕਾਲ ਤਖਤ ਦੇ ਸਾਬਕਾ ਜੱਥੇਦਾਰ ਜੋਗਿੰਦਰ ਸਿੰਘ ਵੇਂਦਾਤੀ ਵੀ ਉਕਤ ਡੇਰੇ ਵਿਚ ਹਾਜ਼ਰੀ ਭਰ ਚੁੱਕੇ ਹਨ। ਹੁਣ ਪਿੰਡ ਦੀ ਪੰਚਾਇਤ ਸਮੇਤ ਇਲਾਕਾ ਵਾਸੀ ਉਕਤ ਸਵਾਮੀ ਨੂੰ ਡੇਰਾ ਛੱਡਣ ਲਈ ਦਬਾਅ ਬਣਾ ਰਹੇ ਹਨ। ਰਾਜਸੀ ਆਗੂਆਂ ਦੀ ਚੁੱਪੀ ਵੀ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦੀ ਹੈ। ਪੁਲਿਸ ਪ੍ਰਸ਼ਾਸਨ ਵੀ ਢਿੱਲਮੱਠ ਦੀ ਨੀਤੀ ਅਪਣਾਅ ਰਿਹਾ ਹੈ। ਪ੍ਰੰਤੂ ਸਵਾਮੀ 'ਤੇ ਲੱਗ ਰਹੇ ਦੋਸ਼ਾਂ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ।

ਇੱਥੇ ਇਹ ਗੱਲ ਵੀ ਹੈਰਾਨ ਕਰਨ ਵਾਲੀ ਹੈ ਕਿ ਪੰਜਾਬ ਦੇ ਬਹੁਤੇ ਡੇਰੇਦਾਰਾਂ ਨੂੰ ਅੱਧਖੜ ਉਮਰ ਜਾਂ ਬੁਢਾਪੇ ਵਿਚ ਹੀ ਕਿਉਂ ਐਯਾਸ਼ੀਆਂ ਕਰਨ ਦਾ ਚੇਤਾ ਆਉਂਦਾ ਹੈ। ਇਹ ਵੀ ਪਤਾ ਲੱਗਾ ਹੈ ਕਿ ਬਹੁਤੇ ਬਾਬੇ ਪੁਰਾਣੇ ਰਾਜੇ ਮਹਾਰਾਜਿਆਂ ਵਾਂਗ ਆਪਣੇ ਕੋਲ ਵੈਦ ਰੱਖਦੇ ਹਨ ਅਤੇ ਸੋਨਾ, ਚਾਂਦੀ, ਹੀਰਾ ਭਸਮਾਂ ਖਾਦੇ ਹਨ, ਜਿਸ ਕਰਕੇ ਸੰਗਤ ਦੇ ਪੈਸੇ ਨਾਲ ਇਨ੍ਹਾਂ ਨੂੰ ਐਯਾਸ਼ੀਆਂ ਦੀ ਖੇਡ ਸੁੱਝਦੀ ਹੈ। ਇਸ ਤਰ੍ਹਾਂ ਇਹ ਆਪੇ ਬਣੇ ਬਾਬੇ ਜਾਂ ਮਹਾਤਮਾਂ ਸਮਾਜ ਲਈ ਵੱਡਾ ਨਾਸੂਰ ਬਣ ਰਹੇ ਹਨ। ਇਹ ਬਾਬਾਵਾਦ ਸਮਾਜ ਦੀ ਸੁਰੱਖਿਆ ਲਈ ਘਾਤਕ ਸਾਬਿਤ ਹੋ ਰਿਹਾ ਹੈ।

# "ਸਕ੍ਰੀਨ ਗ੍ਰਿਪ: ਭਾਰਤ ਆਸਟ੍ਰੇਲੀਆ ਤੋਂ ਸਬਕ ਲੈ ਰਿਹਾ ਹੈ?"

***ਆਸਟ੍ਰੇਲੀਆ ਨੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਯੂਟਿਊਬ ਸਮੇਤ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪਾਬੰਦੀ ਲਗਾਉਣ ਦਾ ਦਲੇਰਾਨਾ ਫੈਸਲਾ ਲਿਆ ਹੈ। ਇਹ ਕਦਮ ਬੱਚਿਆਂ ਨੂੰ ਆਨਲਾਈਨ ਦੁਨੀਆਂ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਲਈ ਚੁੱਕਿਆ ਗਿਆ ਹੈ। ਭਾਰਤ ਵਰਗੇ ਦੇਸ਼ਾਂ ਵਿਚ, ਜਿੱਥੇ ਡਿਜੀਟਲ ਲਤ ਤੇਜ਼ੀ ਨਾਲ ਫੈਲ ਰਹੀ ਹੈ, ਅਜਿਹੀ ਨੀਤੀ ਬਹੁਤ ਜ਼ਰੂਰੀ ਹੋ ਗਈ ਹੈ। ਹੁਣ ਸਮਾਂ ਆ ਗਿਆ ਹੈ ਕਿ ਭਾਰਤ ਵੀ ਬੱਚਿਆਂ ਦੇ ਡਿਜੀਟਲ ਅਧਿਕਾਰਾਂ ਦੀ ਰੱਖਿਆ ਲਈ ਸਪੱਸ਼ਟ ਕਾਨੂੰਨ ਬਣਾਏ, ਮਾਪਿਆਂ ਨੂੰ ਜਾਗਰੂਕ ਕਰੇ ਅਤੇ ਬੱਚਿਆਂ ਨੂੰ ਸਕ੍ਰੀਨ ਦੀ ਲਤ ਤੋਂ ਮੁਕਤ ਕਰਕੇ ਸੰਤੁਲਿਤ ਵਿਕਾਸ ਵੱਲ ਵਧੇ। ਦੁਨੀਆਂ ਦੇ ਦੇਸ਼ਾਂ ਨੂੰ ਆਸਟ੍ਰੇਲੀਆ ਦੇ ਫੈਸਲੇ ਤੋਂ ਸਬਕ ਸਿੱਖਣਾ ਚਾਹੀਦਾ ਹੈ ਕਿ ਬੱਚਿਆਂ ਨੂੰ ਸੋਸ਼ਲ ਮੀਡੀਆ ਤੋਂ ਦੂਰ ਰੱਖਣ ਦਾ ਸਮਾਂ ਆ ਗਿਆ ਹੈ। – ਡਾ. ਪ੍ਰਿਯੰਕਾ ਸੌਰਭ***


ਪ੍ਰਿਯੰਕਾ ਸੌਰਭ
ਹਰਿਆਣਾ
ਮੋਬਾਇਲ : 70153-75570
(ਗੱਲਬਾਤ + ਵਟਸਐਪ)
ਪੰਜਾਬ ਮੇਲ USA






"ਬਚਪਨ ਹੁਣ ਕਿਤਾਬਾਂ ਨਾਲ ਨਹੀਂ, ਸਗੋਂ ਸਕ੍ਰੀਨ ਦੀ ਚਮਕ ਨਾਲ ਬਣਦਾ ਹੈ।" ਇਹ ਵਾਕ ਹੁਣ ਸਿਰਫ਼ ਇੱਕ ਸਾਹਿਤਕ ਪ੍ਰਤੀਕ ਨਹੀਂ ਰਿਹਾ, ਸਗੋਂ ਸਾਡੇ ਸਮਾਜ ਦੀ ਹਕੀਕਤ ਬਣ ਗਿਆ ਹੈ। ਬੱਚਿਆਂ ਲਈ ਮੋਬਾਈਲ, ਟੈਬਲੇਟ ਅਤੇ ਇੰਟਰਨੈੱਟ ਦੀ ਪਹੁੰਚ ਇੰਨੀ ਆਸਾਨ ਹੋ ਗਈ ਹੈ ਕਿ ਚਾਰ ਸਾਲ ਦਾ ਬੱਚਾ ਵੀ ਯੂਟਿਊਬ 'ਤੇ ਕਾਰਟੂਨ ਦੇਖ ਸਕਦਾ ਹੈ ਅਤੇ ਦਸ ਸਾਲ ਦਾ ਬੱਚਾ ਇੰਸਟਾਗ੍ਰਾਮ 'ਤੇ ਰੀਲਾਂ ਬਣਾਉਣਾ ਜਾਣਦਾ ਹੈ। ਅਜਿਹੀ ਸਥਿਤੀ ਵਿਚ, ਆਸਟ੍ਰੇਲੀਆਈ ਸਰਕਾਰ ਦੁਆਰਾ ਲਿਆ ਗਿਆ ਫੈਸਲਾ ਨਾ ਸਿਰਫ਼ ਦਲੇਰਾਨਾ ਹੈ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਵੱਲ ਇੱਕ ਇਤਿਹਾਸਕ ਕਦਮ ਵੀ ਹੈ। ਆਸਟ੍ਰੇਲੀਆ ਨੇ ਫੈਸਲਾ ਕੀਤਾ ਹੈ ਕਿ 16 ਸਾਲ ਤੋਂ ਘੱਟ ਉਮਰ ਦੇ ਬੱਚੇ ਯੂਟਿਊਬ ਵਰਗੇ ਪਲੇਟਫਾਰਮਾਂ ਦੀ ਵਰਤੋਂ ਨਹੀਂ ਕਰ ਸਕਣਗੇ। ਇਹ ਨੀਤੀ 10 ਦਸੰਬਰ ਤੋਂ ਲਾਗੂ ਹੋ ਰਹੀ ਹੈ ਅਤੇ ਇਸਦੀ ਉਲੰਘਣਾ ਕਰਨ 'ਤੇ ਸਬੰਧਤ ਪਲੇਟਫਾਰਮਾਂ 'ਤੇ ਭਾਰੀ ਜੁਰਮਾਨਾ ਲਗਾਇਆ ਜਾਵੇਗਾ।

ਆਸਟ੍ਰੇਲੀਆਈ ਸੰਸਦ ਪਹਿਲਾਂ ਹੀ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਫੇਸਬੁੱਕ, ਇੰਸਟਾਗ੍ਰਾਮ, ਸਨੈਪਚੈਟ, ਟਿਕਟੋਕ ਅਤੇ ਐਕਸ ਵਰਗੇ ਪਲੇਟਫਾਰਮਾਂ 'ਤੇ ਪਾਬੰਦੀ ਲਗਾ ਚੁੱਕੀ ਹੈ। ਹੁਣ ਯੂਟਿਊਬ ਨੂੰ ਵੀ ਇਸ ਦਾਇਰੇ ਵਿਚ ਸ਼ਾਮਲ ਕੀਤਾ ਗਿਆ ਹੈ। ਇਹ ਦੁਨੀਆਂ ਦਾ ਪਹਿਲਾ ਕਾਨੂੰਨ ਹੈ, ਜੋ ਬੱਚਿਆਂ ਦੀ ਡਿਜੀਟਲ ਸੁਰੱਖਿਆ ਨੂੰ ਲੈ ਕੇ ਇੰਨੀ ਸਪੱਸ਼ਟਤਾ ਅਤੇ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਨਿਯਮਾਂ ਅਨੁਸਾਰ, ਜੇਕਰ ਕੋਈ ਪਲੇਟਫਾਰਮ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸੇਵਾਵਾਂ ਪ੍ਰਦਾਨ ਕਰਨਾ ਜਾਰੀ ਰੱਖਦਾ ਹੈ, ਤਾਂ ਉਸ 'ਤੇ 50 ਮਿਲੀਅਨ ਆਸਟ੍ਰੇਲੀਆਈ ਡਾਲਰ ਤੱਕ ਦਾ ਜੁਰਮਾਨਾ ਲਗਾਇਆ ਜਾਵੇਗਾ। ਇਹ ਕੋਈ ਆਮ ਚੇਤਾਵਨੀ ਨਹੀਂ ਹੈ, ਸਗੋਂ ਤਕਨੀਕੀ ਕੰਪਨੀਆਂ ਨੂੰ ਜਵਾਬਦੇਹ ਬਣਾਉਣ ਦੀ ਇੱਕ ਗੰਭੀਰ ਕੋਸ਼ਿਸ਼ ਹੈ।

ਆਸਟ੍ਰੇਲੀਆਈ ਸਰਕਾਰ ਦਾ ਮੰਨਣਾ ਹੈ ਕਿ ਆਨਲਾਈਨ ਪਲੇਟਫਾਰਮ ਬੱਚਿਆਂ ਦੀ ਮਾਨਸਿਕ ਸਿਹਤ, ਸਮਾਜਿਕ ਵਿਕਾਸ ਅਤੇ ਵਿਵਹਾਰ 'ਤੇ ਨਕਾਰਾਤਮਕ ਪ੍ਰਭਾਵ ਪਾ ਰਹੇ ਹਨ। ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਮਾਪਿਆਂ ਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ ਉਨ੍ਹਾਂ ਦੇ ਬੱਚੇ ਕੀ ਦੇਖ ਰਹੇ ਹਨ ਅਤੇ ਕਿਸ ਦੇ ਪ੍ਰਭਾਵ ਹੇਠ ਹਨ। ਯੂਟਿਊਬ ਵਰਗੇ ਪਲੇਟਫਾਰਮਾਂ 'ਤੇ ਬੱਚਿਆਂ ਨੂੰ ਜਿਸ ਸਮੱਗਰੀ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਅਕਸਰ ਹਿੰਸਾ, ਲਿੰਗ ਪੱਖਪਾਤ, ਅਪਮਾਨਜਨਕ ਭਾਸ਼ਾ ਅਤੇ ਅਸ਼ਲੀਲ ਵਿਵਹਾਰ ਨਾਲ ਭਰੀ ਹੁੰਦੀ ਹੈ। ਇੰਨਾ ਹੀ ਨਹੀਂ, ਬੱਚਿਆਂ ਨੂੰ ਲਗਾਤਾਰ ਇਸ਼ਤਿਹਾਰ, ਬ੍ਰਾਂਡੇਡ ਸਮੱਗਰੀ ਅਤੇ ਗਲੈਮਰਸ ਜ਼ਿੰਦਗੀ ਦਿਖਾ ਕੇ ਉਨ੍ਹਾਂ ਨੂੰ ਅਸਲ ਦੁਨੀਆਂ ਤੋਂ ਦੂਰ ਕੀਤਾ ਜਾ ਰਿਹਾ ਹੈ।

ਯੂਟਿਊਬ ਦਾ ਕਹਿਣਾ ਹੈ ਕਿ ਇਹ ਸਿਰਫ਼ ਇੱਕ ਵੀਡੀਓ ਹੋਸਟਿੰਗ ਪਲੇਟਫਾਰਮ ਹੈ ਅਤੇ ਇਸਨੂੰ ਸੋਸ਼ਲ ਮੀਡੀਆ ਵਜੋਂ ਸ਼੍ਰੇਣੀਬੱਧ ਨਹੀਂ ਕੀਤਾ ਜਾਣਾ ਚਾਹੀਦਾ। ਯੂਟਿਊਬ ਦੇ ਇੱਕ ਬੁਲਾਰੇ ਦਾ ਤਰਕ ਹੈ ਕਿ 13 ਤੋਂ 15 ਸਾਲ ਦੀ ਉਮਰ ਦੇ ਲਗਭਗ ਤਿੰਨ-ਚੌਥਾਈ ਆਸਟ੍ਰੇਲੀਆਈ ਕਿਸ਼ੋਰ ਇਸਦੀ ਵਰਤੋਂ ਕਰਦੇ ਹਨ ਅਤੇ ਇਸਦੀ ਵਰਤੋਂ ਵਿਦਿਅਕ, ਰਚਨਾਤਮਕ ਅਤੇ ਮਨੋਰੰਜਨ ਦੇ ਉਦੇਸ਼ਾਂ ਲਈ ਕੀਤੀ ਜਾਂਦੀ ਹੈ। ਪਰ ਸਵਾਲ ਇਹ ਉੱਠਦਾ ਹੈ ਕਿ ਕੀ ਯੂਟਿਊਬ ਜਾਂ ਹੋਰ ਸੋਸ਼ਲ ਮੀਡੀਆ ਪਲੇਟਫਾਰਮ ਬੱਚਿਆਂ ਲਈ ਸੱਚਮੁੱਚ ਸੁਰੱਖਿਅਤ ਹਨ? ਕੀ ਉਹ ਇਹ ਯਕੀਨੀ ਬਣਾਉਂਦੇ ਹਨ ਕਿ ਬੱਚਿਆਂ ਨੂੰ ਸਿਰਫ਼ ਢੁਕਵੀਂ ਅਤੇ ਸਕਾਰਾਤਮਕ ਸਮੱਗਰੀ ਦਿਖਾਈ ਜਾਵੇ? ਅਸਲੀਅਤ ਇਹ ਹੈ ਕਿ ਜ਼ਿਆਦਾਤਰ ਤਕਨੀਕੀ ਕੰਪਨੀਆਂ ਸਿਰਫ਼ ਵਿਊਜ਼, ਕਲਿੱਕਾਂ ਅਤੇ ਇਸ਼ਤਿਹਾਰਬਾਜ਼ੀ ਆਮਦਨ ਲਈ ਕੰਮ ਕਰਦੀਆਂ ਹਨ, ਬੱਚਿਆਂ ਦੀ ਮਾਨਸਿਕ ਸਿਹਤ ਦੀ ਰੱਖਿਆ ਲਈ ਨਹੀਂ।

ਇਹ ਮੁੱਦਾ ਭਾਰਤ ਵਰਗੇ ਦੇਸ਼ਾਂ ਵਿਚ ਹੋਰ ਵੀ ਗੰਭੀਰ ਹੋ ਜਾਂਦਾ ਹੈ। ਇੱਥੇ ਇੰਟਰਨੈੱਟ ਉਪਭੋਗਤਾਵਾਂ ਦੀ ਗਿਣਤੀ ਕਰੋੜਾਂ ਵਿਚ ਹੈ, ਜਿਨ੍ਹਾਂ ਵਿਚੋਂ ਇੱਕ ਵੱਡੀ ਗਿਣਤੀ ਕਿਸ਼ੋਰ ਅਤੇ ਸਕੂਲੀ ਬੱਚੇ ਹਨ। ਇੱਕ ਰਿਪੋਰਟ ਦੇ ਅਨੁਸਾਰ, ਭਾਰਤ ਵਿਚ 13 ਤੋਂ 17 ਸਾਲ ਦੀ ਉਮਰ ਦੇ ਬੱਚੇ ਹਰ ਰੋਜ਼ ਔਸਤਨ ਤਿੰਨ ਘੰਟੇ ਤੋਂ ਵੱਧ ਸਮਾਂ ਸੋਸ਼ਲ ਮੀਡੀਆ 'ਤੇ ਬਿਤਾਉਂਦੇ ਹਨ। ਇੰਨੀ ਛੋਟੀ ਉਮਰ ਵਿਚ ਜਦੋਂ ਬੱਚਿਆਂ ਨੂੰ ਕਿਤਾਬਾਂ, ਖੇਡਾਂ ਅਤੇ ਸਮਾਜਿਕ ਗੱਲਬਾਤ 'ਤੇ ਸਮਾਂ ਬਿਤਾਉਣਾ ਚਾਹੀਦਾ ਹੈ, ਉਹ ਆਪਣੇ ਕਮਰਿਆਂ ਵਿਚ ਇਕੱਲੇ ਬੈਠਦੇ ਹਨ ਅਤੇ ਸਕ੍ਰੀਨ ਨਾਲ ਚਿਪਕ ਜਾਂਦੇ ਹਨ। ਇਹ ਨਾ ਸਿਰਫ਼ ਉਨ੍ਹਾਂ ਦੀਆਂ ਅੱਖਾਂ ਅਤੇ ਸਰੀਰਕ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ, ਸਗੋਂ ਭਾਵਨਾਤਮਕ ਅਤੇ ਸਮਾਜਿਕ ਵਿਕਾਸ ਵਿਚ ਵੀ ਰੁਕਾਵਟ ਪਾਉਂਦਾ ਹੈ।

ਸਕੂਲਾਂ ਦੇ ਅਧਿਆਪਕ ਹੁਣ ਇਸ ਗੱਲੋਂ ਚਿੰਤਤ ਹਨ ਕਿ ਵਿਦਿਆਰਥੀ ਸਾਰੀ ਰਾਤ ਮੋਬਾਈਲ ਫੋਨਾਂ 'ਤੇ ਰੁੱਝੇ ਰਹਿਣ ਕਾਰਨ ਪੜ੍ਹਾਈ 'ਤੇ ਧਿਆਨ ਨਹੀਂ ਦੇ ਪਾ ਰਹੇ। ਮਾਪੇ ਦੁਚਿੱਤੀ ਵਿਚ ਹਨ ਕਿ ਆਪਣੇ ਬੱਚਿਆਂ ਨੂੰ ਮੋਬਾਈਲ ਫੋਨ ਦੇਣ ਜਾਂ ਨਾ ਦੇਣ, ਕਿਉਂਕਿ ਜੇ ਉਹ ਉਨ੍ਹਾਂ ਨੂੰ ਮੋਬਾਈਲ ਫੋਨ ਨਹੀਂ ਦਿੰਦੇ, ਤਾਂ ਬੱਚਾ ਪਿੱਛੇ ਪੈਣ ਤੋਂ ਡਰਦਾ ਹੈ, ਅਤੇ ਜੇ ਉਹ ਦਿੰਦੇ ਹਨ, ਤਾਂ ਉਹ ਸਕ੍ਰੀਨ ਦੇ ਆਦੀ ਹੋ ਜਾਂਦੇ ਹਨ। ਡਿਜੀਟਲ ਲਤ ਹੁਣ ਨਸ਼ੇ ਵਾਂਗ ਫੈਲ ਗਈ ਹੈ। ਚਿੜਚਿੜਾਪਨ, ਨੀਂਦ ਦੀ ਘਾਟ, ਇਕਾਗਰਤਾ ਦੀ ਘਾਟ ਅਤੇ ਰਿਸ਼ਤਿਆਂ ਤੋਂ ਦੂਰੀ ਵਰਗੀਆਂ ਸਮੱਸਿਆਵਾਂ ਹੁਣ ਬੱਚਿਆਂ ਵਿਚ ਆਮ ਹੋ ਗਈਆਂ ਹਨ। ਕੁਝ ਬੱਚੇ ਸੋਸ਼ਲ ਮੀਡੀਆ 'ਤੇ ਟ੍ਰੋਲਿੰਗ ਅਤੇ ਸਾਈਬਰ ਧੱਕੇਸ਼ਾਹੀ ਦਾ ਸ਼ਿਕਾਰ ਹੋ ਰਹੇ ਹਨ, ਜੋ ਉਨ੍ਹਾਂ ਦੇ ਆਤਮਵਿਸ਼ਵਾਸ ਅਤੇ ਮਾਨਸਿਕ ਸੰਤੁਲਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ।

ਭਾਰਤ ਵਿਚ ਇਸ ਮੁੱਦੇ 'ਤੇ ਅਜੇ ਤੱਕ ਕੋਈ ਠੋਸ ਨੀਤੀ ਨਹੀਂ ਹੈ। ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ 13 ਸਾਲ ਦੀ ਉਮਰ ਸੀਮਾ ਨਿਰਧਾਰਤ ਹੈ, ਪਰ ਕੋਈ ਵੀ ਇਸਦਾ ਪਾਲਣ ਨਹੀਂ ਕਰਦਾ। ਬੱਚੇ ਗਲਤ ਉਮਰ ਦਰਜ ਕਰਕੇ ਖਾਤੇ ਬਣਾਉਂਦੇ ਹਨ ਅਤੇ ਬਿਨਾਂ ਕਿਸੇ ਨਿਗਰਾਨੀ ਦੇ ਉਨ੍ਹਾਂ ਦੀ ਵਰਤੋਂ ਕਰਦੇ ਹਨ। ਮਾਪਿਆਂ ਦੀ ਭੂਮਿਕਾ ਵੀ ਸ਼ੱਕੀ ਹੈ – ਕੁਝ ਮਾਪੇ ਖੁਦ ਆਪਣੇ ਬੱਚਿਆਂ ਨੂੰ ਸਕ੍ਰੀਨ ਦੇ ਕੇ ਵਿਅਸਤ ਰੱਖਦੇ ਹਨ, ਜਦੋਂ ਕਿ ਉਨ੍ਹਾਂ ਨੂੰ ਮਾਰਗਦਰਸ਼ਕ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਭਾਰਤ ਵਿਚ ਸਕੂਲ ਪੱਧਰ 'ਤੇ ਵੀ ਡਿਜੀਟਲ ਨੈਤਿਕਤਾ ਬਾਰੇ ਸਿੱਖਿਆ ਦੀ ਘਾਟ ਹੈ। ਬੱਚਿਆਂ ਨੂੰ ਇਹ ਨਹੀਂ ਸਿਖਾਇਆ ਜਾਂਦਾ ਕਿ ਤਕਨਾਲੋਜੀ ਦੀ ਸਮਝਦਾਰੀ ਨਾਲ ਵਰਤੋਂ ਕਿਵੇਂ ਕਰਨੀ ਹੈ, ਜਾਅਲੀ ਖ਼ਬਰਾਂ ਤੋਂ ਕਿਵੇਂ ਬਚਣਾ ਹੈ, ਜਾਂ ਸਾਈਬਰ ਖਤਰਿਆਂ ਤੋਂ ਕਿਵੇਂ ਸੁਚੇਤ ਰਹਿਣਾ ਹੈ।

ਸਮੱਸਿਆ ਸਿਰਫ਼ ਤਕਨਾਲੋਜੀ ਦੀ ਨਹੀਂ ਹੈ, ਸਗੋਂ ਸਮਾਜਿਕ ਅਤੇ ਪਰਿਵਾਰਕ ਜਾਗਰੂਕਤਾ ਦੀ ਵੀ ਹੈ। ਜਦੋਂ ਤੱਕ ਮਾਪੇ, ਅਧਿਆਪਕ ਅਤੇ ਸਰਕਾਰਾਂ ਮਿਲ ਕੇ ਇਹ ਫੈਸਲਾ ਨਹੀਂ ਕਰਦੀਆਂ ਕਿ ਬੱਚਿਆਂ ਨੂੰ ਕਿਸ ਤਰ੍ਹਾਂ ਦੀ ਡਿਜੀਟਲ ਦੁਨੀਆਂ ਵਿਚ ਦਾਖਲ ਹੋਣਾ ਚਾਹੀਦਾ ਹੈ, ਕੋਈ ਵੀ ਤਕਨੀਕੀ ਹੱਲ ਪ੍ਰਭਾਵਸ਼ਾਲੀ ਨਹੀਂ ਹੋ ਸਕਦਾ। ਡਿਜੀਟਲ ਅਨੁਸ਼ਾਸਨ ਸਿਰਫ਼ ਕਾਨੂੰਨ ਤੋਂ ਨਹੀਂ, ਸਗੋਂ ਸੰਸਕਾਰ ਅਤੇ ਸਮਝ ਤੋਂ ਆਉਂਦਾ ਹੈ।

ਆਸਟ੍ਰੇਲੀਆ ਦਾ ਇਹ ਕਦਮ ਪ੍ਰੇਰਨਾਦਾਇਕ ਹੈ ਕਿਉਂਕਿ ਇਸਨੇ ਬੱਚਿਆਂ ਦੀ ਡਿਜੀਟਲ ਸੁਰੱਖਿਆ ਨੂੰ ਤਰਜੀਹ ਦਿੱਤੀ ਅਤੇ ਤਕਨੀਕੀ ਕੰਪਨੀਆਂ ਨੂੰ ਚੁਣੌਤੀ ਦਿੱਤੀ। ਭਾਰਤ ਨੂੰ ਹੋਰ ਇੰਤਜ਼ਾਰ ਨਹੀਂ ਕਰਨਾ ਚਾਹੀਦਾ। ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਇੱਕ ਸਪੱਸ਼ਟ ਅਤੇ ਸਖ਼ਤ ਨੀਤੀ ਬਣਾਏ ਕਿ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸੋਸ਼ਲ ਮੀਡੀਆ ਅਤੇ ਮਨੋਰੰਜਨ ਪਲੇਟਫਾਰਮਾਂ ਤੋਂ ਦੂਰ ਰੱਖਿਆ ਜਾਵੇ। ਨਾਲ ਹੀ, ਸਮੱਗਰੀ ਫਿਲਟਰਿੰਗ, ਸਕ੍ਰੀਨ ਸਮਾਂ ਸੀਮਾਵਾਂ ਅਤੇ ਉਮਰ ਤਸਦੀਕ ਵਰਗੀਆਂ ਤਕਨਾਲੋਜੀਆਂ ਨੂੰ ਲਾਜ਼ਮੀ ਬਣਾਇਆ ਜਾਣਾ ਚਾਹੀਦਾ ਹੈ।

ਇਸ ਦੇ ਨਾਲ ਹੀ, ਮਾਪਿਆਂ ਲਈ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣੀਆਂ ਚਾਹੀਦੀਆਂ ਹਨ, ਤਾਂ ਜੋ ਉਹ ਸਮਝ ਸਕਣ ਕਿ ਬੱਚਿਆਂ ਦੇ ਜੀਵਨ ਵਿਚ ਸਕ੍ਰੀਨ ਦੀ ਕੀ ਭੂਮਿਕਾ ਹੋਣੀ ਚਾਹੀਦੀ ਹੈ। ਡਿਜੀਟਲ ਨਾਗਰਿਕਤਾ ਬਾਰੇ ਸਿੱਖਿਆ ਨੂੰ ਸਕੂਲਾਂ ਵਿਚ ਪਾਠਕ੍ਰਮ ਦਾ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ। ਮੀਡੀਆ ਅਤੇ ਫਿਲਮ ਉਦਯੋਗ ਨੂੰ ਬੱਚਿਆਂ ਲਈ ਸਕਾਰਾਤਮਕ, ਮੁੱਲ-ਆਧਾਰਿਤ ਅਤੇ ਪ੍ਰੇਰਣਾਦਾਇਕ ਸਮੱਗਰੀ ਤਿਆਰ ਕਰਨ ਦੀ ਜ਼ਿੰਮੇਵਾਰੀ ਵੀ ਲੈਣੀ ਪਵੇਗੀ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਅੱਜ ਦੇ ਬੱਚੇ ਕੱਲ੍ਹ ਦੇ ਸਮਾਜ ਦਾ ਫੈਸਲਾ ਕਰਨਗੇ। ਜੇਕਰ ਉਹ ਹੁਣੇ ਵਰਚੁਅਲ ਦੁਨੀਆਂ ਦੇ ਭਰਮ ਵਿਚ ਗੁਆਚ ਜਾਂਦੇ ਹਨ, ਤਾਂ ਉਨ੍ਹਾਂ ਨੂੰ ਅਸਲ ਦੁਨੀਆਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਤਾਕਤ ਨਹੀਂ ਮਿਲੇਗੀ। ਇੱਕ ਅਜਿਹਾ ਸਮਾਜ ਸਿਰਜਿਆ ਜਾਵੇਗਾ, ਜੋ ਸਕ੍ਰੀਨ 'ਤੇ ਜੀਵੇਗਾ, ਪਰ ਜ਼ਿੰਦਗੀ ਦੀਆਂ ਹਕੀਕਤਾਂ ਤੋਂ ਦੂਰ ਹੋਵੇਗਾ।

ਬਚਪਨ ਸਿਰਫ਼ ਜ਼ਿੰਦਗੀ ਦਾ ਇੱਕ ਪੜਾਅ ਨਹੀਂ ਹੈ, ਇਹ ਮਨੁੱਖੀ ਜੀਵਨ ਦੀ ਨੀਂਹ ਹੈ। ਜੇਕਰ ਸੋਸ਼ਲ ਮੀਡੀਆ ਉਸ ਨੀਂਹ ਵਿਚ ਤਰੇੜਾਂ ਭਰ ਦਿੰਦਾ ਹੈ, ਤਾਂ ਉਹ ਇਮਾਰਤ ਜੋ ਉੱਪਰ ਖੜ੍ਹੀ ਹੈ, ਕਦੇ ਵੀ ਮਜ਼ਬੂਤ ਨਹੀਂ ਹੋਵੇਗੀ। ਆਸਟ੍ਰੇਲੀਆ ਨੇ ਦੁਨੀਆਂ ਨੂੰ ਇਹ ਸੰਦੇਸ਼ ਦਿੱਤਾ ਹੈ ਕਿ ਬੱਚਿਆਂ ਦੀ ਸੁਰੱਖਿਆ ਸਿਰਫ਼ ਪਰਿਵਾਰਕ ਜ਼ਿੰਮੇਵਾਰੀ ਨਹੀਂ ਹੋਣੀ ਚਾਹੀਦੀ, ਸਗੋਂ ਇੱਕ ਰਾਸ਼ਟਰੀ ਨੀਤੀ ਹੋਣੀ ਚਾਹੀਦੀ ਹੈ।

ਭਾਰਤ ਨੂੰ ਇਸ ਚੇਤਾਵਨੀ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿਰਫ਼ ਡਿਜੀਟਲ ਤੌਰ 'ਤੇ ਸਮਰੱਥ ਹੀ ਨਹੀਂ, ਸਗੋਂ ਸੰਤੁਲਿਤ, ਸੰਵੇਦਨਸ਼ੀਲ ਅਤੇ ਸੁਰੱਖਿਅਤ ਨਾਗਰਿਕ ਬਣਾਉਣਾ ਚਾਹੀਦਾ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਸਕ੍ਰੀਨ ਤੋਂ ਕੁਝ ਦੂਰੀ ਬਣਾਈਏ ਅਤੇ ਉਨ੍ਹਾਂ ਨੂੰ ਕਿਤਾਬਾਂ, ਖੇਡਾਂ ਅਤੇ ਰਿਸ਼ਤਿਆਂ ਲਈ ਦੁਬਾਰਾ ਆਪਣੀ ਜ਼ਿੰਦਗੀ ਵਿਚ ਜਗ੍ਹਾ ਦੇਈਏ। ਨਹੀਂ ਤਾਂ, ਉਹ ਦਿਨ ਦੂਰ ਨਹੀਂ, ਜਦੋਂ ਬੱਚੇ ਸਾਡੇ ਨਾਲ ਨਹੀਂ, ਸਗੋਂ ਸਿਰਫ ਸਕ੍ਰੀਨ ਨਾਲ ਵੱਡੇ ਹੋਣਗੇ।

"ਜੇ ਬਚਪਨ ਸਕ੍ਰੀਨਾਂ ਵਿਚ ਗੁਆਚ ਜਾਵੇ, ਫਿਰ ਸਮਾਜ ਖੁਦ ਆਪਣੇ ਭਵਿੱਖ ਤੋਂ ਪਰੇਸ਼ਾਨ ਹੋ ਜਾਵੇਗਾ"।

ਅਨਿਲ ਧੀਰ
ਬਰੈਂਪਟਨ, ਕੈਨੇਡਾ
647-853-5800
healthmedia1@hotmail.com
(Punjab Mail USA)

# ਪੇਟ-ਦਰਦ ਬਣੀ ਆਮ ਸਮੱਸਿਆ

**"ਪੇਟ-ਦਰਦ ਕੰਮ ਕਰਦੇ ਹੋਏ, ਚਲਦੇ-ਫਿਰਦੇ, ਸਲੀਪ ਦੌਰਾਣ, ਘੱਟ ਜਾਂ ਤੇਜ਼ ਦਰਦ ਕਦੇ ਵੀ ਸ਼ੁਰੂ ਹੋ ਜਾਂਦਾ ਹੈ। ਅਚਾਨਕ ਤੇ ਜ਼ਿਆਦਾ ਸਮੇਂ ਤੱਕ ਰਹਿਣ ਵਾਲਾ ਦਰਦ ਗੰਭੀਰ ਵੀ ਹੋ ਸਕਦਾ ਹੈ। ਛੋਟੇ ਬੱਚੇ ਅਤੇ ਗਰਭਵਤੀ ਔਰਤਾਂ ਜ਼ਿਆਦਾ ਪ੍ਰੇਸ਼ਾਨ ਹੋ ਸਕਦੇ ਹਨ। ਦਰਦ ਦੌਰਾਣ ਕੁੱਝ ਵੀ ਕਰਨਾ ਮੁਸ਼ਕਲ ਹੋ ਜਾਂਦਾ ਹੈ। ਸਹੀ ਜਾਂਚ ਬਾਅਦ ਕਾਰਨ ਦਾ ਪਤਾ ਲੱਗਦਾ ਹੈ" – ਡਾ. ਅਨਿਲ ਧੀਰ**

ਵਿਸ਼ਵ ਭਰ 'ਚ ਖਾਣ-ਪਾਣ ਅਤੇ ਰਹਿਣ-ਸਹਿਣ 'ਚ ਤੇਜ਼ੀ ਨਾਲ ਹੋ ਰਹੀ ਤਬਦੀਲੀ ਕਾਰਨ ਬਣੀ ਆਮ ਸਮੱਸਿਆ ਪੇਟ-ਦਰਦ। ਕਰੀਬਨ 60% ਆਬਾਦੀ ਪੇਟ-ਦਰਦ ਦੀ ਸ਼ਿਕਾਰ ਹੋ ਚੁੱਕੀ ਹੈ। ਆਮ ਤੌਰ 'ਤੇ ਇਹ ਲੱਛਣ ਜਾਨਲੇਵਾ ਬਿਮਾਰੀਆਂ ਦਾ ਕਾਰਨ ਤਾਂ ਨਹੀਂ, ਲੇਕਿਨ ਗੰਭੀਰ ਰੋਗ ਦੀ ਨਿਸ਼ਾਨੀ ਹੋ ਸਕਦੀ ਹੈ। ਹਰ ਉਮਰ ਦਾ ਵਿਅਕਤੀ ਇਸ ਦੇ ਘੇਰੇ 'ਚ ਦੇਖਿਆ ਜਾ ਰਿਹਾ ਹੈ। ਪੇਟ-ਦਰਦ ਮਿੰਟਾਂ ਤੋਂ ਲੈ ਕੇ ਦਿਨਾਂ ਤੱਕ ਵੀ ਰਹਿ ਸਕਦਾ ਹੈ।

ਰਿਸਰਚ ਮੁਤਾਬਕ ਇਸ ਦਾ ਕਾਰਨ ਲੱਭਣ 'ਚ ਖ਼ੂਨ ਪਿਸ਼ਾਬ ਦੇ ਐਕਸਰੇ ਅਤੇ ਅਲਟ੍ਰਾਸਾਊਂਡ ਟੈਸਟ ਦੀ ਮਦਦ ਲਈ ਜਾ ਰਹੀ ਹੈ। ਆਮ ਤੌਰ 'ਤੇ ਪੇਟ ਅੰਦਰ ਦਰਦ- 8-19% ਗੈਸਟਰੋਐਂਟਰਾਈਟਸ, ਬਦਬੂਦਾਰ ਮੱਲ, ਕਬਜ਼ 3-14%, ਯੂਰੀਨ ਸਿਸਟਮ 5.5%, ਗੈਸਟਰਾਈਟਸ 5.8%, ਅਪੈਂਡਸਿਸ 2.5%, ਡਾਈਵਰਟੀਕੁਲਾਇਟਸ 3.5%, ਬਿਲੀਰੀ-ਪੈਨਕ੍ਰੇਟਿਕ 4.5%, ਅਤੇ ਨਿਓਪਲਾਸਟਿਕ 1.5% ਵਗੈਰਾ ਗੰਭੀਰ ਕਾਰਨ ਹੋ ਸਕਦੇ ਹਨ।

ਪੇਟ-ਦਰਦ ਕੰਮ ਕਰਦੇ ਹੋਏ, ਚਲਦੇ-ਫਿਰਦੇ, ਸਲੀਪ ਦੌਰਾਣ, ਘੱਟ ਜਾਂ ਤੇਜ਼ ਦਰਦ ਕਦੇ ਵੀ ਸ਼ੁਰੂ ਹੋ ਜਾਂਦਾ ਹੈ। ਅਚਾਨਕ ਤੇ ਜ਼ਿਆਦਾ ਸਮੇਂ ਤੱਕ ਰਹਿਣ ਵਾਲਾ ਦਰਦ ਗੰਭੀਰ ਵੀ ਹੋ ਸਕਦਾ ਹੈ। ਛੋਟੇ ਬੱਚੇ ਅਤੇ ਗਰਭਵਤੀ ਔਰਤਾਂ ਜ਼ਿਆਦਾ ਪ੍ਰੇਸ਼ਾਨ ਹੋ ਸਕਦੇ ਹਨ। ਦਰਦ ਦੌਰਾਣ ਕੁੱਝ ਵੀ ਕਰਨਾ ਮੁਸ਼ਕਲ ਹੋ ਜਾਂਦਾ ਹੈ। ਸਹੀ ਜਾਂਚ ਬਾਅਦ ਕਾਰਨ ਦਾ ਪਤਾ ਲੱਗਦਾ ਹੈ। ਪੇਟ ਅੰਦਰ ਦਰਦ ਖਾਣਾ ਖਾਣ ਤੋਂ ਬਾਅਦ ਬਦਹਜ਼ਮੀ, ਪੇਚਿਸ, ਪੇਟ ਦੇ ਕੀੜੇ, ਪਥਰੀ ਕਾਰਨ ਸੋਜ਼, ਗੈਸ ਏਸੀਡਿਟੀ, ਅਲਸਰੇਟਿਵ ਕੋਲਾਈਟਸ ਦੀ ਮਾਂਸਪੇਸ਼ੀਆਂ ਦੀ ਸੱਟ, ਲੜਕੀਆਂ ਨੂੰ ਮਾਹਵਾਰੀ ਦੌਰਾਣ, ਇਨਫੈਕਸ਼ਨ, ਲੈਕਟੋਜ਼ ਦੀ ਅਸਹਿਣਸ਼ੀਲਤਾ, ਕਬਜ਼, ਬਾਸੀ ਭੋਜਨ ਤੇ ਲਗਾਤਾਰ ਜੰਕ ਫੂਡ ਅਤੇ ਨਸ਼ਿਆਂ ਦੀ ਵਰਤੋਂ ਗੰਭੀਰ ਪੇਟ-ਦਰਦ ਦੀ ਸ਼ਿਕਾਇਤ ਪੈਦਾ ਕਰ ਸਕਦੇ ਹਨ।




## ਪੇਟ-ਦਰਦ ਦਾ ਆਮ ਇਲਾਜ਼:

- ਪੇਟ ਦੇ ਰੋਗੀਆਂ ਨੂੰ ਦਿਨ ਦੇ ਸਮੇਂ ਘੱਟ ਸਲੀਪ ਲੈਣੀ ਚਾਹੀਦੀ ਹੈ। ਪੇਟ ਅੰਦਰ ਏਸਿਡ ਪਿੱਛੇ ਅਤੇ ਛਾਤੀ ਵੱਲ ਵੱਧਣ ਦੀ ਸੰਭਾਵਨਾ ਹੁੰਦੀ ਹੈ। ਅਗਰ ਲੇਟਣਾ ਪਵੇ, ਤਾਂ ਸਿਰ ਤੇ ਗਰਦਨ ਹੇਠਾਂ 30 ਡਿਗਰੀ ਦਾ ਪਿਲੋ ਇਸਤੇਮਾਲ ਕਰੋ।
- ਭੋਜਨ ਨੂੰ ਪਚਾਣ ਅਤੇ ਜਜ਼ਬ ਕਰਨ ਲਈ ਸਰੀਰ ਨੂੰ ਪਾਣੀ ਦੀ ਲੋੜ ਹੁੰਦੀ ਹੈ। ਔਰਤਾਂ ਨੂੰ ਦਿਨ 'ਚ 3 ਲੀਟਰ, ਮਰਦਾਂ ਨੂੰ 4 ਲੀਟਰ, ਛੋਟੇ ਬੱਚਿਆਂ ਨੂੰ 1 ਲੀਟਰ ਪਾਣੀ ਦੀ ਲੋੜ ਹੁੰਦੀ ਹੈ। ਪੇਟ ਦੇ ਰੋਗੀਆਂ ਨੂੰ ਕੋਸੇ ਪਾਣੀ 'ਚ ਨਿੰਬੂ ਰੱਸ ਮਿਲਾ ਕੇ ਪੀਣਾ ਚਾਹੀਦਾ ਹੈ।
- ਪੇਟ-ਦਰਦ ਦੇ ਸ਼ਿਕਾਰ, ਤਾਜ਼ੇ ਪੁਦੀਨਾ ਪੱਤੇ 12, ਛੋਟੀ ਇਲਾਇਚੀ 2, ਮੋਟੀ ਸੌਂਫ 1 ਚੁੱਟਕੀ, 1 ਕੱਪ ਪਾਣੀ 'ਚ ਉਬਾਲੋ, ਅੱਧਾ ਰਹਿ ਜਾਣ 'ਤੇ, ਦੁਪਹਿਰ ਅਤੇ ਡਿਨਰ ਤੋਂ 15 ਮਿੰਟ ਪਹਿਲਾਂ ਲਗਾਤਾਰ ਕੁੱਝ ਦਿਨ ਪੀਓ।
- ਪੁਦੀਨੇ 'ਚ ਮੌਜੂਦ ਰਸਾਇਣ ਅੰਤੜੀ ਅੰਦਰ ਮਾਂਸਪੇਸ਼ੀ ਸਪਾਜ਼ਮ ਘਟਾ ਕੇ ਬਦਹਜ਼ਮੀ, ਗੈਸ, ਉਲਟੀ, ਦਸਤ, ਘਬਰਾਹਟ ਦੀ ਹਾਲਤ 'ਚ ਆਰਾਮ ਦਿੰਦਾ ਹੈ। ਚਾਹ ਪੀਣ ਦੇ ਸ਼ੌਕੀਨ, ਤਾਜ਼ੇ ਪੁਦੀਨਾ ਪੱਤੇ ਵਾਲੀ ਚਾਹ ਹੀ ਪੀਣ।
- ਗਰਮ ਪਾਣੀ ਵਾਲੀ ਰਬੜ ਦੀ ਬੋਤਲ ਜਾਂ ਹੀਟਿੰਗ ਪੈਡ ਟੈਨਸ ਮਾਂਸਪੇਸ਼ੀਆਂ ਨੂੰ ਲਚੀਲਾ ਕਰਦੇ ਹਨ। ਰਬੜ ਦੀ ਬੋਤਲ ਦਾ ਸੇਕ ਪਾਣੀ ਕੋਸਾ ਹੋਣ ਤੱਕ ਦਿਓ ਅਤੇ ਹੀਟਿੰਗ ਪੈਡ ਦਾ ਇਸਤੇਮਾਲ ਲੋੜ ਮੁਤਾਬਕ ਕਰਨ ਨਾਲ ਪੇਟ-ਦਰਦ 'ਚ ਆਰਾਮ ਮਿਲਦਾ ਹੈ।
- ਪੇਟ ਦੀ ਸਮੱਸਿਆ 'ਚ ਤਾਜ਼ੇ ਅਦਰਕ ਦਾ ਰੱਸ ਅੱਧਾ ਚਮਚ, ਸ਼ਹਿਦ 1 ਚਮਚ, ਸਵੇਰੇ ਸ਼ਾਮ ਲੈਣ ਤੋਂ ਬਾਅਦ ਕੋਸਾ ਪਾਣੀ ਪੀਓ।
- ਪੇਟ-ਦਰਦ ਤੇ ਦਸਤ ਦੀ ਹਾਲਤ 'ਚ ਦਹੀਂ, ਕੇਲਾ, ਚਾਵਲ, ਪਪੀਤਾ, ਬ੍ਰੈਡ ਟੋਸਟ ਅਤੇ ਖਿਚੜੀ, ਨਿੰਬੂ-ਪਾਣੀ ਲੈਣ ਨਾਲ ਰਾਹਤ ਮਿਲਦੀ ਹੈ।

ਨੋਟ: ਬਿਮਾਰੀ ਦੀ ਹਾਲਤ 'ਚ ਹਮੇਸ਼ਾ ਸਾਦਾ ਹਲਕਾ ਭੋਜਨ ਲਵੋ। ਮਿਰਚ-ਮਸਾਲੇ ਵਾਲੇ ਜੰਕ-ਫੂਡ ਦੇ ਸੇਵਨ ਤੋਂ ਬਚਣ ਦੀ ਲੋੜ ਹੁੰਦੀ ਹੈ। ਪੇਟ-ਦਰਦ ਲਗਾਤਾਰ ਰਹਿਣ ਦੀ ਹਾਲਤ 'ਚ ਬਿਨਾ ਦੇਰੀ ਆਪਣਾ ਇਲਾਜ ਕਰਾਓ।





# ਮਾਈਕਲ ਜੈਕਸਨ ਵਿਚ ਅਜਿਹਾ ਕੀ ਸੀ?

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲUSA



ਮਾਈਕਲ ਜੈਕਸਨ ਵਿਚ ਇਕ ਜਨੂੰਨ ਸੀ, ਇਕ ਨਵਾਂਪਨ, ਇਕ ਚੁੰਬਕੀ ਹੁਨਰ, ਇਕ ਕ੍ਰਿਸ਼ਮਈ ਕਲਾ, ਇਕ ਅਨੋਖੀ ਊਰਜਾ, ਅਨੋਖਾ ਸੰਗੀਤ, ਅਨੋਖਾ ਨਾਚ, ਅਨੋਖੀ ਪ੍ਰਤਿਭਾ, ਅਨੋਖੀ ਨਾਟਕੀਅਤਾ। ਇਨ੍ਹਾਂ ਖ਼ੂਬੀਆਂ ਦਾ ਸੰਗਮ ਸਟੇਜ 'ਤੇ ਸੁਪਨਾ ਸਿਰਜ ਦਿੰਦਾ ਸੀ। ਦਰਸ਼ਕਾਂ ਸਰੋਤਿਆਂ ਨੂੰ ਸੁਪਨਈ ਸੰਸਾਰ ਵਿਚ ਲੈ ਜਾਂਦਾ ਸੀ।

ਡੁਲ੍ਹ-ਡੁਲ੍ਹ ਪੈਂਦਾ ਹੁਨਰ ਤੱਕਣ ਲਈ ਲੋਕ ਆਪ ਮੁਹਾਰੇ ਆਣ ਜੁੜਦੇ ਸਨ। ਉਸਦੇ ਪ੍ਰੋਗਰਾਮਾਂ ਵਿਚ ਤਿਲ ਸੁੱਟਣ ਨੂੰ ਥਾਂ ਨਹੀਂ ਸੀ ਹੁੰਦੀ। ਉਹ ਸਟੇਜ ਦਾ ਧਨੀ ਸੀ। ਮਹਾਨ ਪੇਸ਼ਕਾਰ ਸੀ। ਕਾਲਾ, ਸਫੈਦ, ਲਾਲ ਤੇ ਸੁਨਹਿਰੀ ਉਸਦੇ ਪਸੰਦੀਦਾ ਰੰਗ ਸਨ।

ਲੋਕ ਉਸਨੂੰ ਕਿੰਨਾ ਪਿਆਰ ਕਰਦੇ ਸਨ, ਇਹ ਵੇਖਣ ਲਈ ਉਸਦੇ ਪ੍ਰੋਗਰਾਮਾਂ ਦੀਆਂ, ਵਿਸ਼ਵ ਟੂਰ ਦੀਆਂ, ਜਨਮ ਭੂਮੀ ਦੀ ਫੇਰੀ ਦੀਆਂ ਵੀਡੀਓ ਵੇਖਣੀਆਂ ਪੈਣਗੀਆਂ। ਉਹ ਬੜਾ ਨਰਮ ਦਿਲ ਸੀ। ਬੱਚਿਆਂ ਨਾਲ ਬੱਚਾ ਬਣ ਜਾਂਦਾ ਸੀ।

ਲੋਕ ਸੁਰੱਖਿਆਂ ਘੇਰਾ ਤੋੜ ਕੇ ਉਸਨੂੰ ਗਲੇ ਆ ਮਿਲਦੇ ਸਨ। ਤੋਹਫ਼ੇ ਦਿੰਦੇ ਸਨ। ਧਨ ਦੌਲਤ ਦਿੰਦੇ ਸਨ। ਗਹਿਣੇ ਦਿੰਦੇ ਸਨ। ਐਨੀ ਸ਼ੁਹਰਤ, ਐਨੀ ਪ੍ਰਸਿੱਧੀ, ਐਨਾ ਪਿਆਰ, ਐਨੀ ਦੌਲਤ ਅੱਜ ਤੱਕ ਕਿਸੇ ਕਲਾਕਾਰ ਨੂੰ ਨਹੀਂ ਮਿਲੀ।

ਉਹ ਸ਼ੁਹਰਤ ਦੀ ਬੁਲੰਦੀ ਦਾ ਲੁਤਫ਼ ਲੈਂਦਾ ਸੀ। ਕਿਸੇ ਨੂੰ ਨਰਾਜ਼ ਨਹੀਂ ਕਰਦਾ ਸੀ। ਜਿਧਰ ਵੀ ਪ੍ਰਸ਼ੰਸਕਾਂ ਦੀ ਭੀੜ ਨਜ਼ਰ ਆਉਂਦੀ, ਰੁਕਦਾ, ਉਨ੍ਹਾਂ ਵੱਲ ਵੇਖਦਾ, ਹੱਥ ਹਿਲਾਉਂਦਾ, ਫਿਰ ਅੱਗੇ ਜਾਂਦਾ।

ਪ੍ਰਸ਼ੰਸਕ ਸੜਕਾਂ 'ਤੇ, ਛੱਤਾਂ 'ਤੇ, ਪੁਲਾਂ 'ਤੇ ਹਜ਼ਾਰਾਂ ਲੱਖਾਂ ਦੀ ਗਣਿਤੀ ਵਿਚ ਦੂਰ-ਦੂਰ ਤੱਕ ਖੜ੍ਹੇ ਨਜ਼ਰ ਆਉਂਦੇ।

ਟੀ.ਵੀ. ਕੈਮਰਿਆਂ ਦਾ, ਫੋਟਗ੍ਰਾਫ਼ਰਾਂ ਦਾ ਝੁਰਮਟ ਇਕੱਠਾ ਹੋ ਜਾਂਦਾ। ਅਜਿਹੇ ਸਮੇਂ ਵੀ ਉਹ ਸ਼ਾਂਤ-ਸਹਿਜ ਰਹਿੰਦਾ ਸੀ। ਚਿਹਰੇ 'ਤੇ ਮੁਸਕਾਨ ਰੱਖਦਾ ਸੀ। ਸਕੂਲਾਂ ਵਿਚ ਬੱਚਿਆਂ ਨੂੰ ਮਿਲਦਿਆਂ, ਹਸਪਤਾਲਾਂ ਵਿਚ ਬਿਮਾਰ ਬੱਚਿਆਂ 'ਤੇ ਪਿਆਰ ਵਰਸਾਉਂਦਿਆਂ ਉਹ ਬੜਾ ਨੇਕ ਦਿਲ ਜਾਪਦਾ ਸੀ।

ਆਪਣੇ ਗੀਤਾਂ, ਮੂਨਵਾਕ, ਨਾਚ-ਸ਼ੈਲੀ, ਸੰਸਾਰ ਨੂੰ ਵੇਖਣ ਦੇ ਨਜ਼ਰੀਏ ਅਤੇ ਵਿਗਿਆਨ ਨੂੰ ਚੁਣੌਤੀ ਦੇਣ ਕਾਰਨ ਉਹ ਬੜਾ ਚਰਚਾ ਵਿਚ ਰਿਹਾ। ਉਹ 150 ਸਾਲ ਜਿਊਣਾ ਚਾਹੁੰਦਾ ਸੀ, ਇਸ ਲਈ ਉਸਨੇ 12 ਡਾਕਟਰ ਰੱਖੇ ਹੋਏ ਸਨ। ਨਿੱਜੀ ਲੈਬ ਵਿਚ ਲੰਮੀ ਉਮਰ ਸੰਬੰਧੀ ਤਜ਼ਰਬੇ ਕਰਾਉਂਦਾ ਰਹਿੰਦਾ ਸੀ। ਲੈਬ 'ਚੋਂ ਟੈਸਟ ਹੋਇਆ ਖਾਣਾ ਖਾਂਦਾ ਸੀ। ਆਕਸੀਜਨ ਚੈਂਬਰ ਵਿਚ ਸੌਂਦਾ ਸੀ।

ਉਹ ਜੋ ਵੀ ਕਰਦਾ ਅਨੋਖਾ, ਅਲੱਗ ਤੇ ਅਲੋਕਾਰ ਕਰਦਾ। ਇਸੇ ਲਈ ਉਸਦੇ ਨਾਂ 39 ਗਿਨੀਜ਼ ਰਿਕਾਰਡ ਦਰਜ ਹਨ।

ਮਾਈਕਲ ਜੈਕਸਨ ਦਾ ਜਨਮ 1958 ਵਿਚ ਹੋਇਆ। ਉਹ ਆਪਣੇ ਮਾਤਾ-ਪਿਤਾ ਦੀ 8ਵੀਂ ਸੰਤਾਨ ਸੀ। ਵੱਡਾ ਪਰਿਵਾਰ ਗੈਰੀ ਇੰਡਿਆਨਾ ਵਿਖੇ ਦੋ ਕਮਰਿਆਂ ਵਿਚ ਗੁਜ਼ਾਰਾ ਕਰਦਾ ਸੀ। ਪਿਤਾ ਜੋਈ ਜੈਕਸਨ ਨੂੰ ਗਿਟਾਰ ਵਜਾਉਣ ਦਾ ਸ਼ੌਕ ਸੀ। ਮਾਤਾ ਕੈਥਰੀਨ ਪਿਆਨੋ ਦੀ ਪੇਸ਼ਕਾਰੀ ਦਿੰਦੀ ਸੀ।

ਪਰਿਵਾਰ ਦੀ ਆਰਥਿਕ ਮਜ਼ਬੂਤੀ ਲਈ ਪਿਤਾ ਨੇ 1964 ਵਿਚ 'ਜੈਕਸਨ ਬ੍ਰਦਰ' ਨਾਂ ਦਾ ਬੈਂਡ ਬਣਾਇਆ। ਸਾਰੇ ਭੈਣ ਭਰਾ 'ਸਟਰੀਟ ਪਰਫਾਰਮੈਂਸ' ਦਿੰਦੇ ਸਨ। ਪਰਫਾਰਮੈਂਸ ਠੀਕ ਨਾ ਹੋਣ 'ਤੇ ਪਿਤਾ ਜੈਕਸਨ ਨੂੰ ਬੈੱਲਟ ਨਾਲ ਕੁੱਟਦਾ। ਪਿਤਾ ਦੇ ਚੰਡੇ ਮਾਈਕਲ ਨੇ ਸਟੇਜ ਦਾ ਸ਼ਾਹ-ਸਵਾਰ ਬਣ ਕੇ ਸੰਸਾਰ ਜਿੱਤ ਲਿਆ।

ਬੈਂਡ ਨੇ ਉਸਨੂੰ ਪਹਿਚਾਣ ਦਿੱਤੀ, ਤਾਂ ਨਿਊਯਾਰਕ ਆ ਕੇ ਫ਼ਿਲਮਾਂ ਵਿਚ ਕੰਮ ਕਰਨ ਲੱਗਾ। ਪਹਿਲੀ ਫ਼ਿਲਮ 'ਦਾ ਵਿਜ' ਅਸਫ਼ਲ ਰਹੀ ਪਰੰਤੂ ਫ਼ਿਲਮ ਦੇ ਸੰਗੀਤ ਨਿਰਦੇਸ਼ਕ ਨੇ ਉਸਦੀ ਚੁੰਬਕੀ ਪ੍ਰਤਿਭਾ ਨੂੰ ਪਛਾਣ ਲਿਆ ਅਤੇ ਉਸ ਨਾਲ ਤਿੰਨ ਸੋਲੋ ਸੰਗੀਤ ਐਲਬਮਾਂ ਕੀਤੀਆਂ, ਜੋ ਪ੍ਰਸਿੱਧ ਹੋਈਆਂ।

ਇਸੇ ਦੌਰਾਨ 1978 'ਚ ਡਾਂਸ ਕਰਦਿਆਂ ਉਸਦੇ ਨੱਕ ਦੀ ਹੱਡੀ ਟੁੱਟ ਗਈ। ਰਾਈਨੋਪਲਾਸਟੀ ਹੋਈ ਤਾਂ ਸਾਹ ਦੀ ਸਮੱਸਿਆ ਸ਼ੁਰੂ ਹੋ ਗਈ।

1982 'ਚ ਉਸਦੀ ਛੇਵੀਂ ਸੰਗੀਤ-ਐਲਬਮ ਥ੍ਰਿਲਰ ਆਈ ਤਾਂ ਉਸਦੀਆਂ 7 ਕਰੋੜ ਕਾਪੀਆਂ ਵਿਕੀਆਂ। ਇਸ ਐਲਬਮ ਨੂੰ 12 ਗ੍ਰੈਮੀ ਪੁਰਸਕਾਰ ਮਿਲੇ। ਪ੍ਰਤੀ ਐਲਬਮ 12 ਡਾਲਰ ਦੇ ਹਿਸਾਬ ਨਾਲ 84 ਕਰੋੜ ਡਾਲਰ ਰਾਇਲਟੀ ਮਿਲੀ।

1983 ਤੱਕ ਮਾਈਕਲ ਜੈਕਸਨ ਦਾ ਰੰਗ ਕਾਲਾ ਸੀ। ਇਸ ਉਪਰੰਤ ਸਾਫ਼ ਹੋਣਾ ਸ਼ੁਰੂ ਹੋ ਗਿਆ ਤਾਂ ਵੱਡਾ ਵਿਵਾਦ ਖੜ੍ਹਾ ਹੋ ਗਿਆ। ਵਿਵਾਦ ਰੋਕਣ ਲਈ ਉਸਦੇ ਚਮੜੀ ਦੇ ਡਾਕਟਰ ਨੇ ਦੱਸਿਆ ਕਿ ਉਸਨੂੰ ਵਿਟਿਲਿਗੋ (ਚਿੱਟੇ ਦਾਗ਼) ਦੀ ਸਮੱਸਿਆ ਹੈ। ਉਨ੍ਹਾਂ ਧੱਬਿਆਂ ਨੂੰ ਛੁਪਾਉਣ ਲਈ ਸਫੇਦ ਮੇਕਅਪ ਕੀਤਾ ਜਾਂਦਾ ਹੈ। ਧੱਬਿਆਂ ਦਾ ਇਲਾਜ ਕਰਵਾਉਂਦਿਆਂ ਬਲੀਚ ਕਰਵਾਉਣੀ ਪਈ, ਜਿਸ ਨਾਲ ਰੰਗ ਗੋਰਾ ਹੁੰਦਾ ਗਿਆ।

ਉਸਦੀ ਮੌਤ ਉਪਰੰਤ ਮਾਂ ਨੇ ਕਿਹਾ ਸੀ। "ਧੱਬਿਆਂ ਤੋਂ ਛੁਟਕਾਰਾ ਪਾਉਣ ਲਈ ਉਸਨੇ ਪਲਾਸਟਿਕ ਸਰਜਰੀ ਕਰਵਾਈ ਸੀ। ਉਸਨੇ ਵੇਖਿਆ ਇੰਝ ਉਹ ਪਹਿਲਾਂ ਨਾਲੋਂ ਸੁੰਦਰ ਨਜ਼ਰ ਆਉਣ ਲੱਗਾ ਹੈ, ਤਾਂ ਉਸਨੇ ਵਾਰ-ਵਾਰ ਪਲਾਸਟਿਕ ਸਰਜਰੀ ਕਰਵਾਈ ਅਤੇ ਉਸਦਾ ਰੰਗ ਸਾਫ਼ ਹੋ ਗਿਆ।"

1988 'ਚ ਉਸਨੇ ਕੈਲੀਫੋਰਨੀਆਂ ਵਿਖੇ 2700 ਏਕੜ ਵਿਚ ਆਪਣਾ ਘਰ ਬਣਾਇਆ ਸੀ।

ਫਿਰ ਇਕ ਉਹ ਸਮਾਂ ਆਇਆ, ਜਦ ਸ਼ੁਹਰਤ ਤੇ ਦੌਲਤ ਨੂੰ ਸਹਿਜ ਢੰਗ ਨਾਲ ਸੰਭਾਲਣਾ ਉਸ ਲਈ ਮੁਸ਼ਕਲ ਹੋ ਗਿਆ। ਉਹ ਤਰ੍ਹਾਂ-ਤਰ੍ਹਾਂ ਦੀਆਂ ਅਹੁਰਾਂ ਦਾ, ਵਿਗਾੜਾਂ ਦਾ ਸ਼ਿਕਾਰ ਹੁੰਦਾ ਗਿਆ। ਇਕ ਤੋਂ ਬਾਅਦ ਇਕ ਵਿਵਾਦ ਖੜ੍ਹਾ ਹੁੰਦਾ ਗਿਆ ਤੇ ਉਹ ਡਾਹਢਾ ਪ੍ਰੇਸ਼ਾਨ ਰਹਿਣ ਲੱਗਾ।

ਸ਼ਾਦੀਆਂ ਹੁੰਦੀਆਂ ਰਹੀਆਂ, ਟੁੱਟਦੀਆਂ ਰਹੀਆਂ। ਉਧਰ ਸੰਗੀਤ ਦੀ ਦੁਨੀਆਂ ਵਿਚ ਉਹ ਆਪਣੇ ਹੀ ਰਿਕਾਰਡ ਆਪ ਤੋੜਦਾ ਰਿਹਾ। ਉਸਨੇ 35 ਦੇਸ਼ਾਂ ਵਿਚ 58 ਸ਼ੋਅ ਕੀਤੇ। ਆਪਣੇ ਜੀਵਨ ਵਿਚ 4000 ਕਰੋੜ ਰੁਪਏ ਡੋਨੇਸ਼ਨ ਵਜੋਂ ਦਿੱਤੇ। ਉਹ ਵੀ ਸਮਾਂ ਸੀ, ਜਦ ਉਸਦੀ ਇਕ ਹਫ਼ਤੇ ਦੀ ਆਮਦਨ 97 ਕਰੋੜ ਰੁਪਏ ਤੱਕ ਪਹੁੰਚ ਗਈ ਸੀ। ਕਿਹਾ ਜਾਂਦਾ ਹੈ ਕਿ ਆਖ਼ਰੀ ਸਾਲਾਂ ਦੌਰਾਨ ਮਾਈਕਲ ਜੈਕਸਨ ਕਰਜਾਈ ਹੋ ਗਿਆ ਸੀ ਅਤੇ ਦਵਾਲੀਆਂ ਹੋਣ ਕਿਨਾਰੇ ਪਹੁੰਚ ਗਿਆ ਸੀ। ਮੌਤ ਤੋਂ ਬਾਅਦ ਹੋਈ ਆਮਦਨ ਨਾਲ ਪਰਿਵਾਰ ਨੇ ਕਰਜ਼ਾ ਅਦਾ ਕੀਤਾ।

24 ਜੂਨ 2009 ਨੂੰ ਉਸਨੇ ਪੂਰੀ ਟੀਮ ਨਾਲ ਰੀਹਰਸਲ ਕੀਤੀ ਅਤੇ 25 ਜੂਨ 2009 ਨੂੰ ਸ਼ੱਕੀ ਹਾਲਤਾਂ ਵਿਚ ਉਸਦੀ ਮੌਤ ਹੋ ਗਈ।

ਅਦਾਲਤ ਨੇ ਉਸਦੇ ਨਿੱਜੀ ਡਾਕਟਰ ਕਾਨਰਾਡ ਮਰੇ ਨੂੰ ਗੈਰ-ਇਰਾਦਤਨ ਹੱਤਿਆ ਦਾ ਦੋਸ਼ੀ ਠਹਿਰਾਇਆ ਸੀ ਕਿਉਂਕਿ ਉਸਨੇ ਚੰਗੀ ਨੀਂਦ ਲਈ ਮਾਈਕਲ ਨੂੰ ਪ੍ਰੋਪੋਫੋਲ ਦੀ ਵਧੇਰੇ ਖ਼ੁਰਾਕ ਦਿੱਤੀ ਸੀ।

ਉਸਦੇ ਸਰੱਖਿਆ ਕਰਮਚਾਰੀ ਬਿਲ ਨੇ ਕਿਹਾ ਸੀ ਕਿ ਜੈਕਸਨ ਬਹੁਤ ਤਣਾਅ ਵਿਚ ਸੀ ਅਤੇ ਤਣਾਅ ਉਸਦੀ ਮੌਤ ਦਾ ਕਾਰਨ ਹੋ ਸਕਦਾ ਹੈ। ਉਹ ਹੈਕਟਿਕ ਹੋ ਗਿਆ ਸੀ। ਬਹੁਤ ਡੁੱਲਿਆ ਰਹਿੰਦਾ ਸੀ। ਪ੍ਰੈਕਟਿਸ ਅਤੇ ਪ੍ਰੋਗਰਾਮਾਂ ਦਾ ਬੋਝ ਬਹੁਤ ਵਧ ਗਿਆ ਸੀ। ਇਹ ਉਸ 'ਤੇ ਭਾਰੀ ਪੈ ਰਹੇ ਸਨ।

ਜਦ ਉਸਦੀ ਮੌਤ ਦੀ ਖ਼ਬਰ ਟੀ.ਵੀ. 'ਤੇ ਨਸ਼ਰ ਹੋਈ, ਤਾਂ ਸਾਰੇ ਪਾਸੇ ਸੰਨਾਟਾ ਛਾ ਗਿਆ। ਲੋਕ ਸੜਕਾਂ 'ਤੇ ਬੇਹੋਸ਼ ਹੋਣ ਲੱਗੇ। ਸਦਮੇ ਕਾਰਨ 13 ਲੋਕਾਂ ਨੇ ਆਤਮਹੱਤਿਆ ਕਰ ਲਈ। ਆਸਟਰੇਲੀਆ ਵਿਚ 50 ਲੋਕਾਂ ਨੇ 'ਖੁਦਕਸ਼ੀ ਰੋਕਥਾਮ ਹਾਟਲਾਈਨ' 'ਤੇ ਫੋਨ ਕੀਤੇ, ਜਿਹੜੇ ਆਤਮਹੱਤਿਆ ਕਰਨੀ ਚਾਹੁੰਦੇ ਸਨ।

ਡਾਕਟਰਾਂ ਨੇ ਉਸਦਾ ਦਿਮਾਗ਼ ਕੱਢ ਲਿਆ ਸੀ ਕਿਉਂਕਿ ਡਾਕਟਰ ਅਤੇ ਪੁਲਿਸ ਵਾਲੇ ਮਹੀਨਿਆਂ ਤੱਕ ਮੌਤ ਦਾ ਅਸਲੀ ਕਾਰਨ ਪਤਾ ਕਰਨ ਵਿਚ ਲੱਗੇ ਰਹੇ।

ਉਸਦੇ ਨਾਂ 'ਤੇ ਬਣਾਏ ਗਏ ਮੈਮੋਰੀਅਲ ਦੇ ਉਦਘਾਟਨੀ ਸਮਾਰੋਹ ਨੂੰ ਅਮਰੀਕਾ ਦੇ ਸਾਢੇ ਤਿੰਨ ਕਰੋੜ ਅਤੇ ਦੁਨੀਆਂ ਦੇ 300 ਕਰੋੜ ਲੋਕਾਂ ਨੇ ਵੇਖਿਆ। ਇਹ ਇਤਿਹਾਸ ਦੀ ਸਭ ਤੋਂ ਵੱਧ ਵੇਖੀ ਗਈ ਈਵੈਂਟ ਸੀ।

ਮੌਤ ਤੋਂ 10 ਸਾਲ ਬਾਅਦ ਵੀ ਉਹ ਸਭ ਤੋਂ ਵੱਧ ਕਮਾਈ ਕਰਨ ਵਾਲਾ ਗਾਇਕ ਕਲਾਕਾਰ ਸੀ। ਸਾਲ 2018 ਤੱਕ ਉਸਦੇ ਨਾਂ 'ਤੇ 28.40 ਅਰਬ ਡਾਲਰ ਦੀ ਕਮਾਈ ਹੋਈ।

## ਕੁੜੀਆਂ-ਮੁੰਡਿਆਂ ਦੇ ਸਮਾਜਿਕ ਫ਼ਰਕ ਨੂੰ ਮਿਟਾਉਣ ਦਾ ਯਤਨ ਕਰਦੀ ਫਿਲਮ

# "ਕੁੜੀਆਂ ਜਵਾਨ-ਬਾਪੂ ਪਰੇਸ਼ਾਨ-2"

-ਸੁਰਜੀਤ ਜੱਸਲ
98146-07737
ਪੰਜਾਬ ਮੇਲUSA



ਸਾਡੇ ਸਮਾਜ ਦੀ ਇਹ ਤਰਾਸਦੀ ਹੈ ਕਿ ਮੁੰਡਿਆਂ ਨੂੰ ਕੁੜੀਆਂ ਨਾਲੋਂ ਵੱਧ ਅਹਿਮੀਅਤ ਦਿੱਤੀ ਜਾਂਦੀ ਹੈ। ਮੁੰਡਾ ਜੰਮਣ 'ਤੇ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ, ਗੁੜ ਵੰਡਿਆ ਜਾਂਦਾ ਹੈ ਅਤੇ ਲੋਹੜੀ ਦੇ ਜਸ਼ਨ ਮਨਾਏ ਜਾਂਦੇ ਹਨ। ਜਦਕਿ ਕੁੜੀ ਦੇ ਜਨਮ ਲੈਣ 'ਤੇ ਪਰਿਵਾਰ ਵਿਚ ਸੋਗ ਪਸਰ ਜਾਂਦਾ ਹੈ। ਸਾਡੇ ਸਮਾਜ ਵੱਲੋਂ ਕੁੜੀਆਂ ਨੂੰ ਹਮੇਸ਼ਾ ਹੀ ਮੁੰਡਿਆਂ ਨਾਲੋਂ ਵੱਖਰੇ ਨਜ਼ਰੀਏ ਨਾਲ ਵੇਖਿਆ ਜਾਂਦਾ ਹੈ ਪਰ ਸੱਚਾਈ ਇਹ ਹੈ ਕਿ ਕੁੜੀਆਂ ਮੁੰਡਿਆਂ ਨਾਲੋਂ ਕਿਤੇ ਵੀ ਘੱਟ ਨਹੀਂ ਹਨ। ਮੌਜੂਦਾ ਸਮੇਂ ਦਾ ਤਾਂ ਇਹ ਵੀ ਸੱਚ ਹੈ ਕਿ ਕਿਸੇ ਵੇਲੇ ਦਾਜ ਦੇ ਲੋਭੀ ਲੋਕ ਕੁੜੀ ਵਾਲਿਆਂ ਤੋਂ ਦਾਜ ਲੈ ਕੇ ਫੇਰ ਆਪਣੇ ਮੁੰਡੇ ਦਾ ਰਿਸ਼ਤਾ ਕਰਦੇ ਸੀ। ਜਦਕਿ ਹੁਣ ਕੁੜੀਆਂ ਐਨਾਂ ਪੜ੍ਹ-ਲਿਖ ਗਈਆਂ ਹਨ ਕਿ ਆਈਲੈਟਸ ਕੀਤੀਆਂ ਕੁੜੀਆਂ ਨੂੰ ਵਿਆਹੁਣ ਲਈ ਮੁੰਡੇ ਵਾਲੇ ਖੁਦ ਦਾਜ ਦੇਣ ਨੂੰ ਰਾਜ਼ੀ ਰਹਿੰਦੇ ਹਨ। ਪਰ ਸਿਆਣਿਆਂ ਦੀ ਇੱਕ ਕਹਾਵਤ ਹੈ ਕਿ ਦਾਤੀ ਦੇ ਦੰਦੇ ਇੱਕ ਪਾਸੇ ਅਤੇ ਸਮਾਜ ਦੇ ਦੰਦੇ ਦੋ ਪਾਸੇ ਹੁੰਦੇ ਹਨ। ਦੋਗਲੇ ਸਮਾਜ ਦੀ ਗੱਲ ਕਰਦੀ ਲੇਖਕ ਨਿਰਦੇਸ਼ਕ ਅਵਤਾਰ ਸਿੰਘ ਦੀ ਫ਼ਿਲਮ 'ਕੁੜੀਆਂ ਜਵਾਨ ਬਾਪੂ ਪ੍ਰੇਸ਼ਾਨ-2' ਸਮਾਜ ਦੀ ਸੌੜੀ ਸੋਚ ਤੋਂ ਪ੍ਰੇਸ਼ਾਨ ਇਕ ਐਸੇ ਬਾਪ ਦੀ ਤਰਸਯੋਗ ਕਹਾਣੀ ਪੇਸ਼ ਕਰਦੀ ਫ਼ਿਲਮ ਹੈ, ਜੋ ਪਤਨੀ ਦੀ ਮੌਤ ਤੋਂ ਬਾਅਦ ਆਪਣੀਆਂ ਚਾਰ ਧੀਆਂ ਨੂੰ ਪਾਲ ਕੇ, ਚੰਗੀ ਸਿੱਖਿਆ, ਸੰਸਕਾਰ ਦਿੰਦਾ ਹੈ ਅਤੇ ਸਮਾਜ ਨਾਲ ਲੜਦਿਆਂ, ਮਾਨਸਿਕ ਤੌਰ 'ਤੇ ਬਲਵਾਨ ਬਣਾ ਕੇ ਉੱਚੇ ਮੁਕਾਮ 'ਤੇ ਪਹੁੰਚਾਉਣ ਦਾ ਦਮ ਰੱਖਦਾ ਹੈ। ਧੀਆਂ ਦੇ ਬਾਪ ਨੂੰ ਸਮਾਜ ਵਿਚ ਰਹਿੰਦਿਆਂ ਕੀ-ਕੀ ਮੁਸ਼ਕਿਲਾਂ ਨਾਲ ਸਾਹਮਣਾ ਕਰਨਾ ਪੈਂਦਾ ਹੈ, ਧੀਆਂ ਵੱਡੀਆਂ ਹੋ ਕੇ ਆਪਣੇ ਬਾਪ ਦਾ ਕਿਵੇਂ ਸਹਾਰਾ ਬਣਦੀਆਂ ਹਨ ਅਤੇ ਸਮਾਜ ਨਾਲ ਲੜਨ ਦੀ ਦਲੇਰੀ ਵਿਖਾਉਂਦੀਆਂ ਹਨ, ਇਸਨੂੰ ਵੀ ਫਿਲਮ ਵਿਚ ਭਾਵਕੁਤਾ ਨਾਲ ਵਿਖਾਇਆ ਗਿਆ ਹੈ। ਇਹ ਫ਼ਿਲਮ ਜਿੱਥੇ ਦਾਜ ਦੇ ਲੋਭੀ ਸਮਾਜ ਦੇ ਮੂੰਹ 'ਤੇ ਕਰਾਰੀ ਚਪੇੜ ਹੋਵੇਗੀ, ਉੱਥੇ ਔਰਤ ਨੂੰ ਬੱਚੇ ਜੰਮਣ ਦੀ ਮਸ਼ੀਨ ਸਮਝਣ ਵਾਲੇ ਲੋਕਾਂ ਨੂੰ ਵੀ ਨਸੀਅਤ ਦੇਵੇਗੀ, ਜੋ ਮੁੰਡੇ ਦੇ ਲਾਲਚ-ਵੱਸ ਧੀਆਂ ਦਾ ਕੁੱਖਾਂ 'ਚ ਕਤਲ ਕਰਵਾਉਂਦੇ ਹਨ।






ਰੰਜੀਵ ਸਿੰਗਲਾ ਪ੍ਰੋਡਕਸ਼ਨ ਦੀ ਇਸ ਫ਼ਿਲਮ ਦੇ ਨਿਰਮਾਤਾ ਰੰਜੀਵ ਸਿੰਗਲਾ ਨੇ ਦੱਸਿਆ ਕਿ ਇਹ ਇੱਕ ਮਨੋਰੰਜਨ ਭਰਪੂਰ ਪਰਿਵਾਰਕ ਫ਼ਿਲਮ ਹੈ, ਜੋ 2 ਸਾਲ ਪਹਿਲਾਂ ਆਈ 'ਕੁੜੀਆਂ ਜਵਾਨ ਬਾਪੂ ਪ੍ਰੇਸ਼ਾਨ' ਦਾ ਦੂਜਾ ਭਾਗ ਹੈ, ਜਿਸ ਦੀ ਕਹਾਣੀ ਅਗਲੇ ਵਿਸਥਾਰ ਨੂੰ ਜੋੜਦੀ ਹੈ। ਫ਼ਿਲਮ ਵਿਚ ਕਰਮਜੀਤ ਅਨਮੋਲ, ਰਾਜ ਧਾਲੀਵਾਲ, ਸੁਖਵਿੰਦਰ ਰਾਜ, ਏਕਤਾ ਗੁਲਾਟੀ ਖੇੜ੍ਹਾ, ਗੁਨਵੀਨ ਮਨਚੰਦਾ, ਅਵਨੂਰ, ਮੰਨਤ ਸ਼ਰਮਾ, ਪੂਜਾ ਗਾਵੇ, ਐਰੀ ਗਿੱਲ ਅਤੇ ਜਗਤਾਰ ਸਿੰਘ ਬੈਨੀਪਾਲ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਲੇਖਕ ਅਤੇ ਨਿਰਦੇਸ਼ਕ ਅਵਤਾਰ ਸਿੰਘ ਹੈ। ਗੁਰਵਿੰਦਰ ਮਾਨ, ਜੱਗੀ ਜਗਸੀਰ, ਗੁਰੀ ਬਲਿੰਗ ਦੇ ਲਿਖੇ ਗੀਤਾਂ ਨੂੰ ਕਰਮਜੀਤ ਅਨਮੋਲ, ਨਛੱਤਰ ਗਿੱਲ, ਰਜਾ ਹੀਰ ਅਤੇ ਅਨਮੋਲ ਵਿਰਕ ਨੇ ਗਾਇਆ ਹੈ। ਫ਼ਿਲਮ ਦਾ ਸੰਗੀਤ ਅਮਦਾਦ ਅਲੀ ਅਤੇ ਆਰ.ਡੀ. ਬੀਟ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸਨੂੰ ਆਰ.ਆਰ. ਰਿਕਾਰਡਜ਼ ਵੱਲੋਂ ਜਾਰੀ ਕੀਤਾ ਗਿਆ ਹੈ। ਫ਼ਿਲਮ ਦੇ ਕਰੇਟਿਵ ਨਿਰਮਾਤਾ ਇੰਦਰ ਬਾਂਸਲ ਹਨ ਅਤੇ ਕਾਰਜਕਾਰੀ ਨਿਰਮਾਤਾ ਰਜਿੰਦਰ ਕੁਮਾਰ ਗਗਹੜ ਹਨ। 8 ਅਗਸਤ ਨੂੰ ਧੀਆਂ-ਭੈਣਾਂ ਦੇ ਰੱਖੜੀ ਤਿਉਹਾਰ 'ਤੇ ਰਿਲੀਜ਼ ਹੋ ਰਹੀ ਇਹ ਫ਼ਿਲਮ ਦੱਸਦੀ ਹੈ ਕਿ ਕੁੜੀਆਂ ਚਿੜੀਆਂ ਵਰਗੀਆਂ ਹੁੰਦੀਆਂ ਨੇ, ਬਾਜਾਂ ਦੇ ਡਰ ਤੋਂ ਇਨ੍ਹਾਂ ਨੂੰ ਕੈਦ ਨਾ ਕਰੋ, ਇਨ੍ਹਾਂ ਨੂੰ ਉੱਡਣ ਵਾਸਤੇ ਖੁੱਲ੍ਹਾ ਅਸਮਾਨ ਦਿਉ। ਪਰਿਵਾਰਾਂ ਸਮੇਤ ਵੇਖੀ ਜਾਣ ਵਾਲੀ ਇਹ ਫ਼ਿਲਮ ਪੰਜਾਬੀਆਂ ਲਈ ਇੱਕ ਮਨੋਰੰਜਨ ਭਰਪੂਰ ਤੋਹਫਾ ਹੋਵੇਗੀ।



# ਹੀਰੋਸ਼ੀਮਾ ਦੀ ਘਟਨਾ ਮਾਨਵਤਾ 'ਤੇ ਇੱਕ ਕਲੰਕ

ਸੰਦੀਪ ਕੁਮਾਰ
ਰੂਪਨਗਰ
70098-07121
ਐੱਮ.ਸੀ.ਏ, ਐੱਮ.ਏ.
ਮਨੋਵਿਗਿਆਨ
ਪੰਜਾਬ ਮੇਲ USA









ਹਰ ਸਾਲ 6 ਅਗਸਤ ਨੂੰ, ਹੀਰੋਸ਼ੀਮਾ ਡੇਅ ਮਨਾਇਆ ਜਾਂਦਾ ਹੈ, ਜੋ ਮਨੁੱਖਤਾ ਦੇ ਇਤਿਹਾਸ ਦੇ ਇੱਕ ਬਹੁਤ ਹੀ ਮੰਦਭਾਗੇ ਦੁਖਾਂਤ ਦਾ ਯਾਦਗਾਰੀ ਦਿਵਸ ਹੈ। ਇਸ ਦਿਨ ਸਵੇਰੇ 8:15 ਵਜੇ, ਅਮਰੀਕੀ ਬੀ-29 ਬੰਬਰ ਜਹਾਜ਼ ਨੇ "ਲਿਟਲ ਬੋਇ" ਨਾਮਕ ਪਹਿਲਾ ਪਰਮਾਣੂ ਬੰਬ ਜਪਾਨ ਦੇ ਸ਼ਹਿਰ ਹੀਰੋਸ਼ੀਮਾ 'ਤੇ ਸੁੱਟਿਆ। ਇਸ ਬੰਬ ਨੇ ਪਲ ਭਰ ਵਿਚ ਸ਼ਹਿਰ ਨੂੰ ਤਬਾਹ ਕਰ ਦਿੱਤਾ। ਤਕਰੀਬਨ 70,000 ਤੋਂ 80,000 ਲੋਕ ਤੁਰੰਤ ਹੀ ਮਾਰੇ ਗਏ ਅਤੇ ਅਗਲੇ ਕੁਝ ਮਹੀਨਿਆਂ ਵਿਚ ਇਹ ਗਿਣਤੀ 140,000 ਤੱਕ ਪਹੁੰਚ ਗਈ। ਇਹ ਸਿਰਫ ਸ਼ੁਰੂਆਤ ਸੀ, ਕਿਉਂਕਿ ਬੰਬ ਦੇ ਰੇਡੀਏਸ਼ਨ ਪ੍ਰਭਾਵਾਂ ਕਾਰਨ ਕਈ ਸਾਲਾਂ ਤੱਕ ਲੋਕ ਬਿਮਾਰੀਆਂ ਅਤੇ ਮੌਤਾਂ ਨਾਲ ਜੂਝਦੇ ਰਹੇ। ਅਮਰੀਕਾ ਨੇ ਇਥੇ ਹੀ ਬਸ ਨਹੀਂ ਕੀਤੀ, ਸਗੋਂ 9 ਅਗਸਤ ਨੂੰ ਜਪਾਨ ਦੇ ਸ਼ਹਿਰ ਨਾਗਾਸਾਕੀ 'ਤੇ ਦੂਜਾ ਪਰਮਾਣੂ ਬੰਬ ਸੁੱਟ ਦਿੱਤਾ। ਇਸ ਘਟਨਾ ਨੇ ਸਿਰਫ ਜਪਾਨ ਨੂੰ ਹੀ ਨਹੀਂ, ਸਗੋਂ ਪੂਰੇ ਸੰਸਾਰ ਨੂੰ ਵੀ ਹਿਲਾ ਦਿੱਤਾ। ਇੰਨਾ ਹੀ ਨਹੀਂ, ਇਸ ਘਟਨਾ ਨੇ ਜਪਾਨੀ ਸੱਭਿਆਚਾਰ, ਸਮਾਜ ਅਤੇ ਅਰਥਵਿਵਸਥਾ 'ਤੇ ਵੀ ਡੂੰਘਾ ਅਸਰ ਛੱਡਿਆ। ਇਸ ਘਟਨਾ ਦੇ ਨਾਲ ਹੀ ਪਰਮਾਣੂ ਹਥਿਆਰਾਂ ਦੇ ਪੜਾਅ ਦੀ ਸ਼ੁਰੂਆਤ ਹੋਈ। ਹੀਰੋਸ਼ੀਮਾ ਡੇਅ ਸਾਨੂੰ ਇਹ ਯਾਦ ਦਿਲਾਉਂਦਾ ਹੈ ਕਿ ਯੁੱਧ ਦੇ ਕਿੰਨੇ ਭਿਆਨਕ ਅਤੇ ਵਿਨਾਸ਼ਕਾਰੀ ਪ੍ਰਭਾਵ ਹੋ ਸਕਦੇ ਹਨ ਅਤੇ ਅਸੀਂ ਕਿਵੇਂ ਸੱਚੀ ਸ਼ਾਂਤੀ ਅਤੇ ਸਮਾਜ ਦੀ ਭਲਾਈ ਵੱਲ ਜਾ ਸਕਦੇ ਹਾਂ।

ਅਮਰੀਕਾ ਵੱਲੋਂ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਤੇ ਇਹ ਹਮਲਾ, ਜਪਾਨ ਨੂੰ ਦੂਸਰੇ ਵਿਸ਼ਵ ਯੁੱਧ ਵਿਚ ਆਪਣੇ ਆਪ ਨੂੰ ਸਮਰਪਿਤ ਕਰਨ ਲਈ ਮਜਬੂਰ ਕਰਨ ਦੇ ਉਦੇਸ਼ ਨਾਲ ਕੀਤਾ ਗਿਆ ਸੀ। ਬੰਬਾਰੀ ਤੋਂ ਬਾਅਦ, ਸ਼ਹਿਰ ਦੀ ਆਬਾਦੀ ਨੂੰ ਬੇਹੱਦ ਵੀਰਾਨੀ ਅਤੇ ਤਬਾਹੀ ਦਾ ਸਾਹਮਣਾ ਕਰਨਾ ਪਿਆ। ਬੰਬ ਦੇ ਬੁਰੇ ਪ੍ਰਭਾਵ ਕਾਰਨ ਲੱਖਾਂ ਲੋਕ ਮੌਕੇ 'ਤੇ ਹੀ ਮਾਰੇ ਗਏ ਅਤੇ ਬੇਹਿਸਾਬ ਇਮਾਰਤਾਂ, ਜ਼ਮੀਨ ਅਤੇ ਮਾਨਵਸੰਪਦਾ ਨਸ਼ਟ ਹੋ ਗਈ। ਇਹ ਪਰਮਾਣੂ ਹਮਲਾ ਨਾ ਸਿਰਫ਼ ਆਮ ਜ਼ਿੰਦਗੀ ਨੂੰ ਬਰਬਾਦ ਕਰਨ ਵਾਲਾ ਸੀ, ਬਲਕਿ ਇਹ ਇੱਕ ਮਨੁੱਖੀ ਸੰਵੇਦਨਾਵਾਂ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦੇਣ ਵਾਲਾ ਅਨੁਭਵ ਵੀ ਸੀ। ਹਜ਼ਾਰਾਂ ਲੋਕ, ਜਿਹੜੇ ਇਸ ਹਮਲੇ ਤੋਂ ਬੱਚ ਗਏ, ਉਹ ਪਰਮਾਣੂ ਬੰਬ ਦੇ ਰੇਡੀਏਸ਼ਨਾਂ ਦੇ ਪ੍ਰਭਾਵ ਕਾਰਨ ਸਰੀਰਕ ਅਤੇ ਮਾਨਸਿਕ ਪੀੜ ਭੋਗਣ ਲਈ ਮਜਬੂਰ ਹੋ ਗਏ। ਹੀਰੋਸ਼ੀਮਾ 'ਤੇ ਪਰਮਾਣੂ ਹਮਲੇ ਦੀ ਤਬਾਹੀ ਅਤੇ ਉਸ ਦੇ ਪ੍ਰਭਾਵ ਦੇ ਨਤੀਜੇ ਵਜੋਂ, ਇਹ ਸ਼ਹਿਰ ਵਿਸ਼ਵ ਦਾ ਪਹਿਲਾ ਅਤੇ ਇਕਲੌਤਾ ਸ਼ਹਿਰ ਬਣ ਗਿਆ, ਜਿਸ ਨੇ ਇਨਸਾਨੀ ਇਤਿਹਾਸ ਵਿਚ ਇੱਕ ਪਰਮਾਣੂ ਹਮਲੇ ਦੀ ਕਈ ਦਹਾਕਿਆਂ ਤੱਕ ਚੱਲ ਰਹੀ ਪੀੜ ਭੋਗੀ। ਬੰਬਾਰੀ ਦੇ ਤਤਕਾਲ ਪ੍ਰਭਾਵ ਤੋਂ ਬਾਅਦ, ਬਚੇ-ਖੁੱਚੇ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨ, ਸਹੂਲਤਾਂ ਦੇਣ ਅਤੇ ਦੁਬਾਰਾ ਵਸਾਉਣ ਲਈ ਬਹੁਤ ਮਿਹਨਤ ਕਰਨੀ ਪਈ। ਰੇਡੀਓ ਐਕਟਿਵ ਕਿਰਨਾਂ ਕਾਰਨ ਕਈ ਰੋਗਾਂ ਜਿਸ ਵਿਚ ਕੈਂਸਰ, ਅਧੂਰੇ ਸਰੀਰ ਵਾਲੇ ਬੱਚਿਆਂ ਦੇ ਜਨਮ ਅਤੇ ਹੋਰ ਗੰਭੀਰ ਬਿਮਾਰੀਆਂ ਦਾ ਜਨਮ ਹੋਇਆ।

ਹੀਰੋਸ਼ੀਮਾ ਦਿਨ, ਜੋ ਕਿ ਹਰ ਸਾਲ 6 ਅਗਸਤ ਨੂੰ ਮਨਾਇਆ ਜਾਂਦਾ ਹੈ, ਇਸ ਬੰਬਾਰੀ ਦੀ ਯਾਦ ਵਿਚ ਇਕ ਮਹੱਤਵਪੂਰਨ ਦਿਨ ਹੈ। ਇਸ ਦਿਨ, ਜਪਾਨ ਅਤੇ ਦੁਨੀਆਂ ਭਰ ਦੇ ਲੋਕਾਂ ਦੁਆਰਾ ਸ਼ਾਂਤੀ ਅਤੇ ਅਹਿੰਸਾ ਦੀ ਵਕਾਲਤ ਕਰਨ ਦੇ ਨਾਲ-ਨਾਲ, ਪਰਮਾਣੂ ਹਥਿਆਰਾਂ ਦੇ ਖਤਰਨਾਕ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਵੱਖ-ਵੱਖ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ। ਜਪਾਨ ਵਿਚ, ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਬਚੇ-ਖੁੱਚੇ ਲੋਕ ਅਤੇ ਉਨ੍ਹਾਂ ਦੇ ਵਾਰਿਸ ਇਨ੍ਹਾਂ ਹਮਲਿਆਂ ਦੀ ਭਿਆਨਕਤਾ ਨੂੰ ਯਾਦ ਕਰਨ ਲਈ ਰੈਲੀਆਂ, ਸਮਾਰੋਹਾਂ ਅਤੇ ਪ੍ਰਸਿੱਧ ਸਥਾਨਾਂ 'ਤੇ ਮੋਮਬੱਤੀਆਂ ਜਗਾਉਂਦੇ ਹਨ। ਹੀਰੋਸ਼ੀਮਾ ਸ਼ਹਿਰ ਵਿਚ, ਹਰ ਸਾਲ 6 ਅਗਸਤ ਨੂੰ ਪੀਸ ਮੈਮੋਰੀਅਲ ਪਾਰਕ ਵਿਚ ਇੱਕ ਯਾਦਗਾਰੀ ਸਮਾਗਮ ਹੁੰਦਾ ਹੈ। ਇਸ ਸਮਾਗਮ ਵਿਚ ਹੀਰੋਸ਼ੀਮਾ ਦੇ ਮੇਅਰ, ਸਰਕਾਰ ਦੇ ਪ੍ਰਤੀਨਿਧੀ ਅਤੇ ਦੁਨੀਆਂ ਭਰ ਤੋਂ ਆਏ ਸ਼ਾਂਤੀ ਪ੍ਰੇਮੀ ਹਿੱਸਾ ਲੈਂਦੇ ਹਨ। ਇਸ ਸਮਾਗਮ ਵਿਚ ਸਵੇਰੇ 8:15 ਵਜੇ, ਬੰਬ ਧਮਾਕੇ ਦੇ ਸਮੇਂ ਨੂੰ ਮੌਨ ਰਹਿਣ ਦਾ ਸਮਾਂ ਰੱਖਿਆ ਜਾਂਦਾ ਹੈ। ਇਸ ਸਮੇਂ ਦੌਰਾਨ, ਸ਼ਹਿਰ ਵਿਚ ਸਾਇਰਨ ਵੱਜਦੇ ਹਨ ਅਤੇ ਲੋਕ ਮੌਨ ਰਹਿੰਦੇ ਹਨ, ਜੋ ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਹੁੰਦੀ ਹੈ, ਜੋ ਇਸ ਵਿਨਾਸ਼ਕਾਰੀ ਘਟਨਾ ਵਿਚ ਮਾਰੇ ਗਏ। ਇਸ ਦਿਨ ਬੱਚਿਆਂ ਦੁਆਰਾ ਬਣਾਈ ਗਈ ਕਾਗਜ਼ ਦੀਆਂ ਗੁੱਡੀਆਂ-ਸ਼ਕਲਾਂ ਪੀਸ ਮੈਮੋਰੀਅਲ ਪਾਰਕ ਵਿਚ ਲਗਾਈ ਜਾਂਦੀਆਂ ਹਨ, ਜੋ ਸ਼ਾਂਤੀ ਅਤੇ ਨਵੀਂ ਸ਼ੁਰੂਆਤ ਦੀ ਨਿਸ਼ਾਨੀ ਹੁੰਦੀ ਹੈ।

ਇਸ ਦਿਨ ਦੀ ਮਹੱਤਤਾ ਸਿਰਫ਼ ਇੱਕ ਮੰਦਭਾਗੀ ਘਟਨਾ ਦੀ ਯਾਦਗਾਰ ਵਿਚ ਹੀ ਨਹੀਂ, ਬਲਕਿ ਇਸਦਾ ਉਦੇਸ਼ ਆਗਾਮੀ ਪੀੜ੍ਹੀਆਂ ਨੂੰ ਸਿਖਾਉਣਾ ਵੀ ਹੈ ਕਿ ਸ਼ਾਂਤੀ ਕਿਵੇਂ ਮਹੱਤਵਪੂਰਣ ਹੈ ਅਤੇ ਕਿਉਂ ਪਰਮਾਣੂ ਹਥਿਆਰਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਬੰਬਾਰੀ ਤੋਂ ਸਬਕ ਸਿੱਖਣ ਅਤੇ ਦੁਨੀਆਂ ਨੂੰ ਬੇਹਿਸਾਬ ਤਬਾਹੀ ਤੋਂ ਬਚਾਉਣ ਲਈ, ਕਈ ਦੇਸ਼ਾਂ ਨੇ ਪਰਮਾਣੂ ਹਥਿਆਰਾਂ ਦੀ ਦੌੜ 'ਤੇ ਰੋਕ ਲਗਾਉਣ ਲਈ ਸਾਂਝੇ ਸਮਝੌਤੇ ਕੀਤੇ ਹਨ। ਹੀਰੋਸ਼ੀਮਾ ਡੇਅ ਦੀ ਯਾਦ ਵਿਚ, ਵਿਦਿਆਰਥੀਆਂ ਨੂੰ ਵਿਸ਼ਵ ਇਤਿਹਾਸ ਦੇ ਇਸ ਕਾਲੇ ਪੰਨੇ ਬਾਰੇ ਸਿੱਖਣ ਦਾ ਮੌਕਾ ਮਿਲਦਾ ਹੈ ਅਤੇ ਉਨ੍ਹਾਂ ਨੂੰ ਇਹ ਸਮਝ ਆਉਂਦੀ ਹੈ ਕਿ ਕਿਵੇਂ ਯੁੱਧ ਮਨੁੱਖਤਾ ਦੇ ਹਿਤ ਵਿਚ ਨਹੀਂ ਹੁੰਦਾ।

ਇਸ ਦਿਨ ਨੂੰ ਮਨਾਉਣ ਦਾ ਮਤਲਬ ਹੈ ਕਿ ਲੋਕ ਇਸ ਦਿਨ ਦੀ ਭਿਆਨਕਤਾ ਨੂੰ ਯਾਦ ਰੱਖਣ ਅਤੇ ਇਨ੍ਹਾਂ ਘਟਨਾਵਾਂ ਨੂੰ ਦੁਹਰਾਉਣ ਤੋਂ ਬਚਣ ਦੀ ਕੋਸ਼ਿਸ਼ ਕਰਨ। ਹੀਰੋਸ਼ੀਮਾ 'ਤੇ ਹਮਲੇ ਦੀ ਪੀੜ ਅਤੇ ਉਸ ਦੇ ਭਿਆਨਕ ਪ੍ਰਭਾਵਾਂ ਨੂੰ ਸਾਡੇ ਲਈ ਇੱਕ ਸਬਕ ਬਣਾਉਣ ਲਈ, ਇਹ ਦਿਨ ਸ਼ਾਂਤੀ ਦੀ ਮਹੱਤਤਾ ਨੂੰ ਪ੍ਰਮਾਣਿਤ ਕਰਨ ਵਾਲਾ ਦਿਨ ਹੈ। ਇਸ ਹਮਲੇ ਦੇ ਬਾਅਦ, ਪਰਮਾਣੂ ਹਥਿਆਰਾਂ ਦੀ ਦੌੜ ਨੇ ਦੂਸਰੇ ਵਿਸ਼ਵ ਯੁੱਧ ਦੇ ਅੰਤ ਦੇ ਬਾਵਜੂਦ ਵੀ ਸੰਸਾਰ ਨੂੰ ਇੱਕ ਨਵੀਂ ਦਿਸ਼ਾ ਵੱਲ ਸੇਧ ਦਿੱਤੀ। ਇਸ ਦਾ ਨਤੀਜਾ ਇਹ ਹੈ ਕਿ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਨੇ ਆਪਣੀਆਂ ਆਰਥਿਕਤਾਵਾਂ ਨੂੰ ਪਰਮਾਣੂ ਹਥਿਆਰਾਂ ਦੇ ਵਿਕਾਸ ਤੇ ਵਪਾਰ ਦੇ ਮੂਲ ਸੰਸਾਰਕ ਮੁੱਦਿਆਂ ਤੋਂ ਹਟਕੇ ਸਾਂਤ ਕਰਨ ਲਈ ਸਮਰਪਿਤ ਕੀਤਾ ਹੈ। ਇਸ ਤਰ੍ਹਾਂ, ਹੀਰੋਸ਼ੀਮਾ ਡੇਅ ਸਾਨੂੰ ਯਾਦ ਦਿਵਾਉਂਦਾ ਹੈ ਕਿ ਪਰਮਾਣੂ ਹਥਿਆਰਾਂ ਦਾ ਉਪਯੋਗ ਸਿਰਫ਼ ਤਬਾਹੀ ਅਤੇ ਬਰਬਾਦੀ ਹੀ ਲਿਆਉਂਦਾ ਹੈ। ਇਹ ਦਿਨ ਸਾਨੂੰ ਸਿਖਾਉਂਦਾ ਹੈ ਕਿ ਵਿਸ਼ਵ ਸ਼ਾਂਤੀ, ਸਹਿਯੋਗ ਅਤੇ ਅਹਿੰਸਾ ਦੇ ਸਿਧਾਂਤਾਂ ਨੂੰ ਮਾਨਤਾ ਦੇਣ ਦੀ ਮਹੱਤਤਾ ਹੈ, ਤਾਂ ਜੋ ਅਗਲੀ ਪੀੜ੍ਹੀਆਂ ਨੂੰ ਪਰਮਾਣੂ ਹਮਲਿਆਂ ਦੀਆਂ ਤਬਾਹਕਾਰੀ ਲਹਿਰਾਂ ਦਾ ਸਾਹਮਣਾ ਨਾ ਕਰਨਾ ਪਵੇ।

> ਅਮਰੀਕਾ ਵੱਲੋਂ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਤੇ ਇਹ ਹਮਲਾ, ਜਯਾਨ ਨੂੰ ਦੂਸਰੇ ਵਿਸ਼ਵ ਯੁੱਯ ਵਿਚ ਆਯਣੇ ਆਯ ਨੂੰ ਸਮਰਯਿਤ ਕਰਨ ਲਈ ਮਜਬੂਰ ਕਰਨ ਦੇ ਉਦੇਸ਼ ਨਾਲ ਕੀਤਾ ਗਿਆ ਸੀ। ਬੰਬਾਰੀ ਤੋਂ ਬਾਅਦ, ਸ਼ਹਿਰ ਦੀ ਆਬਾਦੀ ਨੂੰ ਬੇਹੱਦ ਵੀਰਾਨੀ ਅਤੇ ਤਬਾਹੀ ਦਾ ਸਾਹਮਣਾ ਕਰਨਾ ਯਿਆ। ਬੰਬ ਦੇ ਬੁਰੇ ਯ੍ਰਭਾਵ ਕਾਰਨ ਲੱਖਾਂ ਲੋਕ ਮੌਕੇ 'ਤੇ ਹੀ ਮਾਰੇ ਗਏ ਅਤੇ ਬੇਹਿਸਾਬ ਇਮਾਰਤਾਂ, ਜ਼ਮੀਨ ਅਤੇ ਮਾਨਵਸੰਯਦਾ ਨਸ਼ਟ ਹੋ ਗਈ। ਇਹ ਯਰਮਾਣੂ ਹਮਲਾ ਨਾ ਸਿਰਫ਼ ਆਮ ਜ਼ਿੰਦਗੀ ਨੂੰ ਬਰਬਾਦ ਕਰਨ ਵਾਲਾ ਸੀ, ਬਲਕਿ ਇਹ ਇੱਕ ਮਨੁੱਖੀ ਸੰਵੇਦਨਾਵਾਂ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦੇਣ ਵਾਲਾ ਅਨੁਭਵ ਵੀ ਸੀ।

# ਰੱਖੜੀ 'ਤੇ ਫੈਸਲਾ

## ਕੰਡੇ ਦਾ ਕੰਡਾ

-ਡਾ.ਅਮਰੀਕ ਸਿੰਘ ਕੰਡਾ
1764 ਗੁਰੂ ਰਾਮ ਦਾਸ ਨਗਰ ਨੈੜੇ
ਨੈਸ਼ਲੇ ਮੋਗਾ-142001 ਪੰਜਾਬ
98557-35666
ਪੰਜਾਬ ਮੇਲ USA





ਰੱਖੜੀ ਦਾ ਦਿਨ ਸੀ। ਭੈਣ ਭਰਾ ਦੇ ਰੱਖੜੀ ਬੰਨਣ ਆਈ। ਭੈਣ ਨੇ ਆਪਣੇ ਭਰਾ ਨੂੰ ਕਿਹਾ "ਵੀਰੇ ਮੈਨੂੰ ਇਸ ਰੱਖੜੀ 'ਤੇ ਤੇਰੇ ਕੋਲੋਂ ਇੱਕ ਬਚਨ ਚਾਹੀਦਾ ਹੈ। ਕੁੱਛ ਵੀ ਹੋ ਜਾਵੇ, ਤੂੰ ਬੇਬੇ-ਬਾਪੂ ਨੂੰ ਕਦੇ ਵੀ ਬਿਰਧ ਆਸ਼ਰਮ ਨਹੀਂ ਛੱਡੇਂਗਾ।" ਭਰਾ ਨੇ ਸੱਤ ਬਚਨ ਆਖਿਆ ਤੇ ਭੈਣ ਨੂੰ ਕਿਹਾ "ਭੈਣੇ ਮੈਂ ਤੇਰੇ ਕੋਲੋਂ ਇੱਕ ਬਚਨ ਮੰਗਦਾਂ ਹਾਂ ਕਿ ਤੂੰ ਕਦੇ ਵੀ ਆਪਣੀ ਸੱਸ ਸੁਹਰੇ ਨਾਲ ਨਹੀਂ ਲੜੇਂਗੀ ਤੇ ਕਦੇ ਅੱਡ ਨਹੀਂ ਹੋਵੇਂਗੀ।" ਭੈਣ ਨੇ ਸੱਤ ਬਚਨ ਕਿਹਾ। ਬੱਸ ਫੇਰ ਕੀ ਸੀ ਸਾਰੇ ਹਿੰਦੋਸਤਾਨ ਦੇ ਫੈਸਲੇ ਨੇ ਹਿੰਦੋਸਤਾਨ ਨੂੰ ਸਵਰਗ ਕਹਿਣ ਲੱਗ ਪਏ। ਸਾਰੇ ਬਿਰਧ ਆਸ਼ਰਮਾਂ ਨੂੰ ਬਾਗਾਂ ਤੇ ਖੇਡਾਂ ਦੇ ਮੈਦਾਨ ਬਣਾ ਦਿੱਤੇ। ਮੈਂ ਕਿਹਾ, ਵੇਖਿਆ ਇਹੋ ਜਿਹਾ ਸਵਰਗ, ਕਿਉਂ ਵੇਖਿਆ ਇਹੋ ਜਿਹਾ ਸਵਰਗ। ਮੈਂ ਤਾੜੀਆਂ ਮਾਰੀ ਜਾ ਰਿਹਾ, ਤਾਂ ਤਦੇ ਹੀ ਘਰਵਾਲੀ ਕਹਿੰਦੀ, ਕੀ ਸੁਪਨੇ 'ਚ ਤਾੜੀਆਂ ਮਾਰੀ ਜਾਂਦੇ, ਕਿਹੜਾ ਸਵਰਗ, ਉਠੋ ਸਵੇਰ ਹੋ ਗਈ ਕੰਮ 'ਤੇ ਨਹੀਂ ਜਾਣਾ ਅੱਜ।" ਮੈਂ ਤ੍ਰਿਭਕ ਕੇ ਉਠਿਆ, ਇਹ ਸੁਪਨਾ ਸੀ।

## ਜ਼ਿੰਦੜੀਏ !

ਸੁੰਨ ਸਮਾਧ 'ਚੋਂ ਸ਼ਕਤੀ ਜੰਮੇ, ਅਗੰਮ ਅਕਾਸ਼, ਪਤਾਲ ਬਣੇ।
ਸੂਰਜ, ਧਰਤੀ, ਚੰਨ, ਸਿਤਾਰੇ, ਸਗਲ ਸ੍ਰਿਸ਼ਟ ਬਿਕ੍ਰਾਲ ਬਣੇ।
ਪਾਣੀ ਵਿਚੋਂ ਜੀਵਨ ਪਨਪਦੈ, ਬਨਸਪਤੀ ਫਿਰ ਢਾਲ਼ ਬਣੇ।
ਬੀਤੇ ਸਨ ਬਹੁ ਯੁੱਗਾਂ ਦੇ ਯੁੱਗ, ਆਖ਼ਰ ਜੀਵ ਵਿਸ਼ਾਲ ਬਣੇ।

ਕੋਈ ਉਸਨੂੰ ਕਾਦਰ ਕਹਿੰਦੈ, ਜਾਂ ਆਖੇ ਸੱਚਾ ਸਿਰਜਣਹਾਰ।
ਅੱਲਾ, ਰਾਮ, ਰਹੀਮ, ਗੁਸਾਈਂ, ਬੋਲਦੈ ਸੱਚਾ ਪਰਵਰਦਿਗਾਰ।
ਪਰਮੇਸ਼ਰ, ਈਸ਼ਵਰ, ਭਗਵਾਨ, ਸਤਿਨਾਮੁ, ਵਾਹਿਗੁਰੂ, ਕਰਤਾਰ।
ਹੋਰ ਵੀ ਨਾਮ ਅਨੇਕਾਂ ਸੱਦਦੇ, ਪਰ ਸਭਦਾ ਸੱਚਾ ਬਖਸ਼ਣਹਾਰ।

ਸਦਾ ਰਿਹਾ ਜੰਗਲ ਦਾ ਵਾਸੀ, ਹਾਲੇ ਹੈ ਵਾਂਗ ਪਸ਼ੂ ਦੇ ਸੁਭਾਅ।
ਮਾੜੇ ਨੂੰ ਤਕੜਾ ਮਾਰ ਮੁਕਾਵੇ, ਟੱਲਦਾ ਨਹੀਂ ਸਭ ਕਰੇ ਗੁਨਾਹ।
ਹੱਕ ਦੂਜੇ ਦਾ ਖੋਹ ਖੋਹ ਖਾਵੇ, ਇਨਸਾਨੀਅਤ ਨੂੰ ਕਰੇ ਤਬਾਹ।
ਭਾਵੇਂ ਦੋ ਗਜ਼ ਧਰਤ ਬਥੇਰੀ, ਪਰ ਲੈਂਦਾ ਨਹੀਂ ਸੁੱਖ ਦਾ ਸਾਹ।

ਲਬ, ਲੋਭ, ਮੋਹ, ਮਾਇਆ ਤੇ, ਹੰਕਾਰ ਵਿਚ ਹੈ ਡਾਢਾ ਫੱਸਿਆ।
ਉੱਚੇ ਮਹਿਲ ਮੁਨਾਰੇ ਕਿੰਗਰੇ, ਭਰਮਾਂ ਵਿਚ ਹੈ ਪੂਰਾ ਗੁੱਸਿਆ।
ਬਹੁਤਾ ਚਿਰ ਜੀਣ ਦੇ ਸੁਫ਼ਨੇ, ਮੌਤ ਅੱਗੇ ਨਾ ਜਾਣਾ ਨੱਸਿਆ।
ਕਮਲਿਏ ਜਿੰਦੇ ਕੌੜਾ ਸੱਚ ਹੈ, ਅੱਜ ਤੁਰਿਆ ਜਾਂ ਕੱਲ੍ਹ ਵੱਸਿਆ।

ਮੋਢਿਆਂ ਉੱਤੋਂ ਬਹੁਤਾ ਨ ਥੁੱਕ, ਨਜ਼ਰ ਜਰਾ ਭੁੰਜੇ ਵੱਲ ਰੱਖਣਾ।
ਸ਼ੁਕਰਾਨਾ ਕਰਕੇ ਉਸ ਰੱਬ ਨੂੰ, ਬੇਸਹਾਰਿਆਂ ਦੇ ਵੱਲ ਤੱਕਣਾ।
ਦਾਨ ਪੁੰਨ ਥੋਹੜਾ ਹੱਥੋਂ ਕਰ ਲੈ, ਰਸ ਅਸੀਸਾਂ ਵਾਲਾ ਚੱਖਣਾ।
ਖਾਲੀ ਆਏ ਖਾਲੀ ਹੱਥ ਜਾਣਾ, ਪਛਤਾਵਾ ਕਾਹਤੋਂ ਹੈ ਰੱਖਣਾ ?

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲ USA

## ਅਮਰ ਸ਼ਹੀਦ ਊਧਮ ਸਿੰਘ ਦੀ ਵਾਰ

ਹੋਇਆ ਲੰਡਨ 'ਚ ਭਾਰੀ ਸੀ ਇਕੱਠ ਵਈ,
ਉੱਥੇ ਪਹੁੰਚੇ ਅੰਗਰੇਜ਼ ਫਟਾ-ਫਟ ਵਈ,
ਆਇਆ ਭੇਸ ਪਲਟਾਕੇ ਨਾ ਕਰੀ ਕੋਈ ਦੇਰ ਸੀ।
ਖੜ੍ਹਾ ਗਿੱਦੜਾਂ ਵਿਚਾਲੇ ਊਧਮ ਸਿਉਂ ਸ਼ੇਰ ਸੀ।

ਹਾਲ ਵਿਚ ਅਡਵੈਰ ਜਦੋਂ ਬੋਲਿਆ,
ਘੋੜਾ ਦੱਬਤਾ ਰਤਾ ਨਾ ਜੋਧਾ ਡੋਲਿਆ
ਕੀਤਾ ਜ਼ਖ਼ਮੀ ਸੀ ਨਾਲ ਲਾਰਡ ਜੈਟਲੈਂਡ ਨੂੰ।
ਅੱਜ ਰੱਖਤਾ ਹਿਲਾਕੇ ਸਾਰੇ ਇੰਗਲੈਂਡ ਨੂੰ।

ਕਾੜ ਕਾੜ ਜਦੋਂ ਚੱਲੀਆਂ ਸੀ ਗੋਲੀਆਂ,
ਮੱਚ ਗਈਆਂ ਹਾਲ ਵਿਚ ਚਾਂਗਾਂ ਰੌਲੀਆਂ,
ਲਿਆ ਬਦਲਾ ਮੈਂ ਕਹਿੰਦਾ ਜ਼ਲਿਆਂ ਦੇ ਬਾਗ ਦਾ।
ਖੜ੍ਹਾ ਹਾਲ 'ਚ ਅਡੋਲ ਗੱਭਰੂ ਪੰਜਾਬ ਦਾ।

ਇੱਕੀ ਸਾਲਾਂ ਤੋਂ ਕਹਿੰਦਾ ਮੈਂ ਵੈਰੀ ਮਾਰਿਆ,
ਮਾਰ ਵੈਰੀ ਨੂੰ ਕਲੇਜਾ ਅੱਜ ਠਾਰਿਆ,
ਗੋਡਾ ਹਿੱਕ ਉੱਤੇ ਧਰਕੇ ਜੈਕਾਰੇ ਮਾਰਦਾ।
ਇਨਕਲਾਬ-ਜ਼ਿੰਦਾਬਾਦ ਦੇ ਹੈ ਨਾਹਰੇ ਮਾਰਦਾ।

ਪਰੇ ਸੁੱਟਤਾ ਜਦੋਂ ਸੀ ਪਸਤੌਲ ਨੂੰ,
ਹੋਗੇ ਭੱਜਕੇ ਸਿਪਾਹੀ ਉਹਦੇ ਕੋਲ ਨੂੰ,
ਚੁੰਮ ਫਾਂਸੀ ਵਾਲਾ ਰੱਸਾ ਗਲੇ ਵਿਚ ਪਾ ਗਿਆ।
ਸੋਹਣੀ ਜਿੰਦ "ਮਲਕੀਤ" ਦੇਸ ਲੇਖੇ ਲਾ ਗਿਆ।

-ਮਲਕੀਤ ਸਿੰਘ ਗਿੱਲ ਭੱਠਲਾਂ
ਸੰਪਰਕ : 94174-90943



ਪੰਜਾਬ ਮੇਲ USA

## ਮਿੱਤਰਤਾ

ਬੱਦਲਾਂ ਨੇ ਫਿਰ ਕਿਣਮਿਣ ਲਾਈ।
ਜਦ ਮਿੱਤਰਤਾ ਰੂਹ ਵਿਚ ਛਾਈ।

ਮਿੱਤਰ ਉਹ ਜੋ ਦੇਵੇ ਨਾ ਧੋਖਾ।
ਮਿੱਤਰਤਾ ਦਾ ਮਾਣ ਹੈ ਚੋਖਾ।

ਔਕੜ ਵਿਚੋਂ ਮਿੱਤਰ ਬਚਾਵੇ।
ਹੋਰ ਕੋਈ ਫਿਰ ਕੰਮ ਨਾ ਆਵੇ।

ਸੁਆਰਥ ਵਾਲ਼ੀ ਹੋਏ ਨਾ ਯਾਰੀ।
ਕੀਮਤ ਦੇਣੀ ਪੈਂਦੀ ਭਾਰੀ।

ਚੰਗੇ ਮਿੱਤਰ ਕਿੱਥੇ ਮਿਲਦੇ।
ਜੀਹਨੂੰ ਹਾਲ ਸੁਣਾਵਾਂ ਦਿਲ ਦੇ।

ਜੋ ਮਿੱਤਰਾਂ 'ਤੇ ਮਾਣ ਕਰੇਂਦੇ।
ਸਾਹੀਂ ਸਾਹ ਉਨ੍ਹਾਂ ਵਿਚ ਲੈਂਦੇ।

ਦਿਵਸ ਮਿੱਤਰਤਾ ਜਦ ਵੀ ਆਉਂਦਾ।
'ਨਵ ਸੰਗੀਤ' ਹੈ ਨਗ਼ਮੇ ਗਾਉਂਦਾ।

-ਪ੍ਰੋ. ਨਵ ਸੰਗੀਤ ਸਿੰਘ, ਪਟਿਆਲਾ
94176-92015



ਪੰਜਾਬ ਮੇਲ USA

## ਮਹਿਕ ਸਾਉਣ ਦੀ (ਬੋਲੀਆਂ)

ਸਾਉਣ ਮਹੀਨਾ ਦਿਨ ਖੁਸ਼ੀਆਂ ਦਾ
ਮਾਹੀ, ਵੀਰਾ ਤੇ ਸਖੀਆਂ ਦਾ
ਇਹ ਮੌਕਾ ਖੁੰਝ ਨਾ ਜਾਵੇ
ਪੀਪਾ ਵੀ ਜਲਦੀ ਆਵੇ ਨੀ
ਜਦ ਵੀਰ ਸੰਧਾਰਾ ਲਿਆਵੇ ਨੀ।

ਘਟਾ ਕਾਲੀਆਂ ਅੰਬਰੀ ਛਾਈਆਂ
ਰਿਮ ਝਿਮ ਰਿਮ ਝਿਮ ਕਣੀਆਂ ਆਈਆਂ
ਰਲ ਮਿਲ ਕੁੜੀਆਂ ਤੀਆਂ ਲਾਈਆਂ
ਭਾਬੋ ਕਿਉਂ ਪਿੱਛੇ ਰਹਿੰਦੀ
ਨਿੰਮ ਦੇ ਟਾਹਣੇ 'ਤੇ ਪੀਘ ਹੁਲਾਰੇ ਲੈਂਦੀ

ਨੂੰਹਾਂ ਸਜਣ ਫਬਣ ਵਿਚ ਰੁੱਝੀਆਂ
ਕਰਨ ਸ਼ਰਾਰਤ ਉਮਰੋਂ ਗੁੱਝੀਆਂ
ਭੂਆ ਕਿਉਂ ਰੁੱਸ-ਰੁੱਸ ਬਹਿੰਦੀ
ਜ਼ਿੰਦਗੀ ਦੀਆਂ ਮੌਜਾਂ ਮਾਣੀਏ
ਇਹ ਉਮਰ ਸਦਾ ਨਹੀਂ ਰਹਿਣੀ

ਖੀਰ ਪੂੜੇ ਨਾਲੇ ਤਲਣ ਪਕੌੜੇ
ਕੱਲੀ ਮਾਂ ਚੌਕੇ ਬੈਠੀ ਝੂਰੇ
ਭੁੱਖ ਲੱਗੀ ਬਾਪੂ ਪਿਆ ਘੂਰੇ
ਨਾ ਰਤਾ, ਸਮਝ ਕਿਸੇ ਨੂੰ ਪੈਂਦੀ
ਸੱਚੀਆਂ ਗੱਲਾਂ ਨੇ, ਰੌਣਕ ਚੰਗੀ ਰਹਿੰਦੀ

ਧਾਲੀਵਾਲ ਇਹ ਰੰਗ ਪੰਜਾਬ ਦੇ
ਇਨ੍ਹਾਂ ਵਾਜ ਨਾ ਪੂਰੀ ਪੈਂਦੀ
ਰਹਿੰਦੇ ਭਾਵੇਂ ਵਿਚ ਕੈਨੇਡਾ
ਰੂਹ ਪਿੰਡ ਦੀ ਜੂਹ ਵਿਚ ਰਹਿੰਦੀ
ਵਿਰਸੇ ਦੇ ਰੰਗ ਮਾਣ ਲਾਓ
ਇਹ ਮਹਿਕ ਸਾਉਣ ਦੀ ਕਹਿੰਦੀ

-ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ੍ਹ
ਮੋ : 78374-90309
Adv.dhaliwal@gmail.com



ਪੰਜਾਬ ਮੇਲ USA

## ਗੀਤ

### ਡੂੰਘੇ ਕੀਰਨੇ ਪਾਏ ਨੇ ਪੰਜਾਂ ਪਾਣੀਆਂ....

ਹੋਈਆਂ ਰਾਜਨੀਤੀ ਸਿਰ ਲੱਖ ਲਾਹਨਤਾਂ,
ਵੱਢੇ ਵੀਰਾਂ ਹੱਥੋਂ ਗਏ ਜਦੋਂ ਵੀਰ ਨੇ।
ਡੂੰਘੇ ਕੀਰਨੇ ਪਾਏ ਨੇ ਪੰਜਾਂ ਪਾਣੀਆਂ,
ਜਦੋਂ ਵੱਖ ਕੀਤੇ ਬਾਘੇ ਦੀ ਲਕੀਰ ਨੇ।

1. ਰਹਿੰਦੇ ਸਦੀਆਂ ਤੋਂ ਕੱਠੇ ਇੱਕੋ ਥਾਂ 'ਤੇ,
ਦੁੱਖਾਂ-ਸੁੱਖਾਂ ਵਿਚ ਬਣ ਭਾਈਵਾਲ ਜੀ।
ਸਾਂਝ ਦਿਲਾਂ ਵਾਲੀ ਕਿਸ ਨੇ ਮਿਟਾ ਦਿੱਤੀ,
ਪਲ ਭਰ ਲਈ ਵੀ ਆਇਆ ਨਾ ਖਿਆਲ ਜੀ।
ਕਿੱਦਾਂ ਨਫਰਤ ਘੁਲੀ ਸਾਰੇ ਖ਼ੂਨ 'ਚ,
ਜ਼ਹਿਰ ਛੱਡਿਆ ਅਜਿਹੇ ਕਿਹੜੇ ਤੀਰ ਨੇ ?
ਡੂੰਘੇ ਕੀਰਨੇ ਪਾਏ ਨੇ ਪੰਜਾਂ ਪਾਣੀਆਂ,.........

2. ਸਾਡੇ ਸਾਂਝੇ ਸਨ ਮੰਦਰਾਂ ਮਸੀਤਾਂ ਵੀ,
ਸਾਡੇ ਸਾਂਝੇ ਹੀ ਸੀ ਗੁਰੂ ਦੇ ਦੁਆਰ ਵੀ।
ਅੱਲਾ ਰਾਮ ਤੇ ਵਾਹਿਗੁਰੂ ਵੀ ਸਾਂਝੇ ਸੀ,
ਸਾਂਝਾ ਸਾਰਿਆਂ ਲਈ ਹੈ ਸੀ ਸਤਿਕਾਰ ਵੀ।
ਜਿਹੜੇ ਰੁੱਖਾਂ ਨੂੰ ਸੀ ਆਪ ਹੱਥੀਂ ਬੀਜਿਆ,
ਕਿਹੜੀ ਗੱਲੋਂ ਸਾਨੂੰ ਪੈ ਗਏ ਉਹ ਚੀਰਨੇ ?
ਡੂੰਘੇ ਕੀਰਨੇ ਪਾਏ ਨੇ ਪੰਜਾਂ ਪਾਣੀਆਂ,.... .... ...

3. ਸੋਚਾਂ ਵਿਚ ਸੀ ਭੁਚਾਲ ਕੇਹਾ ਆ ਗਿਆ,
ਸਾਰੇ ਲੀਡਰਾਂ ਦੀ ਬੋਲੀ ਪਏ ਬੋਲਦੇ।
ਹਿੰਦੂ, ਸਿੱਖ ਤੇ ਮੁਸਲਮਾਨ ਸਾਰੇ ਹੀ,
ਕਾਹਤੋਂ ਮਜ਼ਹਬਾਂ ਦੀ ਤੱਕੜੀ 'ਚ ਤੋਲਦੇ ?
ਸਾਡੀ ਮੱਤ ਤਾਈਂ ਐਸਾ ਕਿਸ ਕੀਲਿਆ,
ਸਾਨੂੰ ਰੋਕਿਆ ਨਾ ਸਾਡੀ ਹੀ ਜ਼ਮੀਰ ਨੇ।
ਡੂੰਘੇ ਕੀਰਨੇ ਪਾਏ ਨੇ ਪੰਜਾਂ ਪਾਣੀਆਂ,.... .... ...

4. ਨਾਮ ਰੱਬ ਦਾ ਲੈ ਲੈ ਕੇ ਰਹੇ ਖੇਡਦੇ,
ਵੀਰ, ਵੀਰਾਂ ਦੇ ਹੀ ਖ਼ੂਨ ਨਾਲ ਹੋਲੀ ਜੀ।
ਜੀਹਨਾਂ ਭੈਣਾਂ ਪਿੱਛੇ ਜਿੰਦ ਵਾਰ ਦਿੰਦੇ ਸੀ,
ਪੱਤ ਉਨ੍ਹਾਂ ਦੀ ਬਜ਼ਾਰ ਵਿਚ ਰੋਲੀ ਜੀ।
ਕਿਤੇ ਟਾਕੂਏ ਤੇ ਛਵੀਆਂ ਨੇ ਚੱਲੀਆਂ,
ਕਿਤੇ ਵੱਢ-ਟੁੱਕ ਕੀਤੀ ਸ਼ਮਸ਼ੀਰ ਨੇ।
ਡੂੰਘੇ ਕੀਰਨੇ ਪਾਏ ਨੇ ਪੰਜਾਂ ਪਾਣੀਆਂ,.... .... ...

5. ਮਾਵਾਂ ਦੇਖ ਰਹੀਆਂ ਪੁੱਤ ਸਾਹਵੇਂ ਲੁੱਛਦੇ,
ਹੋਈਆਂ ਲੱਖਾਂ ਹੀ ਸੋਹਾਗਣਾਂ ਨੇ ਰੰਡੀਆਂ।
ਕਿਤੇ ਹਾਕਮ ਏ ਦੂਰ ਬੈਠਾ ਹੱਸਦਾ,
ਚਾਲ ਚੱਲ ਕੇ ਤੇ ਪਾਈਆਂ ਜਿਸ ਵੰਡੀਆਂ।
ਘਰ ਵੱਸਦੇ ਜਾਂ ਬਣ ਗਏ ਉਜਾੜ ਸੀ,
ਹੰਝੂ ਕੇਰੇ ਉਦੋਂ ਜੰਡ ਤੇ ਕਰੀਰ ਨੇ।
ਡੂੰਘੇ ਕੀਰਨੇ ਪਾਏ ਨੇ ਪੰਜਾਂ ਪਾਣੀਆਂ,.... .... ...

6. ਸੁਣੀ ਵੇਦਨਾ ਨਾ ਵਾਰਸ ਦੀ ਹੀਰ ਦੀ,
ਕਿਉਂ ਟੁੰਬਿਆ ਨਾ ਨਾਨਕ ਦੀ ਬਾਣੀ ਨੇ ?
ਜਾਲ਼ ਜਾਣਿਆ ਨਾ ਮੱਛੀ ਉੱਥੇ ਫਸ ਗਈ,
ਜਿਹੜਾ ਤਾਣਿਆ ਸੀ ਸ਼ਾਤਰਾਂ ਦੀ ਢਾਣੀ ਨੇ।
ਸਾਡੀ ਰੂਹ ਨਾ "ਰੁਪਾਲ" ਵੰਡੀ ਜਾਵਣੀ,
ਭਾਵੇਂ ਵੰਡ ਦਿੱਤੇ ਗਏ ਇਹ ਸਰੀਰ ਨੇ।
ਡੂੰਘੇ ਕੀਰਨੇ ਪਾਏ ਨੇ ਪੰਜਾਂ ਪਾਣੀਆਂ,.... .... ...

-ਜਸਵਿੰਦਰ ਸਿੰਘ "ਰੁਪਾਲ", ਕੈਲਗਰੀ
98147-15796



ਪੰਜਾਬ ਮੇਲ USA





# Gurjatinder S. Randhawa

REALTOR CA DRE licence # 01490567

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa

916-320-9444





Gurjatinder S. Randhawa

REALTOR CA DRE licence # 01490567

web: www.RealtorRandhawa.com

garysingh123@yahoo.com